ਹੱਕ, ਸੱਚ, ਇਨਸਾਫ਼ ਅਤੇ ਮਨੁੱਖਤਾ ਲਈ ਲੜ ਰਹੇ ਲੋਕ ਕਿਤੇ ਵੀ ਹੋਣ ਉਹ ਸਾਡੇ ਲੋਕ ਹਨ

# ਸਾਡੇ ਲੋਕ

SADE LOK

sadelok.com

16-22 ਅਗਸਤ 2023

ਸਾਲ 14ਵਾਂ - ਅੰਕ 34

email : info@sadelok.com

Ph. : 510-706-1300


Fax : 925-373-1300

## ਭਾਰਤ ਨੇ ਏਸ਼ੀਅਨ ਚੈਂਪੀਅਨਜ਼ ਟਰਾਫੀ ਜਿੱਤੀ, ਪੂਰੇ ਟੂਰਨਾਮੈਂਟ ਵਿਚ ਸਿੰਘ ਸਿੰਘ ਸਿੰਘ ਹੁੰਦੀ ਰਹੀ



(ਦੇਖੋ ਸਫ਼ਾ 26 'ਤੇ)

## ਭਾਰਤੀ ਦੂਤਾਵਾਸ ਡਾ. ਕੇ ਸਰੀਕਰ ਰੈਡੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਹੋਏ ਨਤਮਸਤਕ, ਐਸਜੀਪੀਸੀ ਵਲੋਂ ਸਨਮਾਨਿਤ



28

## ਪੰਜਾਬ 'ਚ ਮੁੜ ਹੜ੍ਹ ਆਉਣ ਦਾ ਖ਼ਤਰਾ



21

## ਦੇਸ਼ ਅਜ਼ਾਦ ਕਰਾਉਣ 'ਚ ਪੰਜਾਬੀਆਂ ਦੀ ਵੱਡੀ ਭੂਮਿਕਾ : ਭਗਵੰਤ ਮਾਨ



18

# Hawaii ਭਿਆਨਕ ਅੱਗ ਦੀ ਲਪੇਟ 'ਚ ਮ੍ਰਿਤਕਾਂ ਦੀ ਗਿਣਤੀ 100 ਤੋਂ ਪਾਰ



(ਫੋਟੋ : ਧੰਨਵਾਦ ਸਹਿਤ ਸੋਸ਼ਲ ਮੀਡੀਆ)

ਹਵਾਈ : ਅਮਰੀਕਾ ਦੇ ਹਵਾਈ ਸੂਬੇ ਦੇ ਮਾਉਈ ਦੇ ਜੰਗਲਾਂ ਵਿਚ ਲੱਗੀ ਅੱਗ ਕਾਰਨ ਮਰਨ ਵਾਲਿਆਂ ਦੀ ਗਿਣਤੀ 100 ਤੋਂ ਪਾਰ ਹੋ ਗਈ ਹੈ। ਬਚਾਅ ਟੀਮਾਂ ਨੇ ਆਸਪਾਸ ਦੇ ਇਲਾਕਿਆਂ 'ਚ ਹੋਰ ਲਾਸ਼ਾਂ ਦੀ ਭਾਲ ਤੇਜ਼ ਕਰ ਦਿੱਤੀ ਹੈ। ਗਵਰਨਰ ਜੋਸ਼ ਗ੍ਰੀਨ ਨੇ ਕਿਹਾ ਕਿ ਮਰਨ ਵਾਲਿਆਂ ਦੀ ਗਿਣਤੀ 99 ਤੋਂ ਵੱਧ ਕੇ 106 ਹੋ ਗਈ ਹੈ। ਯੂ.ਐੱਸ ਡਿਪਾਰਟਮੈਂਟ ਆਫ਼ ਹੈਲਥ ਐਂਡ ਹਿਊਮਨ ਸਰਵਿਸਿਜ਼ ਨੇ ਮ੍ਰਿਤਕਾਂ ਦੀ ਪਛਾਣ ਕਰਨ ਲਈ ਪੈਥੋਲੋਜਿਸਟ ਅਤੇ ਟੈਕਨੀਸ਼ੀਅਨ ਨੂੰ ਉਪਕਰਣਾਂ ਨਾਲ ਤਾਇਨਾਤ ਕੀਤਾ ਹੈ। ਰਾਸ਼ਟਰਪਤੀ ਜੋਅ ਬਾਈਡੇਨ ਨੇ ਮੰਗਲਵਾਰ ਨੂੰ ਕਿਹਾ ਕਿ ਉਹ ਅਤੇ ਫਸਟ ਲੇਡੀ ਜਿਲ ਬਾਈਡੇਨ 'ਜਿੰਨੀ ਜਲਦੀ ਹੋ ਸਕੇ' ਹਵਾਈ ਦਾ ਦੌਰਾ ਕਰਨਗੇ, ਪਰ ਉਨ੍ਹਾਂ ਨੇ ਕਿਹਾ ਕਿ

(ਦੇਖੋ ਸਫ਼ਾ 6 'ਤੇ)

# ਅਕਾਲ ਤਖਤ 'ਤੇ ਹਮਲਾ 'ਇਤਿਹਾਸਕ ਗਲਤੀ' ਸੀ

## ਸ੍ਰੀ ਦਰਬਾਰ ਸਾਹਿਬ 'ਤੇ ਫੌਜੀ ਹਮਲੇ ਦੀ ਨਿੰਦਾ ਕਰਨ ਵਾਲੇ ਸ੍ਰੀ ਨਰਿੰਦਰ ਮੋਦੀ ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ



ਨਵੀਂ ਦਿੱਲੀ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਮੰਗਲਵਾਰ ਨੂੰ ਦੇਸ਼ ਦੇ 77ਵੇਂ ਆਜ਼ਾਦੀ ਦਿਹਾੜੇ ਮੌਕੇ ਇਤਿਹਾਸਕ ਲਾਲ ਕਿਲ੍ਹੇ ਦੀ ਪਰਿਕਰਮਾ ਤੋਂ ਕਰੀਬ 90 ਮਿੰਟ ਤੱਕ ਦੇਸ਼ ਨੂੰ ਸੰਬੋਧਿਤ ਕੀਤਾ, ਜੋ ਪ੍ਰਧਾਨ ਮੰਤਰੀ ਦੇ ਰੂਪ 'ਚ ਦੇਸ਼ ਦੇ ਨਾਂ ਉਨ੍ਹਾਂ ਦਾ 10ਵਾਂ ਸੰਬੋਧਨ ਸੀ। 2016 ਵਿਚ ਪ੍ਰਧਾਨ ਮੰਤਰੀ ਨੇ ਲਾਲ ਕਿਲ੍ਹੇ ਦੀ ਇਸ ਪਰਿਕਰਮਾ ਤੋਂ 96 ਮਿੰਟ ਦਾ ਭਾਸ਼ਣ ਦਿੱਤਾ ਸੀ, ਜੋ ਉਨ੍ਹਾਂ ਦਾ ਆਜ਼ਾਦੀ ਦਿਹਾੜੇ ਮੌਕੇ ਸਭ ਤੋਂ ਲੰਬਾ ਭਾਸ਼ਣ ਹੈ। ਸਾਲ 2019 'ਚ ਆਜ਼ਾਦੀ ਦਿਹਾੜੇ ਮੌਕੇ ਉਨ੍ਹਾਂ ਦਾ ਭਾਸ਼ਣ 92 ਮਿੰਟ ਦਾ ਸੀ। ਪਿਛਲੇ ਸਾਲ ਆਜ਼ਾਦੀ

(ਦੇਖੋ ਸਫ਼ਾ 10 'ਤੇ)

## ਪੂਰੇ ਭਾਰਤ 'ਚ ਵਜਦੇ ਬਾਜੇ ਤੂਤੀਆਂ ਦੀਆਂ ਅਵਾਜ਼ਾਂ ਨਾਲੋਂ 10 ਲੱਖ ਪੰਜਾਬੀਆਂ ਦੇ ਹਾਉਂਕੇ ਦੀਆਂ ਅਵਾਜ਼ਾਂ ਕਿਤੇ ਜ਼ਿਆਦਾ ਉੱਚੀਆਂ ਸੁਣਦੀਆਂ ਹਨ : ਜਥੇਦਾਰ ਗਿਆਨੀ ਹਰਪ੍ਰੀਤ ਸਿੰਘ



ਅੰਮ੍ਰਿਤਸਰ, (ਸਾਡੇ ਲੋਕ) : 15 ਅਗਸਤ ਉਪਰ ਕੌਮ ਦੇ ਨਾਮ ਸੰਦੇਸ਼ ਜਾਰੀ ਕਰਦਿਆਂ ਜਥੇਦਾਰ ਸਾਹਿਬ ਨੇ ਇਸਨੂੰ ਇੱਕ ਸਦੀਵੀ ਵਿਛੋੜੇ ਦੀ ਪੀੜ ਦਾ ਦਿਨ ਦੱਸਿਆ। ਜਥੇਦਾਰ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਅੱਜ ਨਨਕਾਣਾ ਸਾਹਿਬ ਦੇ ਵਿਛੋੜੇ ਦੀ ਪੀੜ ਦਾ ਦਿਨ ਹੈ। ਅੱਜ ਦੇ ਦਿਨ ਪੰਜਾ ਸਾਹਿਬ ਦੇ ਸਰੋਵਰ 'ਚ ਵਗਦੇ ਨਿਰਮਲ ਜਲ 'ਚ ਇਸ਼ਨਾਨ ਤੋਂ ਮਹਿਰੂਮ ਹੋਣ ਦਾ ਦਿਨ ਹੈ। ਅੱਜ ਦੇ ਦਿਨ, ਪੂਰੇ



ਭਾਰਤ 'ਚ ਵਜਦੇ ਬਾਜੇ ਤੂਤੀਆਂ ਦੀਆਂ ਅਵਾਜ਼ਾਂ ਨਾਲੋਂ 10 ਲੱਖ ਪੰਜਾਬੀਆਂ ਦੇ ਹਾਉਂਕੇ ਦੀਆਂ ਅਵਾਜ਼ਾਂ ਕਿਤੇ ਜ਼ਿਆਦਾ ਉੱਚੀਆਂ ਸੁਣਦੀਆਂ ਹਨ।

ਸਿਰਫ ਉਨ੍ਹਾਂ ਨੂੰ ਜਿਨ੍ਹਾਂ ਨੂੰ ਗੁਰਧਾਮਾਂ ਤੋਂ ਵਿਛੋੜੇ ਦੀ ਪੀੜ ਦਾ ਅਹਿਸਾਸ ਹੈ ਤੇ

(ਦੇਖੋ ਸਫ਼ਾ 28 'ਤੇ)

Padam Builders

ਅਸੀਂ ਘਰ, ਗੈਸ ਸਟੇਸ਼ਨ, ਮੌਲ, ਸ਼ੋਮਰੂਮ ਅਤੇ ਹਰ ਤਰ੍ਹਾਂ ਦੀ ਕੰਸਟਰਕਸ਼ਨ ਦਾ ਕੰਮ foundation ਤੋਂ ਲੈ ਕੇ ਮੁਕੰਮਲ ਹੋਣ ਤੱਕ ਕਰਦੇ ਹਾਂ।

ਸਾਡੇ ਕੰਮ ਦੀ 100 ਪ੍ਰਤੀਸ਼ਤ ਗਰੰਟੀ

email:padambuilders@gmail.com

Licensed # 1019803

Bhupinder S. Padam

PH : 510-565-6667

Jaspreet Singh

Attorney at law

ਅਮਰੀਕਾ 'ਚ ਕਾਨੂੰਨੀ ਸਹਾਇਤਾ ਲਈ ਭਰੋਸੇਯੋਗ ਨਾਮ

ਇਮੀਗ੍ਰੇਸ਼ਨ, ਬੈਂਕਰਪਸੀ, ਫੈਮਿਲੀ ਲਾਅ

Over 18 Years of Legal Experience

Specializes in :
- USA Immigration
- Citizenship
- Green Card
- Deportation Defense
- PoliticalAsylum
- Detentaion Cases
- Artists
- Singers P3 Visas
- Priest R1 Visas
- Investors EB 5 Visas
- L1 Business Visas
- Family Law
- Criminal Defense Cases

44808 S. Grimmer Blvd.# 208 Fremont, CA 94538 Tel : 510-657-6444

2951 W. Capitol Ave. W. Sacramento CA 95691

4491 West Shaw Ave.#131 Fresno, CA 93711 Tel : 559-271-5511

37-1873 Street Suite #401, Jackson Heights NY 11372 Tel : 718-533-844

Khalsa Affairs

ਖਾਲਸਾ ਅਫੇਅਰਜ਼ ਚੈਨਲ 'ਤੇ ਇਸ਼ਤਿਹਾਰ ਦੇਣ ਜਾਂ ਲਾਈਵ ਕਵਰੇਜ਼ ਲਈ ਸੰਪਰਕ ਕਰੋ

www.khalsaaffairs.com

510-706-1300

Bhatia & Co, Inc

Certified Public Accountants

Our Services :
- Business Tax (C crop/S corp/LLC etc)
- Individual Tax
- Estate Tax
- Internation Tax (FBAR/FATCA/5471/5472 etc)
- Non-Profit entities
- (Formation,IRS,FTB&DOJ approval)
- Accounting & Payroll
- Sales & Other Taxes
- Financial Audit & Review
- Tax Audit & Representation (IRS/FTB/BOE etc)
- Collection, Lien & Back Taxes
- Offer in Compromise

Santa Clara • Pleasanton • Merced

(844) 4USTAX (209)-354-8696

info@bhatiaco.com,www.bhatiaco.com

Bhatia Law Associates

Attorney at Law

Immigration and Business Services

IMMIGRATION

Immigrant Visas (Green Card)
- Green Card : Employment based/PERM/NIW
- Green Card : Family based
- Green Card through refugee or asylee
- Green Card : Investor & other categories PERM

Nonimmigrant Visas
- Fiancee visas
- H1/L1/H4/L2/NAFTA TN/E2/E3
- Student Visa
- B-1/B-2 Visitor Visas and
- Other Categories of nonimmigrant visas

Other Immigrantion Services
- Citizenship
- e-Verify, 1-9 and
- Other Compliance Other service -B-1/B-2 Visitor Visasextension and other Services

Santa Clara-Pleasanton-Merced

(844) 4USATAX (209)-354-8696

info@bhatiaco.com,www.Smoothimmigration.com

ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕ ਛੱਤ ਥੱਲੇ

- ਪੋਲੀਟੀਕਲ ਅਸਾਈਲਮ • ਡਿਪ੍ਰੋਟੇਸ਼ਨ ਡਿਫੈਂਸ
- BIA ਅਪੀਲ • 9 Circuit ਅਪੀਲ
- ਸਿਟੀਜਨਸ਼ਿਪ • ਗਰੀਨਕਾਰਡ

ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕੋ ਛੱਤ ਥੱਲੇ

ਸ. ਹਰਮਿੰਦਰ ਸਿੰਘ ਸਮਾਣਾ

ਆਫਿਸ ਮੈਨੇਜਰ 209-481-7750

Law office of Anthony Nwosu

239 West Yosemite Ave Manteca CA 95336 ਸਾਡਾ ਆਫ਼ਿਸ Oakland ਅਤੇ Sacramento ਵਿਚ ਵੀ ਹੈ

ਅਸੀਂ ਇਮੀਗ੍ਰੇਸ਼ਨ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।

PH: 209-624-3919

Anthony Nwosu Attorney at Law 510-788-4558

# Valley Real Estate Center



Better Deal will be given from New Builders to Book New home in Mountain House, Tracy, Manteca and lathrop


ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

For agriculture and almond Farm, office building, Farm House and for Truck Yard in Tracy, Manteca, Lathrop and Stockton

## Listing

Total 35.5 Young Three Years old Tree Padre and Nonpareil Variety. With Riparian Right From the San Joaquin River. With a Single Family Small Home, IT's Very Desirable Property





Property Address : 27022 River Roadm, Newman CA 95260.

## RANJIT SINGH

VALLEY REAL ESTATE CENTER (OFFICE LIC.: 01392267)

68 E 11TH STREET STE 109, TRACY, CA 95376

OFFICE : 209-956-1000 CELL : 408-355-5700, GBSINGH84@GMAIL.COM

# ਕੈਲੇਫੋਰਨੀਆ, ਨਿਊਵਰਕ ਵਿਖੇ ਸ਼ਹੀਦ ਭਾਈ ਹਰਮਿੰਦਰ ਸਿੰਘ ਸੰਧੂ 'ਤੇ ਲਿਖੀ ਕਿਤਾਬ ਰਲੀਜ਼ ਕਰਨ ਸਮੇਂ ਵੱਖ ਵੱਖ ਸ਼ਖਸ਼ਿਅਤਾ ਨੇ ਕੀਤੀ ਸ਼ਮੂਲੀਅਤ





ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ) ਕੈਲੇਫੋਰਨੀਆ ਦੇ ਸ਼ਹਿਰ ਨਿਊਵਰਕ ਦੇ ਹੋਟਲ ਵੈਡੰਮ ਗਾਰਡਨ ਵਿਖੇ ਸ਼ਹੀਦ ਭਾਈ ਹਰਮਿੰਦਰ ਸਿੰਘ ਸੰਧੂ ਦੇ ਜੀਵਨ ਅਤੇ ਸ਼ਹੀਦੀ ਤੇ ਭਾਈ ਬਲਜੀਤ ਸਿੰਘ ਖ਼ਾਲਸਾ ਹੋਰਾਂ ਦੀ ਲਿਖੀ ਕਿਤਾਬ "ਰੌਸ਼ਨ ਦਿਮਾਗ਼ ਭਾਈ ਹਰਮਿੰਦਰ ਸਿੰਘ ਸੰਧੂ" ਰਲੀਜ ਕੀਤੀ ਗਈ ਇਸ ਰਲੀਜ ਸਮਾਰੋਹ ਵਿੱਚ ਦੂਰੋਂ ਨੇੜਿਓਂ ਵੱਖ ਵੱਖ ਸਖਸ਼ੀਅਤਾਂ ਨੇ ਭਰਵੀਂ ਹਾਜਰੀ ਭਰੀ ਜਿਨ੍ਹਾਂ 'ਚ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਕੈਲੇਫੋਰਨੀਆਂ, ਸਿੱਖ ਸੰਗਤ ਬੇ ਏਰੀਆ , ਸਿੱਖਜ ਫਾਰ ਜਸਟਿਸ, ਗੁਰਦਵਾਰਾ ਸਾਹਿਬ ਸੈਨ ਹੋਜੇ ਕਮੇਟੀ, ਗੁਰਦਵਾਰਾ ਸਾਹਿਬ ਹੇਵਰਡ ਕਮੇਟੀ ਤੋਂ ਇਲਾਵਾ ਸ਼ਹੀਦ ਪਰਿਵਾਰਾਂ ਅਤੇ ਫੈਡਰੇਸ਼ਨ ਦੀ ਪ੍ਰਜੀਡੀਅਮ ਮੈਂਬਰ ਸਵਰਗਵਾਸੀ ਭਾਈ ਸਤਵਿੰਦਰ ਸਿੰਘ ਭੋਲ ?ਾ ਦੇ ਬੱਚੇ ਅਤੇ ਸੁਪਤਨੀ ਨੇ ਸ਼ਮੂਲੀਅਤ ਕੀਤੀ। ਇਸ ਸਮਾਗਮ ਦੋਰਾਨ ਬੁਲਾਰਿਆ ਨੇ ਕਿਤਾਬ ਦੀ ਲੋੜ ਕਿਉ ਅਤੇ ਭਰਾ ਮਾਰੂ ਮੁਹਿੰਮ ਤੇ ਵਿਚਾਰ ਰੱਖੇ ਬੁਲਾਰਿਆ ਵਿੱਚ ਪ੍ਰੀਤਮ ਸਿੰਘ ਜੋਗਾ ਨੰਗਲ ਮਹੇਸ਼ਇੰਦਰ ਸਿੰਘ ਗੁਲਾਬਗੜ ਓਸ ਸਮੇਂ ਦੇ ਫੈਡਰੇਸ਼ਨ ਦੇ ਦਫ਼ਤਰ ਸਕੱਤਰ ਸਾਬੀ ਸਿੰਘ ਸਿੱਖ ਫਾਰ ਜਸਟਿਸ ਜਰਨੈਲ ਸਿੰਘ ਸਟਾਕਟਨ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਪਰਮਜੀਤ ਸਿੰਘ ਦਾਖਾ ਰੁਪਿੰਦਰ ਸਿੰਘ ਟਿਵਾਣਾ ਲਖਵੀਰ ਸਿੰਘ ਪਟਵਾਰੀ ਸਿੱਖ ਫਾਰ ਜਸਟਿਸ ਗੁਰਚਰਨ ਸਿੰਘ ਮਾਨ ਸਿੱਖ ਸੰਗਤ ਬੇ ਏਰੀਆ ਤੇਜਿੰਦਰ ਸਿੰਘ ਰੰਧਾਵਾ ਫਰੈਜਨੋ ਅਤੇ ਉੱਘੇ ਸਿੱਖ ਆਗੂ ਭਾਈ ਗੁਰਮੀਤ ਸਿੰਘ ਖ਼ਾਲਸਾ ਹੋਰਾਂ ਨੇ ਸੰਬੋਧਨ ਕੀਤਾ। ਇਸ ਉਪਰੰਤ ਬੀਬੀ ਸਰਵਰਿੰਦਰ ਕੌਰ ਸੁਪਤਨੀ ਭਾਈ ਸਤਵਿੰਦਰ ਸਿੰਘ ਭੋਲਾ ਅਤੇ ਸ਼ਹੀਦ ਸ਼ਮਸ਼ੇਰ ਸਿੰਘ ਮੂੰਡਖੇੜਾ ਦੇ ਬੇਟੇ ਨੂੰ ਪਤਵੰਤਿਆਂ ਵੱਲੋਂ ਕਿਤਾਬ ਭੇਟ ਕੀਤੀ ਗਈ ਇਸ ਸਮਾਗਮ ਤੇ ਸਰੋਮਣੀ ਅਕਾਲੀ ਦਲ ਅਮ੍ਰਿਤਸਰ ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਦਾ ਕਿਤਾਬ ਸੰਬੰਧੀ ਵੀਡੀਓ ਸੰਦੇਸ਼ ਅਤੇ ਕਿਤਾਬ ਦੇ ਲੇਖਕ ਦਾ ਸੰਗਤਾਂ ਦੇ ਨਾਮ ਵੀਡੀਓ ਸੰਦੇਸ਼ ਵੀ ਸੰਗਤਾਂ ਨੇ ਸੁਣਿਆ। ਸੰਗਤਾਂ ਨੇ ਇਸ ਮੌਕੇ ਸੰਗਤਾਂ ਦੇ ਕਿਤਾਬਾਂ ਦੀ ਖ਼ਰੀਦਣ ਤੋਂ ਸਾਫ ਦਿਸਦਾ ਸੀ ਕਿ ਜੋ ਪਿਆਰ ਭਾਈ ਸੰਧੂ ਨੂੰ ਓਹਦੇ ਇਸ ਧਰਤੀ ਤੋਂ ਚੱਲੇ ਜਾਣ ਤੋਂ ਤਿੰਨ ਦਹਾਕੇ ਬਾਅਦ ਵੀ ਮਿਲ ਰਿਹਾ ਓਹ ਪਿਆਰ ਦਰਸਾਉਂਦਾ ਸੀ ਕਿ ਭਾਈ ਸੰਧੂ ਸ਼ਹੀਦੀ ਤੋਂ ਪਹਿਲਾਂ ਲੋਕਾਂ ਚ ਕਿੰਨੀ ਹਰਮਨ ਪਿਆਰਤਾ ਹੋਵੇਗੀ। ਪ੍ਰਬੰਧਕਾਂ ਨੇ ਦੱਸਿਆ ਕਿ ਅਜਿਹੇ ਸਮਾਗਮ ਕੈਲੇਫੋਰਨੀਆ ਵਿੱਚ ਆਉਣ ਵਾਲੇ ਦਿਨਾਂ ਚ ਹੋਰ ਵੀ ਕੀਤੇ ਜਾਣਗੇ।

## ਗੱਤਕਾ ਫੈਡਰੇਸ਼ਨ ਯੂ.ਐਸ.ਏ. ਵੱਲੋਂ ਪ੍ਰਿਤਪਾਲ ਸਿੰਘ ਖਾਲਸਾ ਨੂੰ ਗੱਤਕਾ ਐਸੋਸੀਏਸ਼ਨ ਨਿਊਜਰਸੀ ਦਾ ਪ੍ਰਧਾਨ ਨਿਯੁਕਤ ਕੀਤਾ

ਸੈਕਰਾਮੈਂਟੋ (ਹੁਸਨ ਲੜੋਆ ਬੰਗਾ) : ਨਿਊ ਜਰਸੀ (ਅਮਰੀਕਾ) ਵਿਸ਼ਵ ਗੱਤਕਾ ਫੈਡਰੇਸ਼ਨ ਤੋਂ ਮਾਨਤਾ ਪ੍ਰਾਪਤ ਗੱਤਕਾ ਫੈਡਰੇਸ਼ਨ ਯੂ.ਐਸ.ਏ. ਨੇ ਦੋ ਨਾਮਵਰ ਸ਼ਖ਼ਸੀਅਤਾਂ ਨੂੰ ਦੋ ਖੇਡ ਸੰਸਥਾਵਾਂ ਅੰਦਰ ਅਹਿਮ ਅਹੁਦਿਆਂ 'ਤੇ ਨਿਯੁਕਤ ਕਰਨ ਦਾ ਐਲਾਨ ਕਰਦਿਆਂ ਪ੍ਰਿਤਪਾਲ ਸਿੰਘ ਖਾਲਸਾ ਨੂੰ ਗੱਤਕਾ ਐਸੋਸੀਏਸ਼ਨ ਨਿਊ ਜਰਸੀ ਦਾ ਪ੍ਰਧਾਨ ਨਿਯੁਕਤ ਕੀਤਾ ਹੈ, ਜਦੋਂ ਕਿ ਪੱਤਰਕਾਰ ਪਰਦੀਪ ਸਿੰਘ ਗਿੱਲ ਨੂੰ ਗੱਤਕਾ ਫੈਡਰੇਸ਼ਨ ਯੂ.ਐਸ.ਏ. ਦੇ ਪ੍ਰੈਸ ਸਕੱਤਰ ਦੀ ਜ਼ਿੰਮੇਵਾਰੀ ਸੰਭਾਲੀ ਹੈ। ਨਿਊ ਜਰਸੀ ਵਿਖੇ ਖਾਲਸਾ ਤੇ ਗਿੱਲ ਨੂੰ ਸਿਰਪਾਓ ਸਮੇਤ ਨਿਯੁਕਤੀ ਪੱਤਰ ਵਿਸ਼ਵ ਗੱਤਕਾ ਫੈਡਰੇਸ਼ਨ ਦੇ ਪ੍ਰਧਾਨ ਹਰਜੀਤ ਸਿੰਘ ਗਰੇਵਾਲ ਅਤੇ ਜਨਰਲ ਸਕੱਤਰ ਡਾ.ਦੀਪ ਸਿੰਘ ਵੱਲੋਂ ਸੌਂਪੇ ਗਏ। ਇਸ ਮੌਕੇ ਗੱਤਕਾ ਪ੍ਰੋਮੋਟਰਜ ਗਰੇਵਾਲ ਅਤੇ ਡਾ. ਦੀਪ ਸਿੰਘ ਨੇ ਸਾਬਕਾ ਖਿਡਾਰੀ ਖ਼ਾਲਸਾ ਅਤੇ ਖੇਡ ਸੱਭਿਆਚਾਰ ਪ੍ਰਮੋਟਰ ਗਿੱਲ ਦੀ ਅਗਵਾਈ ਹੇਠ ਅਮਰੀਕਾ ਅੰਦਰ ਸਿੱਖ ਮਾਰਸ਼ਲ ਆਰਟ ਗੱਤਕੇ ਦੀ ਤਰੱਕੀ ਅਤੇ ਵਿਕਾਸ ਲਈ ਆਸ ਪ੍ਰਗਟਾਈ। ਸੌਂਪੇ ਗਏ ਕਾਰਜਾਂ ਪ੍ਰਤੀ ਆਪਣੀ ਵਚਨਬੱਧਤਾ ਦਾ ਪ੍ਰਦਰਸ਼ਨ ਕਰਦੇ ਹੋਏ, ਨਵ-ਨਿਯੁਕਤ ਸਟੇਟ ਪ੍ਰਧਾਨ ਖਾਲਸਾ ਤੇ ਕੌਮੀ ਪ੍ਰੈਸ ਸਕੱਤਰ ਗਿੱਲ ਨੇ ਨਿਊ ਜਰਸੀ ਸਮੇਤ ਪੂਰੇ ਅਮਰੀਕਾ ਵਿੱਚ ਗੱਤਕੇ ਦੀ ਅਮੀਰ ਵਿਰਾਸਤ ਨੂੰ ਪ੍ਰਫੁੱਲਤ ਕਰਨ ਅਤੇ ਸੰਭਾਲਣ ਲਈ ਤਨਦੇਹੀ ਨਾਲ ਕੰਮ ਕਰਨ ਦਾ ਭਰੋਸਾ ਦਿੱਤਾ। ਇਸ ਮੌਕੇ ਪ੍ਰਧਾਨ ਗਰੇਵਾਲ ਅਤੇ ਜਨਰਲ ਸਕੱਤਰ ਡਾ. ਦੀਪ ਸਿੰਘ ਤੋਂ ਇਲਾਵਾ ਗੁਰਦੁਆਰਾ ਗਲੈਨ ਰੌਕ, ਨਿਊ ਜਰਸੀ ਦੇ ਸਾਬਕਾ ਪ੍ਰਧਾਨ, ਕਾਰੋਬਾਰੀ ਅਤੇ ਪੰਜਾਬ ਗਲੋਬਲ ਟੀਵੀ ਦੇ ਚੇਅਰਮੈਨ ਸ. ਹਰਭਜਨ ਸਿੰਘ ਨੇ ਵੀ ਪ੍ਰਿਤਪਾਲ ਸਿੰਘ ਖਾਲਸਾ ਅਤੇ ਪਰਦੀਪ ਗਿੱਲ ਨੂੰ ਅਮਰੀਕਾ ਦੀਆਂ ਗੱਤਕਾ ਸੰਸਥਾਵਾਂ ਵਿੱਚ ਉਨ੍ਹਾਂ ਦੀਆਂ ਨਵੀਆਂ ਭੂਮਿਕਾਵਾਂ ਲਈ ਹਾਰਦਿਕ ਵਧਾਈ ਦਿੱਤੀ। ਇਸ ਦੌਰਾਨ, ਗੱਤਕਾ ਫੈਡਰੇਸ਼ਨ ਯੂਐਸਏ ਨੇ ਖਾਲਸਾ ਅਤੇ ਗਿੱਲ ਦੋਵਾਂ ਨੂੰ ਆਪੋ-ਆਪਣੀ ਭੂਮਿਕਾ ਲਈ ਸ਼ੁਭ ਕਾਮਨਾਵਾਂ ਦਿੰਦਿਆਂ ਕਿਹਾ ਕਿ ਉਨ੍ਹਾਂ ਦੇ ਸਹਿਯੋਗ ਨਾਲ ਇਹ ਸੰਸਥਾਵਾਂ ਅਮਰੀਕਾ ਵਿੱਚ ਗੱਤਕੇ ਦੇ ਖੇਤਰ ਵਿੱਚ ਨਵੇਂ ਮੀਲ ਪੱਥਰ ਅਤੇ ਪ੍ਰਾਪਤੀਆਂ ਦੀ ਉਮੀਦ ਕਰੇਗੀ। ਖਾਲਸਾ ਅਤੇ ਗਿੱਲ ਦੀਆਂ ਨਿਯੁਕਤੀਆਂ ਗੱਤਕਾ ਫੈਡਰੇਸ਼ਨ ਅਮਰੀਕਾ ਲਈ ਇੱਕ ਮਹੱਤਵਪੂਰਨ ਕਦਮ ਹੈ ਕਿਉਂਕਿ ਇੰਨ੍ਹਾ ਦੋਵਾਂ ਸਖਸ਼ੀਅਤਾਂ ਕੋਲ ਸੱਭਿਆਚਾਰ ਅਤੇ ਖੇਡਾਂ ਨੂੰ ਪ੍ਰਫੁੱਲਤ ਕਰਨ ਲਈ ਤਜਰਬਾ, ਲਗਨ ਅਤੇ ਮਿਹਨਤ ਕਰਨ ਦਾ ਜਨੂੰਨ ਹੈ।



## ਅਮਰੀਕੀ ਸਿੱਖ ਨੇ ਪੱਗ ਤੇ ਦਾੜ੍ਹੀ ਨਾਲ ਮਰੀਨ ਟਰੇਨਿੰਗ ਪੂਰੀ ਕੀਤੀ

ਵਾਸ਼ਿੰਗਟਨ : ਅਮਰੀਕਾ ਦੇ ਇਤਿਹਾਸ ਵਿੱਚ ਪਹਿਲੀ ਵਾਰ 21 ਸਾਲਾ ਸਿੱਖ ਮਰੀਨ ਨੇ ਦਸਤਾਰ ਸਜਾ ਕੇ ਅਤੇ ਦਾੜ੍ਹੀ ਰੱਖ ਕੇ ਅਮਰੀਕੀ ਮਰੀਨ ਕੋਰ ਦੀ ਸਿਖਲਾਈ ਪੂਰੀ ਕੀਤੀ ਹੈ। ਵਾਸ਼ਿੰਗਟਨ ਟਾਈਮਜ਼ ਦੀ ਰਿਪੋਰਟ ਅਨੁਸਾਰ ਜਸਕੀਰਤ ਸਿੰਘ ਨੇ ਸਿੱਖ ਧਰਮ ਵਿੱਚ ਪਵਿੱਤਰ ਮੰਨੇ ਜਾਂਦੇ ਪ੍ਰਤੀਕਾਂ ਦਾ ਤਿਆਗ ਕੀਤੇ ਬਿਨਾਂ ਸਾਂ ਡਿਏਗੋ ਸਥਿਤ ਕੇਂਦਰ ਵਿੱਚ ਸਫਲਤਾਪੂਰਵਕ ਆਪਣੀ ਸਿਖਲਾਈ ਪੂਰੀ ਕੀਤੀ। ਸੰਘੀ ਅਦਾਲਤ ਨੇ ਇਸ ਸਾਲ ਅਪਰੈਲ ਵਿੱਚ ਫੌਜ ਵਿੱਚ ਭਰਤੀ ਹੋਣ ਵਾਲਿਆਂ ਨੂੰ ਧਾਰਮਿਕ ਵਿਸ਼ਵਾਸਾਂ ਨੂੰ ਛੋਟ ਦੇਣ ਦਾ ਹੁਕਮ ਦਿੱਤਾ ਸੀ।





ਰੱਖੜਾ ਇਨਕਮ ਟੈਕਸ ਅਤੇ ਇਮੀਗ੍ਰੇਸ਼ਨ

ਇੱਕੋ ਜਗ੍ਹਾ ਅਤੇ ਇੱਕੋ ਛੱਤ ਹੇਠ ਆਪ ਜੀ ਹੇਠ ਲਿਖੀਆਂ ਸੇਵਾਵਾਂ ਪ੍ਰਾਪਤ ਕਰ ਸਕਦੇ ਹੋ ਜਿਵੇਂ ਕਿ ਇਨਕਮ ਟੈਕਸ (ਕਾਰਪੋਰੇਸ਼ਨ, ਬਿਜਨਸ, ਪਰਸਨਲ), ਰੀਅਲ ਅਸਟੇਟ, ਲਾਈਫ ਇੰਸ਼ੋਰੈਂਸ, ਉਬਾਮਾ ਕੇਅਰ, ਮੈਡੀਕੇਅਰ, ਪਾਸਪੋਰਟ ਰਿਨਿਊ, ਵੀਜਾ, ਸਿਟੀਜ਼ਨਸ਼ਿਪ, ਗਰੀਨ ਕਾਰਡ, ਵਰਕ ਪਰਮਿਟ, R-1 ਵੀਜ਼ਾ, ਫੈਮਿਲੀ ਪਟੀਸ਼ਨ ਫਾਈਲਿੰਗਜ਼ ਜਾਂ ਫਿਰ IRS ਨਾਲ ਕੋਈ ਵੀ ਮਸਲਾ।

ਹੁਣ ਤੁਸੀਂ ਇਥੇ MEDICARE BENEFITS ਲਈ ਅਪਲਾਈ ਕਰਦੇ ਹੋ। ਅਤੇ ਮੈਡੀਕੇਅਰ ਸਹੂਲਤਾਂ ਲਈ ਹੋਰ ਵਧੇਰੇ ਜਾਣਕਾਰੀ ਲੈ ਸਕਦੇ ਹੋ ਜੀ




Get more BENEFITS at No Cost $0 Premium



Rakhra Tax & Immigration

3073 W Ashlan Ave <> Fresno, CA 93722

Ph. (559) 243-9200,

Fax (559) 549-6211

or visit

www.rakhrataxservice.com

or avtar06@gmail.com


## ਅਮਰੀਕਾ ਵਿਚ ਤੇਜ ਹਵਾ ਕਾਰਨ ਭੜਕੀ ਜੰਗਲੀ ਅੱਗ ਦੀ ਲਪੇਟ ਵਿੱਚ ਆ ਕੇ 6 ਲੋਕਾਂ ਦੀ ਮੌਤ ਤੇ 2 ਦਰਜਨ ਤੋਂ ਵਧ ਲੋਕ ਜ਼ਖਮੀ

ਸੈਕਰਾਮੈਂਟੋ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਅਮਰੀਕਾ ਦੇ ਹਵਾਈ ਰਾਜ ਦੇ ਵੱਡੇ ਟਾਪੂ ਮਾਊਈ ਦੇ ਜੰਗਲ ਵਿਚ ਲੱਗੀ ਅੱਗ ਤੋਂ ਬਚਣ ਲਈ ਲੋਕਾਂ ਵਿਚ ਹਫੜਾ ਦਫੜੀ ਮਚਣ ਤੇ ਜਾਨ ਬਚਾਉਣ ਲਈ ਸੁਰੱਖਿਅਤ ਥਾਵਾਂ ਵੱਲ ਭੱਜਣ ਦੀ ਖਬਰ ਹੈ। ਕੁਝ ਹੀ ਘੰਟਿਆਂ ਵਿਚ ਟਾਪੂ ਵਿਰਾਨ ਹੋ ਗਿਆ। ਮਾਊਈ ਕਾਊਂਟੀ ਦੇ ਮੇਅਰ ਰਿਚਰਡ ਬਿਸਨ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਅੱਗ ਦੀ ਲਪੇਟ ਵਿਚ ਆ ਕੇ 6 ਲੋਕ ਮਾਰੇ ਜਾ ਚੁੱਕੇ ਹਨ ਤੇ ਘੱਟੋ ਘੱਟ 2 ਦਰਜਨ ਲੋਕ ਜ਼ਖਮੀ ਹੋਏ ਹਨ। ਮਾਊਈ ਦੇ ਇਤਿਹਾਸਕ ਲਹੈਨਾ ਕਸਬੇ ਜਿਥੇ ਤੇਜ ਹਵਾ ਕਾਰਨ ਅੱਗ ਭੜਕ ਉੱਠੀ, ਵਿਚ ਸਾਰੇ ਘਰਾਂ ਦੇ ਬਲਾਕਾਂ ਤੇ ਕਾਰੋਬਾਰੀ ਇਮਾਰਤਾਂ ਵਿਚ ਧੂੰਆਂ ਹੀ ਧੂੰਆਂ ਹੋ ਗਿਆ।



ਇਸ ਤੋਂ ਇਲਾਵਾ ਟਾਪੂ ਉਪਰ 3 ਅੱਗਾਂ ਲੱਗੀਆਂ ਹੋਈਆਂ ਹਨ ਜਿਨਾਂ ਵਿਚੋਂ 2 ਉਪਰ 60% ਤੱਕ ਕਾਬੂ ਪਾ ਲਿਆ ਗਿਆ ਹੈ।

# ਅਮਰੀਕਾ ਦੇ ਹਰ ਸੂਬੇ 'ਚ ਲਗਾਏ ਜਾਣਗੇ ਗੱਤਕਾ ਸਿਖਲਾਈ ਕੈਂਪ: ਡਾ ਦੀਪ ਸਿੰਘ

## ਗੱਤਕਾ ਫੈਡਰੇਸ਼ਨ ਯੂ.ਐਸ.ਏ ਵਲੋਂ ਦੂਜੇ ਨੈਸ਼ਨਲ ਗੱਤਕਾ ਰਿਫਰੈਸ਼ਰ ਕੋਰਸ ਦੌਰਾਨ ਸਿਖਾਏ ਗਏ ਗੱਤਕੇ ਦੇ ਗੁਰ







ਨਿਊਯਾਰਕ : ਅਮਰੀਕਾ ਵਿੱਚ ਗੱਤਕਾ ਖੇਡ ਦੀ ਨੈਸ਼ਨਲ ਪੱਧਰ ਦੀ ਜੱਥੇਬੰਦੀ ਗੱਤਕਾ ਫੈਡਰੇਸ਼ਨ ਯੂ.ਐਸ.ਏ. ਜੋ ਕਿ ਵਿਸ਼ਵ ਗੱਤਕਾ ਫੈਡਰੇਸ਼ਨ ਤੋਂ ਮਾਨਤਾ ਪ੍ਰਾਪਤ ਹੈ, ਦੀ ਅਗਵਾਈ ਹੇਠ ਨਿਊਯਾਰਕ ਗੱਤਕਾ ਐਸੋਸੀਏਸ਼ਨ ਵਲੋਂ ਦੂਜਾ ਨੈਸ਼ਨਲ ਗੱਤਕਾ ਰਿਫਰੈਸ਼ਰ ਕੋਰਸ-2023 ਗੁਰਦੁਆਰਾ ਬਾਬਾ ਮੱਖਣ ਸ਼ਾਹ ਲੁਬਾਣਾ ਵਿੱਚ ਆਯੋਜਿਤ ਕੀਤਾ ਗਿਆ।

ਇਸ ਸਬੰਧੀ ਜਾਣਕਾਰੀ ਸਾਂਝੀ ਕਰਦਿਆ ਵਿਸ਼ਵ ਗੱਤਕਾ ਫੈਡਰੇਸ਼ਨ ਤੇ ਗੱਤਕਾ ਫੈਡਰੇਸ਼ਨ ਦੇ ਜਨਰਲ ਸਕੱਤਰ ਡਾ. ਦੀਪ ਸਿੰਘ, ਨੇ ਦਸਿੱਆ ਕਿ ਫੈਡਰੇਸ਼ਨ ਵਲੋਂ ਹਰ ਸਾਲ ਅਮਰੀਕਾ ਦੇ ਵੱਖ-ਵੱਖ ਰਾਜਾਂ ਵਿੱਚ ਗੱਤਕਾ ਖੇਡ ਦੀ ਪ੍ਰਫੁੱਲਤਾ ਅਤੇ ਇਸ ਖੇਡ ਨੂੰ ਹਰਮਨ ਪਿਆਰਾ ਬਨਾਉਣ ਲਈ ਟ੍ਰੈਨਿੰਗ ਕੈਂਪ ਅਤੇ ਵਰਕਸ਼ਾਪਾਂ ਦਾ ਇੰਤਜਾਮ ਕੀਤਾ ਜਾਂਦਾ ਹੈ ਅਤੇ ਫੈਡਰੇਸ਼ਨ ਵਲੋਂ ਹਰ ਰਾਜ ਵਿੱਚ ਗੱਤਕਾ ਐਸੋਸੀਏਸ਼ਨਾਂ ਦਾ ਗਠਨ ਕਰਨ ਦਾ ਟੀਚਾ ਵੀ ਉਲੀਕਿਆ ਗਿਆ ਹੈ ਜਿਸ ਤਹਿਤ ਚਾਰਾਜੋਈ ਕੀਤੀ ਜਾ ਰਹੀ ਹੈ।

ਉਹਨਾਂ ਵਲੋਂ ਅੱਤੇ ਜਾਣਕਾਰੀ ਦਿੰਦਿਆ ਆਖਿਆ ਗਿਆ ਕਿ ਅਮਰੀਕਾ ਵਿੱਚ ਇਹ ਦੂਜਾ ਨੈਸ਼ਨਲ ਗੱਤਕਾ ਰਿਫਰੈਸ਼ਰ ਕੋਰਸ ਲਗਾਇਆ ਗਿਆ ਹੈ ਤਾਂ ਜੋ ਸਮੂਹ ਰੈਫਰਿਆਂ ਅਤੇ ਜੱਜਾਂ ਨੂੰ ਨਾ ਸਿਰਫ ਇੱਕ ਪਲੇਟਫਾਰਮ ਤੇ ਲਿਆਂਦਾ ਜਾਵੇ ਬਲਕਿ ਭਵਿੱਖ ਵਿੱਚ ਹੋਣ ਵਾਲੇ ਰਾਜ ਪੱਧਰੀ ਅਤੇ ਨੈਸ਼ਨਲ ਪੱਧਰ ਦੇ ਗੱਤਕਾ ਮੁਕਾਬਲਿਆਂ ਲਈ ਅਮਰੀਕਾ ਦੇ ਹਰ ਸੂਬੇ ਵਿੱਚ ਗੱਤਕਾ ਕੋਚ, ਜੱਜ ਅਤੇ ਰੈਫਰੀ ਪੈਦਾ ਕੀਤੇ ਜਾ ਸਕਣ। ਇਸ ਮੌਕੇ 'ਤੇ ਬੋਲਦਿਆਂ ਨਿਊਯਾਰਕ ਗੱਤਕਾ ਐਸੋਸੀਏਸ਼ਨ ਦੇ ਵਾਈਸ ਚੈਅਰਮੈਨ ਸ. ਦਲੇਰ ਸਿੰਘ, ਬੀਬਾ ਸਰਬਜੀਤ ਕੌਰ, ਫਾਈਨੈਂਸ ਸਕੱਤਰ ਅਤੇ ਸਕੱਤਰ ਸ. ਜਸਕੀਰਤ ਸਿੰਘ ਜੇ ਦਸਿੱਆ ਕਿ ਨੈਸ਼ਨਲ ਪੱਧਰ ਦੇ ਇਸ ਗੱਤਕਾ ਰਿਫਰੈਸ਼ਰ ਕੋਰਸ ਵਿੱਚ ਲਗਭਗ 50 ਗੱਤਕਾ ਕੋਚਾਂ ਵਲੋਂ ਅਰਜੀਆਂ ਪ੍ਰਾਪਤ ਹੋਈਆਂ ਸਨ ਜਿਹਨਾਂ ਦੀ ਪਰਖ ਕਰਨ ਤੋਂ ਬਾਅਦ ਹੀ ਗੱਤਕਾ ਕੋਚਾਂ ਨੂੰ ਰੈਫਰੀ,ਜੱਜ ਜਾਂ ਕੋਚ ਦੀ ਟ੍ਰੈਨਿੰਗ ਦਿੱਤੀ ਗਈ ਹੈ। ਉਹਨਾਂ ਦਸਿੱਆਂ ਕਿ ਟ੍ਰੈਨਿੰਗ ਕੈਂਪ ਦੌਰਾਨ ਹੀ ਰੈਫਰੀਆਂ ਅਤੇ ਜੱਜਾਂ ਦੀ ਗ੍ਰੈਡਿੰਗ ਵੀ ਕੀਤੀ ਗਈ ਹੈ ਜਿਸ ਦੌਰਾਨ ਲਗਭਗ 10 ਕੋਚਾਂ ਨੂੰ ਨੈਸ਼ਨਲ ਪੱਧਰ ਦੇ ਰੈਫਰੀ ਅਤੇ ਜੱਜ ਬਨਣ ਤੇ ਸਰਟੀਫਿਕੇਟ ਜਾਰੀ ਕੀਤਾ ਗਿਆ ਹੈ। ਬਾਕੀ ਕੋਚਾਂ ਨੂੰ ਵੀ ਸਿਖਲਾਈ ਸਰਟੀਫਿਕੇਟ ਜਾਰੀ ਕੀਤੇ ਜਾਣਗੇ। ਨੈਸ਼ਨਲ ਗੱਤਕਾ ਰਿਫਰੈਸ਼ਰ ਕੋਰਸ ਵਿੱਚ ਵਿਸ਼ੇਸ ਤੋਰ ਤੇ ਕਨੇਡਾ ਤੋਂ ਪੁੱਜੇ ਸ. ਜਨਮਜੀਤ ਸਿੰਘ, ਜੋ ਕਿ ਨਾਰਥ ਅਮਰੀਕਾ ਦੇ ਟੈਕਨੀਕਲ ਕੋਆਰੀਨੇਟਰ ਅਤੇ ਨੈਸ਼ਨਲ ਗੱਤਕਾ ਐਸੋਸ਼ੀਏਸਨ ਆਫ ਕਨੈਡਾ ਦੇ ਸਕੱਤਰ ਨੇ ਭਾਗ ਲੈਣ ਆਏ ਕੋਚਾਂ, ਰੈਫਰੀਆ ਅਤੇ ਜੱਜਾਂ ਨਾਲ ਗੱਤਕੇ ਦੇ ਗੁਰ ਸਾਂਝੇ ਕੀਤੇ। ਉਹਨਾਂ ਵਲੋਂ ਪ੍ਰੈਕਟੀਕਲ ਸੈਸ਼ਨ ਦੌਰਾਨ ਵੱਖ-ਵੱਖ ਸਵਾਲਾਂ ਦੇ ਜਵਾਬ ਦਿੱਤੇ ਗਏ। ਗੱਤਕਾ ਫੈਡਰੇਸ਼ਨ ਯੂ.ਐਸ.ਏ ਦੇ ਫਾਈਨੈਸ਼ਨ ਸੈਕਟਰੀ, ਸ. ਕਲਵਿੰਦਰ ਸਿੰਘ ਰਾਏ, ਸੀਨੀਅਰ ਕੋਚ ਸ. ਬਲਜਿੰਦਰ ਸਿੰਘ, ਅਤੇ ਸੀਨੀਅਰ ਕੋਚ ਸੁਜਾਨ ਸਿੰਘ ਨੇ ਦਸਿੱਆ ਕਿ ਇਸ ਦੂਜੇ ਨੈਸ਼ਨਲ ਕੈਂਪ ਦੋਰਾਨ ਬੀਬੀਆਂ ਵਲੋਂ ਵੀ ਕੈਂਪ ਵੀ ਸਮੂਲੀਅਤ ਕੀਤੀ ਗਈ ਅਤੇ ਭਵਿੱਖ ਵਿੱਚ ਫੈਡਰੇਸ਼ਨ ਵਲੋਂ ਇਹੋ ਜਿਹੇ ਹੋਰ ਨੈਸ਼ਨਲ ਕੋਚਿੰਗ ਕੈਂਪਾਂ ਦਾ ਆਯੋਜਨ ਵੀ ਕੀਤਾ ਜਾਵੇਗਾ ਤਾਂ ਜੋ ਅਮਰੀਕਾ ਵਿੱਚ ਹੋਰ ਕੋਚ ਰੈਫਰੀ ਅਤੇ ਜੱਜ ਤਿਆਰ ਹੋ ਸਕਣ।




ਕੈਂਪ ਦੀ ਸਮਾਪਤੀ ਦੋਰਾਨ ਡਾ. ਦੀਪ ਸਿੰਘ ਅਤੇ ਸ. ਦਲੇਰ ਸਿੰਘ ਵਲੋਂ ਸ. ਜਨਮਜੀਤ ਸਿੰਘ ਦਾ ਵਿਸ਼ੇਸ ਤੋਰ ਤੇ ਸਨਮਾਨ ਕੀਤਾ ਗਿਆ ਅਤੇ ਕੈਂਪ ਵਿੱਚ ਭਾਗ ਲੈਣ ਵਾਲੇ ਸਮੂਹ ਕੋਚਾਂ ਨੂੰ ਸਰਟੀਫਿਕੇਟ ਤਕਸੀਮ ਕੀਤੇ ਗਏ।

American Freight Corp.
ਡਰਾਈਵਰਾਂ ਅਤੇ ਆਨਰ ਅਪ੍ਰੇਟਰਾਂ (Owner-Operator) ਦੀ ਜ਼ਰੂਰਤ ਹੈ
ਕੈਲੀਫੋਰਨੀਆ ਤੋਂ ਮਿਡਵੈਸਟ, ਕੈਲੀਫੋਰਨੀਆ ਤੋਂ ਈਸਟ ਕੋਸਟ, ਕੈਲੀਫੋਰਨੀਆ ਤੋਂ ਟੈਕਸਸ (Texas)
ਡਰਾਈਵਰ ਦਾ ਘੱਟੋ ਘੱਟ ਦੋ ਸਾਲ ਦਾ ਤਜਰਬਾ ਹੋਵੇ
ਡਰਾਈਵਰਾਂ ਦੀ ਜ਼ਰੂਰਤ ਹੈ
Need Team & Solo Driver
With 2 Year Experience




(209) 405-1544
127 Darcy Parkway, Lathrop, CA 95330

# BASRA
## Heating & Air Conditioning

### ਗਰਮੀਆਂ ਵਿੱਚ ਠੰਡ ਤੇ ਸਰਦੀਆ ਵਿੱਚ ਨਿੱਘ ਦਾ ਦੂਜਾ ਨਾਮ ਹੈ

# ਬਸਰਾ ਹੀਟਿੰਗ ਅਤੇ ਏਅਰ ਕੰਡੀਸ਼ਨਿੰਗ

ਤੁਸੀ ਆਪਣੇ ਸੁਪਨਿਆ ਦੇ ਮਹਿਲ ਆਪਣੇ ਘਰ ਜਾ ਆਪਣੇ ਕਾਰੋਬਾਰ ਉਪਰ ਨਵਾਂ ਹੀਟਿੰਗ ਜਾ ਏਅਰ ਕੰਡੀਸ਼ਨਿੰਗ ਜਾ ਦੋਵੇ ਤਾ ਬਸ ਇਕੋ ਨਾਮ ਯਾਦ ਰੱਖੋ

ਤੁਸੀਂ ਸਾਨੂੰ ਇੱਕ ਕਾਲ ਕਰੋ ਇੱਕ ਕਾਲ ਹੀ ਬਚਾ ਸਕਦੀ ਹੈ

**ਤੁਹਾਡੇ ਢੇਰ ਸਾਰੇ ਪੈਸੇ**

Reasonable price first class work ਅਤੇ

100% ਗਰੰਟੀ




**Basra Heating & Air Conditioning has trained technicians and the right equipment to solve the problem fast and at a reasonable price.**

## AC REPAIR

Common Air Conditioner Problems Requiring Repair
Low or Leaking Refrigerant
Broken Belt
Compressor Failure
Coil Issues

### Thermostat Concerns

- Repair leaks
- Clean dirty coils or drain lines
- Replace filters
- Refresh refrigerant
- Seal ductwork
- Replace faulty belts, coils, or compressors
- •Secure electrical connections
- Provide general maintenance
- And more



### From Basra Heating & Air Conditioning

"Basra Heating and Air Conditioning have been providing, installing and servicing home and commercial heat systems, air conditioners & ducting and repair for both residential and commercial customers in the Bay Area since 2012. Our team of trained service professionals has extensive experience installing and servicing home and commercial heat systems, air conditioners, & ducting. Regardless of the project, Basra Heating and Air Conditioning have quickly and professionally served the needs of Bay Area & Central Valley. We pride ourselves in offering a unique combination of skilled service technicians and great customer service. Our team is ready to help you with your heating, air conditioning needs."

### ਹੋਰ ਜਾਣਕਾਰੀ ਲਈ ਕਾਲ ਕਰੋ

## ਸ. ਰਜਿੰਦਰ ਸਿੰਘ ਬਸਰਾ (209) 834-6188

## Address: 231 Portico Ln, Tracy, CA 95377

# ਮਾਉਈ ਦੇ ਜੰਗਲਾਂ 'ਚ ਲੱਗੀ ਅੱਗ ਨਾਲ ਮ੍ਰਿਤਕਾਂ ਦੀ ਗਿਣਤੀ 100 ਤੋਂ ਪਾਰ









ਹਵਾਈ : ਅਮਰੀਕਾ ਦੇ ਹਵਾਈ ਸੂਬੇ ਦੇ ਮਾਉਈ ਦੇ ਜੰਗਲਾਂ ਵਿਚ ਲੱਗੀ ਅੱਗ ਕਾਰਨ ਮਰਨ ਵਾਲਿਆਂ ਦੀ ਗਿਣਤੀ 100 ਤੋਂ ਪਾਰ ਹੋ ਗਈ ਹੈ। ਬਚਾਅ ਟੀਮਾਂ ਨੇ ਆਸਪਾਸ ਦੇ ਇਲਾਕਿਆਂ 'ਚ ਹੋਰ ਲਾਸ਼ਾਂ ਦੀ ਭਾਲ ਤੇਜ਼ ਕਰ ਦਿੱਤੀ ਹੈ। ਗਵਰਨਰ ਜੋਸ਼ ਗ੍ਰੀਨ ਨੇ ਕਿਹਾ ਕਿ ਮਰਨ ਵਾਲਿਆਂ ਦੀ ਗਿਣਤੀ 99 ਤੋਂ ਵੱਧ ਕੇ 106 ਹੋ ਗਈ ਹੈ। ਯੂ.ਐੱਸ ਡਿਪਾਰਟਮੈਂਟ ਆਫ਼ ਹੈਲਥ ਐਂਡ ਹਿਊਮਨ ਸਰਵਿਸਿਜ਼ ਨੇ ਮ੍ਰਿਤਕਾਂ ਦੀ ਪਛਾਣ ਕਰਨ ਲਈ ਪੈਥੋਲੋਜਿਸਟ ਅਤੇ ਟੈਕਨੀਸ਼ੀਅਨ ਨੂੰ ਉਪਕਰਣਾਂ ਨਾਲ ਤਾਇਨਾਤ ਕੀਤਾ ਹੈ। ਰਾਸ਼ਟਰਪਤੀ ਜੋਅ ਬਾਈਡੇਨ ਨੇ ਮੰਗਲਵਾਰ ਨੂੰ ਕਿਹਾ ਕਿ ਉਹ ਅਤੇ ਫਸਟ ਲੇਡੀ ਜਿਲ ਬਾਈਡੇਨ 'ਜਿੰਨੀ ਜਲਦੀ ਹੋ ਸਕੇ' ਹਵਾਈ ਦਾ ਦੌਰਾ ਕਰਨਗੇ, ਪਰ ਉਨ੍ਹਾਂ ਨੇ ਕਿਹਾ ਕਿ ਉਹ ਨਹੀਂ ਚਾਹੁੰਦੇ ਕਿ ਉਨ੍ਹਾਂ ਦੀ ਯਾਤਰਾ ਨਾਲ ਬਚਾਅ ਕਾਰਜਾਂ ਵਿੱਚ ਰੁਕਾਵਟ ਪਵੇ।

ਸਕ ਡਾਊਨਟਾਊਨ ਲਹੈਨਾ ਵਿੱਚ ਅੱਗ ਲੱਗਣ ਤੋਂ ਇੱਕ ਹਫ਼ਤੇ ਬਾਅਦ, ਬਹੁਤ ਸਾਰੇ ਪੀੜਤਾਂ ਨੇ ਵਿਸਥਾਪਿਤ ਸਥਾਨਕ ਲੋਕਾਂ ਲਈ ਖਾਲੀ ਕੀਤੇ ਹੋਟਲ ਦੇ ਕਮਰਿਆਂ ਵਿੱਚ ਜਾਣਾ ਸ਼ੁਰੂ ਕਰ ਦਿੱਤਾ ਹੈ। ਮਾਉਈ ਕਾਉਂਟੀ ਨੇ ਮੰਗਲਵਾਰ ਨੂੰ ਇੱਕ ਬਿਆਨ ਵਿੱਚ ਕਿਹਾ ਕਿ ਬਚਾਅ ਕਰਮਚਾਰੀਆਂ ਨੇ ਸੁੰਘਣ ਵਾਲੇ ਕੁੱਤਿਆਂ ਨਾਲ ਲਗਭਗ 32 ਪ੍ਰਤੀਸ਼ਤ ਖੇਤਰ ਦੀ ਖੋਜ ਕੀਤੀ ਹੈ। ਮਾਉਈ ਦੇ ਪੁਲਸ ਮੁਖੀ ਜੌਹਨ ਪੇਲਟੀਅਰ ਅਨੁਸਾਰ ਸਿਰਫ ਤਿੰਨ ਲਾਸ਼ਾਂ ਦੀ ਪਛਾਣ ਕੀਤੀ ਗਈ ਹੈ। ਉਨ੍ਹਾਂ ਲਾਪਤਾ ਲੋਕਾਂ ਦੇ ਪਰਿਵਾਰਕ ਮੈਂਬਰਾਂ ਨੂੰ ਡੀਐਨਏ ਸੈਂਪਲ ਦੇਣ ਦੀ ਅਪੀਲ ਕੀਤੀ। ਰਾਜਪਾਲ ਨੇ ਚੇਤਾਵਨੀ ਦਿੱਤੀ ਕਿ ਸੈਂਕੜੇ ਹੋਰ ਲਾਸ਼ਾਂ ਬਰਾਮਦ ਕੀਤੀਆਂ ਜਾ ਸਕਦੀਆਂ ਹਨ। ਇਹ ਇੱਕ ਸਦੀ ਤੋਂ ਵੱਧ ਸਮੇਂ ਵਿੱਚ ਅਮਰੀਕਾ ਵਿੱਚ ਜੰਗਲ ਦੀ ਸਭ ਤੋਂ ਘਾਤਕ ਅੱਗ ਹੈ। ਅੱਗ ਲੱਗਣ ਦੇ ਕਾਰਨਾਂ ਦਾ ਅਜੇ ਪਤਾ ਨਹੀਂ ਲੱਗ ਸਕਿਆ ਹੈ।

ਹਵਾਈ ਐਮਰਜੰਸੀ ਮੈਨਜਮੈਂਟ ਏਜੰਸੀ ਦੇ ਬੁਲਾਰੇ ਐਡਮ ਵੀਨਟਰਬ ਨੇ ਕਿਹਾ ਹੈ ਕਿ ਲਾਪਤਾ ਲੋਕਾਂ ਦੀ ਭਾਲ ਤੇ ਬਚਾਅ ਕਾਰਜ ਅਜੇ ਵੀ ਮੁੱਢਲੀ ਚਿੰਤਾ ਹੈ। ਟਾਪੂ ਦੇ ਕਈ ਹਿੱਸਿਆਂ ਵਿਚ ਅੱਗ ਅਜੇ ਵੀ ਸੁਲਗ ਰਹੀ ਹੈ ਜਿਸ ਉਪਰ ਕਾਬੂ ਪਾਉਣ ਦੇ ਯਤਨ ਜਾਰੀ ਹਨ। ਮਾਊਈ ਕਾਊਂਟੀ ਦੇ ਮੇਅਰ ਰਿਚਰਡ ਬਿਸੇਨ ਜੂਨੀਅਰ ਨੇ ਕਿਹਾ ਹੈ ਕਿ ਲਾਸ਼ਾਂ ਦੀ ਭਾਲ ਲਈ ਸਹਾਇਤਾ ਵਜੋਂ ਸੂਹੀਆ ਕੁੱਤਿਆਂ ਦੀਆਂ ਸੇਵਾਵਾਂ ਲਈਆਂ ਗਈਆਂ ਹਨ। ਉਨਾਂ ਕਿਹਾ ਕਿ ਮੌਤਾਂ ਦੀ ਗਿਣਤੀ 1960 ਵਿਚ ਹਵਾਈ 'ਤੇ ਆਈ ਸਭ ਤੋਂ ਵੱਡੀ ਕੁੱਦਰਤੀ ਆਫਤ ਸੁਨਾਮੀ ਵਿਚ ਹੋਈਆਂ ਮੌਤਾਂ ਦੀ ਗਿਣਤੀ ਨੂੰ ਪਾਰ ਕਰ ਗਈ ਹੈ। ਉਸ ਸਮੇ 61 ਮੌਤਾਂ ਹੋਈਆਂ ਸਨ। ਉਂਝ ਹਵਾਈ ਨੂੰ ਰਾਜ ਦਾ ਦਰਜਾ ਮਿਲਣ ਤੋਂ ਪਹਿਲਾਂ 1946 ਵਿਚ ਆਈ ਸੁਨਾਮੀ ਵਿੱਚ ਇਸ ਵੱਡੇ ਟਾਪੂ 'ਤੇ 150 ਮੌਤਾਂ ਹੋਈਆਂ ਸਨ। ਇਸੇ ਦੌਰਾਨ ਹਵਾਈ ਦੇ ਐਮਰਜੰਸੀ ਵਾਰਨਿੰਗ ਸਿਸਟਮ ਉਪਰ ਵੀ ਸਵਾਲ ਉਠਾਏ ਜਾ ਰਹੇ ਹਨ ਜੋ ਲੋਕਾਂ ਨੂੰ ਅਗਾਊਂ ਸੁਚੇਤ ਕਰਨ ਵਿੱਚ ਨਾਕਾਮ ਰਿਹਾ। ਅੱਗ ਵਿਚੋਂ ਬਚ ਕੇ ਆਏ ਲੋਕਾਂ ਨੇ ਕਿਹਾ ਹੈ ਕਿ ਉਨਾਂ ਨੂੰ ਕੋਈ ਸਾਇਰਨ ਸੁਣਾਈ ਨਹੀਂ ਦਿੱਤਾ ਤੇ ਨਾ ਹੀ ਕੋਈ ਅਗਾਊਂ ਚਿਤਾਵਨੀ ਦਿੱਤੀ ਗਈ। ਉਨਾਂ ਨੂੰ ਕੇਵਲ ਓਦੋਂ ਹੀ ਖਤਰੇ ਬਾਰੇ ਪਤਾ ਲੱਗਾ ਜਦੋਂ ਅੱਗ ਦੀਆਂ ਲਪਟਾਂ ਵਿਖਾਈ ਦਿੱਤੀਆਂ ਤੇ ਧਮਾਕੇ ਸੁਣਾਈ ਦਿੱਤੇ। ਅੱਗ ਵਿਚ ਆਪਣਾ ਘਰ ਗਵਾ ਚੁੱਕੀ ਲਿਨ ਰੋਬਿਨਸਨ ਨੇ ਕਿਹਾ ਕਿ ਸਾਨੂੰ ਕੋਈ ਚਿਤਾਵਨੀ ਨਹੀਂ ਦਿੱਤੀ ਗਈ ਤੇ ਨਾ ਹੀ ਕੋਈ ਸਾਡੀ ਮੱਦਦ ਲਈ ਆਇਆ। ਇਤਿਹਾਸਕ ਕਸਬਾ ਲਾਹੈਨਾ ਸਵਾਹ ਵਿਚ ਤਬਦੀਲ ਹੋ ਚੁੱਕਾ ਹੈ। ਹਜਾਰਾਂ ਲੋਕ ਉਜੜ ਗਏ ਹਨ ਤੇ ਇਮਾਰਤਾਂ ਤਬਾਹ ਹੋ ਗਈਆਂ ਹਨ। ਗਵਰਨਰ ਜੋਸ਼ ਗਰੀਨ ਨੇ ਕਸਬੇ ਦੇ ਮੇਅਰ ਨਾਲ ਖੰਡਰ ਬਣ ਚੁੱਕੇ ਲਾਹੈਨਾ ਕਸਬੇ ਦਾ ਦੌਰਾ ਕਰਨ ਉਪਰੰਤ ਕਿਹਾ ਕਿ ਬਿਨਾਂ ਸ਼ੱਕ ਅਜਿਹਾ ਲੱਗ ਰਿਹਾ ਹੈ ਕਿ ਜਿਵੇਂ ਲਾਹੈਨਾ ਉਪਰ ਕੋਈ ਬੰਬ ਵਰਗੀ ਚੀਜ ਡਿੱਗੀ ਹੋਵੇ। ਉਨਾਂ ਕਿਹਾ ਕਿ ਸ਼ੁਰੂ ਵਿਚ ਲੋਕਾਂ ਲਈ 2000 ਕਮਰੇ ਲਏ ਗਏ ਹਨ ਤੇ ਸਥਾਨਕ ਹੋਟਲਾਂ ਤੇ ਹੋਰਨਾਂ ਨੂੰ ਕਿਹਾ ਗਿਆ ਹੈ ਕਿ ਉਹ ਲੋੜਵੰਦਾਂ ਨੂੰ ਆਰਜੀ ਰਿਹਾਇਸ਼ ਦੇਣ ਵਿੱਚ ਮੱਦਦ ਕਰਨ।




(ਫੋਟੋ : ਧੰਨਵਾਦ ਸਹਿਤ ਸ਼ੋਸ਼ਲ ਮੀਡੀਆ)




Fresno California

ਵਿਚ ਖੁੱਲ੍ਹਾ ਰਿਹਾ ਨਵਾਂ ਦ.ਫਤਰ

ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਇਕ ਛੱਤ ਥੱਲੇ

• ਪੋਲੀਟੀਕਲ ਅਸਾਈਲਮ • ਡਿਪ੍ਰੋਟੇਸ਼ਨ ਡਿਫੈਂਸ • BIA ਅਪੀਲ
• 9 Circuit ਅਪੀਲ • ਸਿਟੀਜਨਸ਼ਿਪ • ਗਰੀਨਕਾਰਡ

ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕੋ ਛੱਤ ਥੱਲੇ

Law office of Anthony Nwosu

239 West Yosemite Ave Manteca CA 95336
ਸਾਡਾ ਆਫ਼ਿਸ਼ Oakland ਅਤੇ Sacramento ਵਿਚ ਵੀ ਹੈ।

ਅਸੀਂ ਇਮੀਗ੍ਰੇਸ਼ਨ ਨਾਲ ਸਬੰਧਤ ਹਰ ਤਰ੍ਹਾਂ
ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।

209-481-7750
510-472-0608
PH. : 209-624-3919



ਸ੍ਰ. ਹਰਮਿੰਦਰ ਸਿੰਘ ਸਮਾਣਾ
ਆਫ਼ਿਸ ਮੈਨੇਜਰ



Anthony Nwosu
Attorney at Law

# ਭਾਰਤ-ਪਾਕਿ ਦੇ ਅਵਾਮ 'ਚ ਚਰਚਾ ਦਾ ਵਿਸ਼ਾ ਹਨ ਸੀਮਾ ਹੈਦਰ ਤੇ ਅੰਜੂ ਦੇ ਅਫ਼ਸਾਨੇ

ਪਾਕਿਸਤਾਨ ਤੋਂ ਆਪਣੇ ਪਿਆਰ ਲਈ ਭਾਰਤ ਆਈ ਚਾਰ ਬੱਚਿਆਂ ਦੀ ਮਾਂ ਸੀਮਾ ਹੈਦਰ ਤੇ ਉਸ ਦੇ ਪ੍ਰੇਮੀ ਸਚਿਨ ਦੋਵਾਂ ਦੀਆਂ ਰੋਮਾਂਟਿਕ ਵੀਡੀਓਜ਼ ਸੋਸ਼ਲ ਮੀਡੀਆ 'ਤੇ ਘੁੰਮ ਰਹੀਆਂ ਹਨ। ਸੀਮਾ ਹੈਦਰ ਦੀ ਲੋਕਪਿ ?ਰਅਤਾ ਦਿਨ-ਬ-ਦਿਨ ਵਧਦੀ ਜਾ ਰਹੀ ਹੈ। ਉਸ ਦੇ ਸੋਸ਼ਲ ਮੀਡੀਆ ਅਕਾਊਂਟ 'ਤੇ ਫਾਲੋਅਰਜ਼ ਤੇਜ਼ੀ ਨਾਲ ਵਧ ਰਹੇ ਹਨ। ਸੀਮਾ ਦੇ ਇੰਸਟਾਗ੍ਰਾਮ ਅਕਾਊਂਟ 'ਤੇ ਸਚਿਨ ਨਾਲ ਬਣਾਈਆਂ ਰੋਮਾਂਟਿਕ ਵੀਡੀਓਜ਼ ਕਾਫ਼ੀ ਵਾਇਰਲ ਹੋ ਰਹੀਆਂ ਹਨ। ਇਹ ਘਟਨਾ ਜ਼ੋਰਾਂ-ਸ਼ੋਰਾਂ ਨਾਲ ਸੋਸ਼ਲ ਮੀਡੀਆ ਉੱਤੇ ਮਨੋਰੰਜਨ ਦੇ ਸਾਧਨ ਵਜੋਂ ਅਜੇ ਖ਼ੂਬ ਚਰਚਾ ਵਿਚ ਹੀ ਸੀ ਕਿ ਇਕ ਹੋਰ ਨੇ ਚੰਨ ਚਾੜ੍ਹ ਦਿੱਤਾ। ਉਸ ਤੋਂ ਬਾਅਦ ਵਿਆਹੁਤਾ ਭਾਰਤੀ ਔਰਤ ਅੰਜੂ ਨੇ ਪਾਕਿਸਤਾਨ ਵਿਚ ਫੇਸਬੁੱਕ ਦੋਸਤ ਨਾਲ ਵਿਆਹ ਕਰਵਾਇਆ। ਇਹ ਮਾਮਲਾ ਸੀਮਾ ਹੈਦਰ ਤੋਂ ਵੀ ਦਿਲਚਸਪ ਹੈ। ਰਾਜਸਥਾਨ ਦੇ ਭਿਵਾੜੀ 'ਚ ਆਪਣੇ ਪਤੀ ਅਤੇ ਦੋ ਬੱਚਿਆਂ ਨੂੰ ਛੱਡ ਕੇ ਅੰਜੂ ਫੇਸਬੁੱਕ 'ਤੇ ਆਪਣੇ ਪ੍ਰੇਮੀ ਨਸਰੁੱਲਾ ਨੂੰ ਮਿਲਣ ਪਾਕਿਸਤਾਨ ਪਹੁੰਚ ਗਈ ਅਤੇ ਵਿਆਹ ਕਰਵਾ ਲਿਆ। ਇੰਨਾ ਹੀ ਨਹੀਂ, ਇਸਲਾਮ ਧਰਮ ਅਪਨਾਉਣ ਤੋਂ ਬਾਅਦ ਉਸ ਨੇ ਆਪਣਾ ਨਾਂ ਫਾਤਿਮਾ ਰੱਖਿਆ ਹੈ।



ਉਸ ਮਗਰੋਂ ਨਸਰੁੱਲਾ ਤੇ ਅੰਜੂ ਦੋਵੇਂ ਸਖ਼ਤ ਸੁਰੱਖਿਆ ਵਿਚਕਾਰ ਸੈਰ ਲਈ ਨਿਕਲੇ ਸਨ। ਉਨ੍ਹਾਂ ਦੀਆਂ ਘੁੰਮਦਿਆਂ-ਫਿਰਦਿਆਂ ਦੀਆਂ ਫੋਟੋਆਂ ਅਤੇ ਵੀਡੀਓਜ਼ ਹਰ ਤਰ੍ਹਾਂ ਦੇ ਮੀਡੀਆ ਵਿਚ ਖ਼ੂਬ ਘੁੰਮਣ ਲੱਗੀਆਂ। ਏਧਰ ਕਦੇ ਉਸ ਦੇ ਪਤੀ, ਕਦੇ ਭਰਾ ਤੇ ਕਦੇ ਪਿਉ ਕੋਲ ਮੀਡੀਆ ਦਾ ਮਾਈਕ ਫੜ ਕੇ ਪਹੁੰਚਣਾ ਅਤੇ ਉਨ੍ਹਾਂ ਦੇ ਬਿਆਨਾਂ ਨੂੰ ਦੁਨੀਆ ਸਾਹਮਣੇ ਪੇਸ਼ ਕਰਨ ਦਾ ਹੜ੍ਹ ਜਿਹਾ ਆ ਗਿਆ। ਦੁਨੀਆ ਲਈ ਇਹ ਸਭ ਨਿਰਾ ਇਕ ਤਮਾਸ਼ਾ ਹੈ ਤੇ ਮਨੋਰੰਜਨ ਦਾ ਸਸਤਾ ਸਾਧਨ ਹੈ। ਸੋਸ਼ਲ ਮੀਡੀਆ 'ਤੇ ਜ਼ੋਰਾਂ-ਸ਼ੋਰਾਂ ਨਾਲ ਮਿਰਚ-ਮਸਾਲੇ ਲਾ-ਲਾ ਕੇ ਪੇਸ਼ ਕਰਨਾ ਤੇ ਉਸ ਥੱਲੇ ਪਬਲਿਕ ਵੱਲੋਂ ਗੰਦੇ-ਮੰਦੇ ਕੁਮੈਂਟਾਂ ਰਾਹੀਂ ਭੜਾਸ ਕੱਢਣਾ ਆਮ ਜਿਹੀ ਗੱਲ ਹੋ ਗਈ ਹੈ। ਹੌਲੀ-ਹੌਲੀ ਇਕ-ਦੋ ਮਹੀਨੇ ਬਾਅਦ ਕੋਈ ਹੋਰ ਔਰਤ ਕਿਸੇ ਦੇ ਪਿਆਰ ਵਿਚ ਅੰਨ੍ਹੀ ਹੋਈ ਆਏਗੀ। ਫਿਰ ਉਸ ਦੇ ਚਰਚੇ ਛਿੜ ਜਾਣਗੇ। ਇਸ ਤੋਂ ਪਹਿਲਾਂ ਅਪ੍ਰੈਲ 2018 ਵਿਚ ਸਿੱਖ ਜਥੇ ਨਾਲ ਪਾਕਿਸਤਾਨ ਵਿਚ ਜਾ ਕੇ ਕਿਰਨ ਬਾਲਾ ਆਪਣੇ ਪਾਕਿਸਤਾਨੀ ਪ੍ਰੇਮੀ ਮੁਹੰਮਦ ਆਜ਼ਮ ਕੋਲ ਭੱਜ ਗਈ ਤੇ ਇਸਲਾਮ ਧਰਮ ਕਬੂਲ ਕਰ ਕੇ ਕਿਰਨ ਤੋਂ ਅਮੀਨਾ ਬਣ ਗਈ। ਇਕ-ਦੋ ਮਹੀਨੇ ਇਸ ਅਜਬ ਕਿੱਸੇ ਨੇ ਦੁਨੀਆ ਭਰ ਦੇ ਲੋਕਾਂ ਦਾ ਖ਼ੂਬ ਮਨੋਰੰਜਨ ਕੀਤਾ ਸੀ। ਪਰ ਅੱਜ ਉਹ ਕਿਸ ਹਾਲ ਵਿਚ ਜ਼ਿੰਦਗੀ ਬਸਰ ਕਰ ਰਹੀ ਹੈ, ਜਿਹੜੇ ਪਿਉ ਬਾਹਰੇ ਬੱਚਿਆਂ ਨੂੰ ਉਹ ਛੱਡ ਕੇ ਭੱਜ ਗਈ ਸੀ, ਉਹ ਕਿਨ੍ਹਾਂ ਹਾਲਤਾਂ ਵਿਚ ਪਲ ਰਹੇ ਹਨ, ਇਸ ਨਾਲ ਕਿਸੇ ਨੂੰ ਕੋਈ ਲੈਣਾ-ਦੇਣਾ ਨਹੀਂ ਹੈ। ਲੋਕ ਵੀ ਸਿਨੇਮਾਘਰਾਂ ਵਿਚਲੀ ਦੋ-ਤਿੰਨ ਘੰਟੇ ਦੀ ਫਿਲਮ ਦੇਖਣ ਤੋਂ ਬਾਅਦ ਜਿਵੇਂ ਅਗਲੀ ਫਿਲਮ ਦੇਖਣ ਲਈ ਤਿਆਰ ਹੋ ਜਾਂਦੇ ਹਨ, ਬਿਲਕੁਲ ਉਸੇ ਤਰ੍ਹਾਂ ਹੀ ਇਹ ਖ਼ਬਰਾਂ ਉਨ੍ਹਾਂ ਲਈ ਫਿਲਮਾਂ ਵਾਂਗ ਹੀ ਹਨ। ਚਾਹੇ ਪੱਛਮੀ ਦੇਸ਼ਾਂ ਤੋਂ ਅੰਗਰੇਜ਼ ਔਰਤਾਂ ਵੱਲੋਂ ਭਾਰਤ ਵਿਚ ਆ ਕੇ ਆਪਣੇ ਪ੍ਰੇਮੀਆਂ ਨਾਲ ਵਿਆਹ ਕਰਵਾਉਣ ਦੀਆਂ ਅਨੇਕਾਂ ਘਟਨਾਵਾਂ ਸਮੇਂ-ਸਮੇਂ 'ਤੇ ਸਾਹਮਣੇ ਆਉਂਦੀਆਂ ਰਹਿੰਦੀਆਂ ਹਨ। ਉਹ ਵੀ ਨਿਰੇ ਬੇਮੇਲ ਜੋੜ ਹੀ ਹੁੰਦੇ ਹਨ ਜਿਵੇਂ ਪੰਜਾਹ-ਸੱਠ ਸਾਲ ਦੀ ਔਰਤ ਦਾ ਵੀਹ-ਬਾਈ ਸਾਲ ਦੇ ਨੌਜਵਾਨ ਨਾਲ ਵਿਆਹ ਕਰਵਾਉਣਾ ਜਾਂ ਹੋਰ ਵੀ ਕਈ ਪੱਖਾਂ ਤੋਂ ਜੋੜੀਆਂ ਦਾ ਕੋਈ ਆਪਸੀ ਮੇਲ ਨਹੀਂ ਹੁੰਦਾ।

ਇਸ ਦਾ ਮੁੱਖ ਕਾਰਨ ਕਿਸੇ ਵੀ ਤਰੀਕੇ ਨਾਲ ਬਹੁਤਾ ਕਰਕੇ ਨੌਜਵਾਨਾਂ ਦਾ ਮਕਸਦ ਵਿਦੇਸ਼ਾਂ ਵਿਚ ਜਾ ਕੇ ਸੈੱਟ ਹੋਣਾ ਹੀ ਹੁੰਦਾ ਹੈ। ਇਹੋ ਜਿਹੇ ਵਿਆਹ ਵੀ ਮੀਡੀਆ ਵਿਚ ਬਹੁ-ਚਰਚਿਤ ਰਹਿ ਕੇ ਲੋਕਾਂ ਦਾ ਬਹੁਤ ਮਨੋਰੰਜਨ ਕਰਦੇ ਹਨ। ਗੱਲ ਮੁੱਖ ਮੁੱਦੇ ਦੀ ਕਰੀਏ ਕਿ ਕਿਰਨ ਬਾਲਾ ਉਰਫ਼ ਅਮੀਨਾ ਜਾਂ ਅੰਜੂ ਉਰਫ਼ ਫਾਤਿਮਾ ਨਾਲੋਂ ਸੀਮਾ ਹੈਦਰ ਨੇ ਸਮਝਦਾਰੀ ਵਰਤਦਿਆਂ ਆਪਣੀ ਮਮਤਾ ਨੂੰ ਕਲੰਕਿਤ ਨਹੀਂ ਕੀਤਾ ਤੇ ਉਸ ਨੂੰ ਕਾਇਮ ਰੱਖਿਆ। ਉਹ ਆਪਣੇ ਚਾਰ ਬੱਚਿਆਂ ਨੂੰ ਨਾਲ ਲੈ ਤੁਰੀ। ਅਮੀਨਾ ਨੇ ਆਪਣੇ ਤਿੰਨ ਬੱਚਿਆਂ ਤੇ ਫਾਤਿਮਾ ਨੇ ਆਪਣੇ ਦੋ ਬੱਚਿਆਂ ਨੂੰ ਜਨਮ ਦੇ ਕੇ ਉਨ੍ਹਾਂ ਪ੍ਰਤੀ ਆਪਣੀ ਮਮਤਾ ਦਾ ਰੱਜ ਕੇ ਘਾਣ ਕੀਤਾ ਹੈ। ਉਨ੍ਹਾਂ ਨੂੰ ਸਾਰੀ ਉਮਰ ਲਈ ਲੋਕਾਂ ਲਈ ਮਜ਼ਾਕ ਦੇ ਪਾਤਰ ਬਣ ਕੇ ਜਾਂ ਦੁਨੀਆ ਦੀਆਂ ਤਰ੍ਹਾਂ-ਤਰ੍ਹਾਂ ਦੀਆਂ ਗੱਲਾਂ ਸੁਣ-ਸੁਣ ਕੇ ਨਮੋਸ਼ੀ ਭਰਿਆ ਜੀਵਨ ਬਤੀਤ ਕਰਨ ਲਈ ਛੱਡ ਗਈਆਂ। ਜਿਹੜੀ ਉਮਰ ਵਿਚ ਬੱਚਿਆਂ ਨੂੰ ਆਪਣੀ ਮਾਂ ਦੀ ਇਕ ਦੋਸਤ ਜਾਂ ਗਾਈਡ ਜਾਂ ਪ੍ਰੇਰਨਾ ਸਰੋਤ ਵਜੋਂ ਨਾਲ ਖੜ੍ਹਨ ਦੀ ਬੇਹੱਦ ਲੋੜ ਹੁੰਦੀ ਹੈ, ਉਸ ਉਮਰ ਵਿਚ ਉਨ੍ਹਾਂ ਦੀ ਮਾਂ ਵੱਲੋਂ ਦੁਨੀਆ ਭਰ ਵਿਚ ਇਕ ਚਰਿੱਤਰਹੀਣ ਪਾਤਰ ਵਜੋਂ ਉੱਭਰ ਕੇ ਸਾਹਮਣੇ ਆਉਣਾ ਉਨ੍ਹਾਂ ਦੇ ਬੱਚਿਆਂ ਤੇ ਪਰਿਵਾਰਕ ਮੈਂਬਰ ਤੇ ਸਾਕ-ਸਬੰਧੀਆਂ ਲਈ ਪਹਾੜ ਟੁੱਟਣ ਦੇ ਬਰਾਬਰ ਹੈ। ਉਨ੍ਹਾਂ ਵੱਲੋਂ ਪੁੱਟੇ ਗਏ ਇਨ੍ਹਾਂ ਕਦਮਾਂ ਦੇ ਸਿੱਟੇ ਭੁਗਤਣ ਦਾ ਦਰਦ ਤਾਂ ਉਨ੍ਹਾਂ ਦੇ ਬੱਚਿਆਂ, ਘਰ ਦੇ ਜੀਆਂ ਤੇ ਰਿਸ਼ਤੇਦਾਰਾਂ ਨੂੰ ਹੀ ਪਤਾ ਹੋਵੇਗਾ ਜਿਨ੍ਹਾਂ ਉੱਪਰ ਇਹ ਬੀਤ ਰਿਹਾ ਹੋਵੇਗਾ। ਦੂਜੀ ਗੱਲ ਇਸ ਮਸਲੇ 'ਤੇ ਚਰਚਾ ਯੋਗ ਇਹ ਹੈ ਕਿ ਜਦੋਂ ਤੋਂ ਸੋਸ਼ਲ ਮੀਡੀਆ ਤੇ ਫੇਸਬੁੱਕ, ਇੰਸਟਾਗ੍ਰਾਮ ਜਾਂ ਨਵੀਆਂ-ਨਵੀਆਂ ਗੇਮਾਂ ਦੀਆਂ ਐਪਾਂ ਹੋਂਦ ਵਿਚ ਆਈਆਂ ਹਨ ਜਿਨ੍ਹਾਂ ਰਾਹੀਂ ਖੇਡ ਖੇਡਦੇ-ਖੇਡਦੇ ਵਿਦੇਸ਼ਾਂ ਵਿਚ ਬੈਠੇ ਲੋਕਾਂ ਨਾਲ ਗੱਲਬਾਤ ਕਰਦਿਆਂ ਪ੍ਰੇਮ ਜਾਲ ਵਿਚ ਫਸ ਜਾਣਾ ਤੇ ਫਿਰ ਇਸ ਵਿੱਚੋਂ ਨਿਕਲਣ ਦੀ ਬਜਾਏ ਇਹੋ ਜਿਹੇ ਅਨੈਤਿਕਤਾ ਵਾਲੇ ਕਦਮ ਉਠਾਉਣੇ ਆਮ ਵਰਤਾਰਾ ਹੋ ਗਿਆ ਹੈ।

ਇਸ ਤੋਂ ਵੀ ਦੁਖਦਾਈ ਇਹ ਹੈ ਕਿ ਇਨ੍ਹਾਂ ਸਰੋਤਾਂ ਰਾਹੀਂ ਇਨ੍ਹਾਂ ਦੇ ਕਾਰਨਾਮਿਆਂ ਨੂੰ ਸੋਸ਼ਲ ਮੀਡੀਆ 'ਤੇ ਐਨਾ ਵਾਇਰਲ ਕਰਨਾ ਕਿ ਇਨ੍ਹਾਂ ਤੋਂ ਪ੍ਰੇਰਨਾ ਲੈ ਕੇ ਫਿਰ ਕਿਸੇ ਹੋਰ ਦੁਆਰਾ ਇਹੋ ਜਿਹੇ ਕਦਮ ਉਠਾ ਲੈਣਾ ਬਹੁਤ ਹੀ ਦੁਖਦਾਈ ਹੈ। ਜਿਵੇਂ ਅੱਜ-ਕੱਲ੍ਹ ਇਸ ਗੱਲ ਦੀ ਖ਼ੂਬ ਚਰਚਾ ਹੈ ਕਿ ਸੀਮਾ ਹੈਦਰ ਦੇ ਸੋਸ਼ਲ ਮੀਡੀਆ 'ਤੇ ਫਾਲੋਅਰ ਬਹੁਤ ਤੇਜ਼ੀ ਨਾਲ ਵਧ ਰਹੇ ਹਨ। ਇੱਥੋਂ ਤਕ ਕਿ ਉਸ ਨੂੰ ਫਿਲਮਾਂ ਵਿਚ ਕੰਮ ਕਰਨ ਦੀ ਪੇਸ਼ਕਸ਼ ਆਉਣ ਦੀਆਂ ਖ਼ਬਰਾਂ ਵੀ ਫੈਲ ਰਹੀਆਂ ਹਨ। ਇਸ ਤਰ੍ਹਾਂ ਦੀਆਂ ਖ਼ਬਰਾਂ ਤੋਂ ਨੌਜਵਾਨਾਂ ਅੰਦਰ ਗ਼ਲਤ ਕੰਮ ਕਰਨ ਦੇ ਹੌਸਲੇ ਵਧਦੇ ਹਨ ਜਿਸ ਕਰਕੇ ਸੋਸ਼ਲ ਮੀਡੀਆ ਇਸ ਤਰ੍ਹਾਂ ਦੇ ਪ੍ਰੇਮ ਪ੍ਰਸੰਗਾਂ ਨੂੰ ਜਨਮ ਦੇ ਕੇ ਜਿੱਥੇ ਘਰਾਂ ਦੇ ਘਰ ਉਜਾੜ ਰਿਹਾ ਹੈ ਉੱਥੇ ਹੀ ਕਿੰਨੇ ਬੱਚਿਆਂ ਦੇ ਮਾਤਾ-ਪਿਤਾ ਨੂੰ ਵਿਛੋੜ ਕੇ ਉਨ੍ਹਾਂ ਦਾ ਭਵਿੱਖ ਧੁੰਦਲਾ ਕਰ ਰਿਹਾ ਹੈ। ਦੂਜੇ ਪਾਸੇ ਸੀਮਾ ਹੈਦਰ ਦਾ 'ਮੀਡੀਆ ਟਰਾਇਲ' ਵੀ ਚੱਲ ਰਿਹਾ ਹੈ। ਸ਼ਾਇਦ ਹੀ ਅਜਿਹਾ ਕੋਈ ਟੀਵੀ ਚੈਨਲ ਹੋਵੇ ਜਿਸ 'ਤੇ ਉਸ ਬਾਰੇ ਚਰਚਾ ਨਾ ਹੋ ਰਹੀ ਹੋਵੇ। ਕਈ ਚੈਨਲ ਉਸ ਨੂੰ ਆਈਐੱਸਆਈ ਦੀ ਏਜੰਟ ਵੀ ਕਹਿ ਰਹੇ ਹਨ। ਖ਼ੈਰ! ਕੁਝ ਵੀ ਹੋਵੇ, ਫ਼ਿਲਹਾਲ ਤਾਂ ਸੀਮਾ ਅਤੇ ਅੰਜੂ, ਦੋਵਾਂ ਦੇ ਹੀ ਸਰਹੱਦ ਦੇ ਆਰ-ਪਾਰ ਕਾਫ਼ੀ ਚਰਚੇ ਹੋ ਰਹੇ ਹਨ।

**ਬਰਜਿੰਦਰ ਕੌਰ ਬਿਸਰਾਓ**

# ਦੇਸ਼ ਦੇ ਵਿਕਾਸ ਲਈ ਕੇਂਦਰ ਤੇ ਸੂਬਾ ਸਰਕਾਰਾਂ ਨੂੰ ਰਲ-ਮਿਲ ਕੇ ਕੰਮ ਕਰਨਾ ਹੋਵੇਗਾ

**-ਡਾ. ਸੁਰਜੀਤ ਸਿੰਘ**




*ਵਿੱਤੀ ਅਨੁਸ਼ਾਸਨ ਮਗਰੋਂ ਵੀ ਸੂਬਿਆਂ ਦੀ ਹਾਲਤ ਵਿਚ ਕੋਈ ਖ਼ਾਸ ਸੁਧਾਰ ਨਹੀਂ ਆਇਆ ਹੈ। ਸੂਬਿਆਂ ਦੇ ਵਧਦੇ ਉਧਾਰ ਅਰਥਚਾਰੇ 'ਤੇ ਨਾ ਸਿਰਫ਼ ਉਲਟ ਅਸਰ ਪਾ ਰਹੇ ਹਨ ਬਲਕਿ ਇਸ ਦਾ ਅਸਰ ਉਨ੍ਹਾਂ ਸੂਬਿਆਂ 'ਤੇ ਵੀ ਹੋ ਰਿਹਾ ਹੈ ਜੋ ਵਿਕਸਤ ਬਣਨ ਵਾਲੇ ਪਾਸੇ ਵਧ ਰਹੇ ਹਨ।*

ਵਿੱਤੀ ਸਾਲ 2023-24 ਦੀ ਪਹਿਲੀ ਤਿਮਾਹੀ ਲਈ ਜਾਰੀ ਆਰਬੀਆਈ ਦੇ ਅੰਕੜੇ ਸਪਸ਼ਟ ਕਰਦੇ ਹਨ ਕਿ ਕੋਵਿਡ ਮਹਾਮਾਰੀ ਤੋਂ ਬਾਅਦ ਕੇਂਦਰ ਅਤੇ ਸੂਬਿਆਂ ਦੇ ਮਾਲੀਆ ਘਾਟੇ ਅਤੇ ਕਰਜ਼ੇ ਦੇ ਖੇਤਰ ਵਿਚ ਮਹੱਤਵਪੂਰਨ ਸੁਧਾਰ ਹੋਇਆ ਹੈ। ਕੇਂਦਰ ਦਾ ਮਾਲੀਆ ਘਾਟਾ ਜੀਡੀਪੀ ਦਾ 5.9 ਫ਼ੀਸਦੀ ਰਹਿ ਗਿਆ ਹੈ।

ਓਥੇ ਹੀ ਸਾਰੇ ਸੂਬਿਆਂ ਦਾ ਮਾਲੀਆ ਘਾਟਾ ਵੀ 4.1 ਫ਼ੀਸਦੀ ਘਟ ਕੇ 3.24 ਪ੍ਰਤੀਸ਼ਤ ਰਹਿ ਗਿਆ ਪਰ ਇਹ ਅੰਕੜੇ ਸਾਰੇ ਸੂਬਿਆਂ ਲਈ ਇਕ ਸਮਾਨ ਨਹੀਂ ਹਨ। ਵਿੱਤੀ ਸਾਲ 2020-21 ਵਿਚ ਚਾਰ ਸੂਬਿਆਂ ਬਿਹਾਰ, ਗੋਆ, ਓਡੀਸ਼ਾ ਅਤੇ ਉੱਤਰ ਪ੍ਰਦੇਸ਼ ਮਾਲੀਆ ਘਾਟੇ ਦੇ ਟੀਚੇ ਨੂੰ ਹਾਸਲ ਕਰਨ ਵਿਚ ਪੱਛੜ ਗਏ ਸਨ। ਸੰਨ 2023-24 ਦੀ ਪਹਿਲੀ ਤਿਮਾਹੀ ਵਿਚ ਸੱਤ ਸੂਬੇ ਆਂਧਰ ਪ੍ਰਦੇਸ਼, ਹਰਿਆਣਾ, ਕੇਰਲ, ਪੰਜਾਬ, ਰਾਜਸਥਾਨ, ਤਾਮਿਲਨਾਡੂ ਅਤੇ ਬੰਗਾਲ ਆਪਣੇ ਟੀਚੇ ਤੋਂ ਪਿੱਛੇ ਹਨ।

ਇਨ੍ਹਾਂ 'ਚ ਉੱਤਰ ਪ੍ਰਦੇਸ਼, ਮੱਧ ਪ੍ਰਦੇਸ਼ ਅਤੇ ਝਾਰਖੰਡ ਨੂੰ ਜੋੜ ਦੇਈਏ ਤਾਂ ਇਹ ਦਸ ਸੂਬੇ ਕੁੱਲ ਦੇਸ਼ ਦਾ 50 ਫ਼ੀਸਦੀ ਤੋਂ ਵੱਧ ਖ਼ਰਚ ਕਰਦੇ ਹਨ। ਇਨ੍ਹਾਂ ਸੂਬਿਆਂ ਦਾ ਕਰਜ਼ਾ ਵਿੱਤੀ ਕਮਿਸ਼ਨ ਦੁਆਰਾ ਸਿਫ਼ਾਰਸ਼ ਕੀਤੇ ਕਰਜ਼ਾ ਅਨੁਪਾਤ ਨਾਲੋਂ ਵੀ ਵੱਧ ਹੈ। ਇਹ ਕਿਸੇ ਇਕ ਸੂਬੇ ਦੀ ਸਮੱਸਿਆ ਨਹੀਂ ਹੈ ਬਲਕਿ ਇਹ ਪੂਰੇ ਦੇਸ਼ ਦਾ ਮਸਲਾ ਹੈ। ਕਈ ਸੂਬਿਆਂ ਦੇ ਖ਼ਰਚੇ ਤਾਂ ਵਧਦੇ ਜਾ ਰਹੇ ਹਨ ਪਰ ਉਨ੍ਹਾਂ ਲਈ ਵਿੱਤ ਪੋਸ਼ਣ ਕਰਨ ਦੀ ਸਮਰੱਥਾ ਵਿੱਤੀ ਸਾਲ 1955-56 ਵਿਚ 69 ਫ਼ੀਸਦੀ ਤੋਂ ਘਟ ਕੇ 2019-20 ਵਿਚ 38 ਫ਼ੀਸਦੀ ਹੀ ਰਹਿ ਗਈ ਹੈ।

ਵਿੱਤੀ ਅਨੁਸ਼ਾਸਨ ਮਗਰੋਂ ਵੀ ਸੂਬਿਆਂ ਦੀ ਹਾਲਤ ਵਿਚ ਕੋਈ ਖ਼ਾਸ ਸੁਧਾਰ ਨਹੀਂ ਆਇਆ ਹੈ। ਸੂਬਿਆਂ ਦੇ ਵਧਦੇ ਉਧਾਰ ਅਰਥਚਾਰੇ 'ਤੇ ਨਾ ਸਿਰਫ਼ ਉਲਟ ਅਸਰ ਪਾ ਰਹੇ ਹਨ ਬਲਕਿ ਇਸ ਦਾ ਅਸਰ ਉਨ੍ਹਾਂ ਸੂਬਿਆਂ 'ਤੇ ਵੀ ਹੋ ਰਿਹਾ ਹੈ ਜੋ ਵਿਕਸਤ ਬਣਨ ਵਾਲੇ ਪਾਸੇ ਵਧ ਰਹੇ ਹਨ। ਸੂਬਿਆਂ ਦਾ ਖ਼ਰਚਾ ਉਨ੍ਹਾਂ ਦੀ ਆਮਦਨ ਨਾਲੋਂ ਜ਼ਿਆਦਾ ਹੋਣ ਕਾਰਨ ਉਹ ਜ਼ਿਆਦਾ ਕਰਜ਼ੇ ਦੀ ਮੰਗ ਕਰਦੇ ਹਨ। ਵਿਆਜ ਦੇ ਭੁਗਤਾਨ, ਸਬਸਿਡੀ, ਪੈਨਸ਼ਨ, ਕਰਜ਼ਾ ਮਾਫ਼ੀ ਆਦਿ ਗ਼ੈਰ-ਉਤਪਾਦਕ ਖ਼ਰਚਿਆਂ ਦੇ ਵਧਣ ਕਾਰਨ ਸੂਬਾ ਸਰਕਾਰਾਂ 'ਤੇ ਆਰਥਿਕ ਦਬਾਅ ਵਧਦਾ ਜਾ ਰਿਹਾ ਹੈ।

ਕੋਵਿਡ ਮਹਾਮਾਰੀ ਤੋਂ ਬਾਅਦ ਉਤਪੰਨ ਹੋਣ ਵਾਲੇ ਆਲਮੀ ਜੋਖ਼ਮ ਅਤੇ ਬੇਯਕੀਨੀਆਂ ਕਾਰਨ ਵੱਖ-ਵੱਖ ਤਰ੍ਹਾਂ ਦੇ ਘਾਟੇ ਨੂੰ ਘੱਟ ਕਰਨਾ ਭਾਰਤੀ ਅਰਥਚਾਰੇ ਲਈ ਇਕ ਮਹੱਤਵਪੂਰਨ ਚੁਣੌਤੀ ਬਣ ਗਈ ਹੈ। ਤੇਜ਼ੀ ਨਾਲ ਬਦਲਦੀਆਂ ਆਲਮੀ ਆਰਥਿਕ ਗਤੀਵਿਧੀਆਂ ਨੇ ਨੀਤੀ ਘਾੜਿਆਂ ਨੂੰ ਇਹ ਸੋਚਣ 'ਤੇ ਮਜਬੂਰ ਕਰ ਦਿੱਤਾ ਹੈ ਕਿ ਸਬਸਿਡੀ ਅਤੇ ਮਹਿੰਗਾਈ ਦੇ ਨਾਲ ਮਾਲੀਆ ਸੰਤੁਲਨ ਦਾ ਪ੍ਰਬੰਧਨ ਕਿਸ ਤਰ੍ਹਾਂ ਕੀਤਾ ਜਾਵੇ ? ਇਸ ਸੰਤੁਲਨ ਨੂੰ ਸੋਧਣ ਲਈ ਸਰਕਾਰ ਟੈਕਸ ਦੇ ਦਾਇਰੇ ਵਿਚ ਸੁਧਾਰ ਕਰਨ ਦੀ ਥਾਂ ਟੈਕਸ ਦੀ ਡੂੰਘਾਈ ਨੂੰ ਹੱਲਾਸ਼ੇਰੀ ਦੇ ਰਹੀ ਹੈ ਜੋ ਆਉਣ ਵਾਲੇ ਸਮੇਂ ਲਈ ਮੁਸ਼ਕਲਾਂ ਪੈਦਾ ਕਰ ਸਕਦੀ ਹੈ। ਇਨ੍ਹੀਂ ਦਿਨੀਂ ਭਾਰਤੀ ਸੂਬਿਆਂ ਦੇ ਅੱਗੇ ਦੋਹਰੀ ਸਮੱਸਿਆ ਹੈ।

ਇਕ ਪਾਸੇ ਘੱਟ ਟੈਕਸ, ਘੱਟ ਮਾਲੀਆ ਅਤੇ ਵਧਦਾ ਘਾਟਾ ਹੈ ਤਾਂ ਦੂਜੇ ਪਾਸੇ ਵਿਕਾਸ ਦੀ ਪ੍ਰਕਿਰਿਆ ਨੂੰ ਤੇਜ਼ ਕਰਨ ਲਈ ਬੁਨਿਆਦੀ ਢਾਂਚੇ ਦੇ ਵਿਕਾਸ 'ਤੇ ਜ਼ਿਆਦਾ ਖ਼ਰਚਾ ਕਰਨਾ ਪੈਂਦਾ ਹੈ। ਹਰੇਕ ਸੂਬੇ ਦੀਆਂ ਖ਼ਾਸੀਅਤਾਂ ਵੀ ਇਸ ਅਸਮਾਨਤਾ ਨੂੰ ਵਧਾ ਰਹੀਆਂ ਹਨ। ਜਨਸੰਖਿਆ, ਆਰਥਿਕ ਵਿਕਾਸ, ਸ਼ਹਿਰੀਕਰਨ, ਕੁਦਰਤੀ ਸੋਮੇ, ਜਲਵਾਯੂ, ਬੁਨਿਆਦੀ ਢਾਂਚਾ, ਰੈਗੂਲੇਟਰੀ ਮਾਹੌਲ, ਕਿਰਤ ਸੁਧਾਰ, ਅਗਵਾਈ ਦੀ ਸਮਰੱਥਾ ਆਦਿ ਵਿਚ ਭਿੰਨਤਾ ਕਾਰਨ ਸੂਬਿਆਂ ਵਿਚ ਆਰਥਿਕ-ਸਮਾਜਿਕ ਅਸਮਾਨਤਾਵਾਂ ਤੇਜ਼ੀ ਨਾਲ ਵਧ ਰਹੀਆਂ ਹਨ।

ਦਿਲਕਸ਼ ਬੁਨਿਆਦੀ ਢਾਂਚੇ ਕਾਰਨ ਮਹਾਰਾਸ਼ਟਰ, ਗੁਜਰਾਤ, ਕਰਨਾਟਕ ਅਤੇ ਤਾਮਿਲਨਾਡੂ ਨਿੱਜੀ ਨਿਵੇਸ਼ ਨੂੰ ਆਕਰਸ਼ਿਤ ਕਰ ਕੇ ਖ਼ੁਸ਼ਹਾਲ ਸੂਬਿਆਂ ਵਿਚ ਬਦਲ ਗਏ ਹਨ। ਆਂਧਰ ਪ੍ਰਦੇਸ਼ ਅਤੇ ਤੇਲੰਗਾਨਾ ਆਰਥਿਕ ਸ਼ਕਤੀ ਦੇ ਕੇਂਦਰ ਦੇ ਰੂਪ ਵਿਚ ਤੇਜ਼ੀ ਨਾਲ ਉੱਭਰ ਰਹੇ ਹਨ। ਉੱਤਰ ਪ੍ਰਦੇਸ਼ ਤੇਜ਼ ਵਣਜ ਸੰਭਾਵਨਾਵਾਂ ਦੇ ਰੂਪ ਵਿਚ ਤੇਜ਼ੀ ਨਾਲ ਉੱਭਰ ਰਿਹਾ ਹੈ। ਜਦਕਿ ਹੋਰ ਸੂਬੇ ਇਸ ਦੌੜ ਵਿਚ ਕਾਫ਼ੀ ਪਿੱਛੇ ਹਨ।

ਇਨ੍ਹਾਂ ਸੂਬਿਆਂ ਦੇ ਵੱਖ-ਵੱਖ ਤਰ੍ਹਾਂ ਦੇ ਖ਼ਰਚੇ ਅਤੇ ਘਾਟੇ ਨੂੰ ਪੂਰਾ ਕਰਨ ਲਈ ਕੇਂਦਰ ਸਰਕਾਰ ਲੰਬੇ ਸਮੇਂ ਤਕ ਕਰਜ਼ਾ ਅਤੇ ਵਿਆਜ ਮੁਕਤ ਕਰਜ਼ਾ ਦੇਣ ਦੀ ਹਾਲਤ ਵਿਚ ਨਹੀਂ ਹੈ। ਅਜਿਹੀ ਹਾਲਤ ਵਿਚ ਸੂਬਿਆਂ ਦੇ ਮਾਲੀਆ ਅਤੇ ਵਪਾਰਕ ਘਾਟੇ ਦੇ ਉੱਚਿਤ ਪ੍ਰਬੰਧਨ ਲਈ ਰਣਨੀਤਕ ਪਹਿਲ ਦੀ ਜ਼ਰੂਰਤ ਹੈ। ਇਸ ਸਬੰਧ ਵਿਚ ਭਾਰਤ ਨੂੰ ਆਪਣੇ ਵਿਕਾਸ ਮਾਡਲ 'ਤੇ ਨਜ਼ਰਸਾਨੀ ਕਰਨੀ ਹੋਵੇਗੀ ਜਿਸ ਨਾਲ ਹਰੇਕ ਸੂਬੇ ਦਾ ਦੇਸ਼ ਦੇ ਵਿਕਾਸ ਵਿਚ ਅਹਿਮ ਯੋਗਦਾਨ ਹੋ ਸਕੇ। ਜੇਕਰ ਆਲਮੀ ਮੁਹਾਂਦਰੇ ਦੇ ਨਾਲ ਅੱਗੇ ਵਧਣਾ ਚਾਹੁੰਦੇ ਹਾਂ ਤਾਂ ਸਾਨੂੰ ਹਰੇਕ ਸੂਬੇ ਨੂੰ ਵਿਕਾਸ ਦੇ ਮੌਕੇ ਉਪਲਬਧ ਕਰਵਾਉਣੇ ਹੋਣਗੇ। ਇਹ ਉਦੋਂ ਹੀ ਸੰਭਵ ਹੈ ਜਦ ਬਾਹਰਲੇ ਸਰੋਤਾਂ 'ਤੇ ਨਿਰਭਰ ਰਹਿਣ ਦੀ ਥਾਂ ਸੂਬਿਆਂ ਨੂੰ ਜ਼ਿਆਦਾ ਆਰਥਿਕ ਅਧਿਕਾਰ ਮਿਲਣ।

ਇਸ ਦੇ ਨਾਲ-ਨਾਲ ਉਨ੍ਹਾਂ ਨੂੰ ਆਪਣੇ ਸੋਮਿਆਂ ਦੀ ਵਰਤੋਂ ਵਿਚ ਜ਼ਿਆਦਾ ਸਮਰੱਥ ਬਣਨਾ ਹੋਵੇਗਾ। ਵੱਡੇ ਸੂਬਿਆਂ ਦੇ ਉਨ੍ਹਾਂ ਖੇਤਰਾਂ 'ਤੇ ਵਿਸ਼ੇਸ਼ ਧਿਆਨ ਦਿੱਤਾ ਜਾਣਾ ਚਾਹੀਦਾ ਹੈ ਜੋ ਵਿਕਾਸ ਵਿਚ ਆਪਣਾ ਯੋਗਦਾਨ ਨਹੀਂ ਦੇ ਪਾ ਰਹੇ ਹਨ। ਸਥਾਨਕ ਜ਼ਰੂਰਤਾਂ ਦੇ ਆਧਾਰ 'ਤੇ ਵੱਡੇ ਸੂਬਿਆਂ ਦੇ ਪੱਛੜੇ ਖੇਤਰਾਂ ਨੂੰ ਨਵੇਂ ਸੂਬੇ ਦੇ ਰੂਪ ਵਿਚ ਬਣਾਇਆ ਜਾਣਾ ਚਾਹੀਦਾ ਹੈ। ਛੋਟੇ ਸੂਬਿਆਂ ਦਾ ਨਿਰਮਾਣ ਕਰਦੇ ਸਮੇਂ ਪਹਿਲਾਂ ਤੋਂ ਹੀ ਮੌਜੂਦ ਸੰਸਥਾਵਾਂ ਨੂੰ ਮਜ਼ਬੂਤ ਕਰਨਾ ਹੋਵੇਗਾ। ਨਵੇਂ ਸੂਬਿਆਂ ਦੇ ਵਿਕਾਸ ਤੇ ਮੁਹਾਰਤ ਵਿਚ ਵਾਧੇ ਨਾਲ ਜਮਹੂਰੀ ਸ਼ਾਸਨ ਦੀ ਵਿਵਸਥਾ ਵੀ ਮਜ਼ਬੂਤ ਹੋਵੇਗੀ। ਹਰੇਕ ਸੂਬੇ ਨੂੰ ਘੱਟੋ-ਘੱਟ ਅਰਥਚਾਰੇ, ਬੁਨਿਆਦੀ ਢਾਂਚੇ, ਖੇਤੀ, ਸਿੱਖਿਆ, ਸਿਹਤ, ਕਾਨੂੰਨ-ਵਿਵਸਥਾ, ਸ਼ਾਸਨ, ਸਮਾਵੇਸ਼ੀ ਵਿਕਾਸ, ਉੱਦਮੀਅਤਾ, ਸੈਰ-ਸਪਾਟੇ, ਵਾਤਾਵਰਨ ਅਤੇ ਸਵੱਛਤਾ 'ਤੇ ਵਿਸ਼ੇਸ਼ ਧਿਆਨ ਦੇਣਾ ਹੋਵੇਗਾ।

ਸੂਬਿਆਂ ਦੀ ਮਾਲੀਆ ਸਥਿਰਤਾ ਲਈ ਸਾਰਿਆਂ ਨੂੰ ਮਿਲ ਕੇ ਕੰਮ ਕਰਨਾ ਹੋਵੇਗਾ। ਵਿੱਤੀ ਕਮਿਸ਼ਨ ਦੇ ਪੂਰਵ-ਮੁਲਾਂਕਣ ਦੀ ਲੋੜ ਹੈ। ਉਨ੍ਹਾਂ ਬਦਲਾਂ 'ਤੇ ਵੀ ਵਿਚਾਰ ਕੀਤਾ ਜਾਣਾ ਚਾਹੀਦਾ ਹੈ ਜਿਨ੍ਹਾਂ ਨਾਲ ਸੂਬਿਆਂ ਨੂੰ ਘਾਟੇ ਤੋਂ ਬਾਹਰ ਨਿਕਲਣ 'ਚ ਮਦਦ ਮਿਲ ਸਕੇ। ਵਿਕਸਤ ਬਣਨ ਵਾਲੇ ਸੂਬਿਆਂ ਨੂੰ ਵਿੱਤੀ ਕਮਿਸ਼ਨ ਦੇ ਘੇਰੇ ਤੋਂ ਬਾਹਰ ਕੀਤੇ ਜਾਣ 'ਤੇ ਵਿਚਾਰ ਕੀਤਾ ਜਾਣਾ ਚਾਹੀਦਾ ਹੈ ਜਿਸ ਨਾਲ ਉਹ ਖ਼ੁਦ ਦੇ ਮਾਲੀਆ ਸੋਮਿਆਂ ਨੂੰ ਵਧਾ ਸਕਣ। ਕਮਿਸ਼ਨ ਨੂੰ ਇਸ ਗੱਲ ਨੂੰ ਧਿਆਨ 'ਚ ਰੱਖਣਾ ਚਾਹੀਦਾ ਹੈ ਕਿ ਮੌਜੂਦਾ ਕਰਜ਼ੇ ਦਾ ਬੋਝ ਭਾਵੀ ਪੀੜ੍ਹੀ 'ਤੇ ਘੱਟ ਤੋਂ ਘੱਟ ਹੋਵੇ। ਆਰਥਿਕ ਵਿਕਾਸ ਹੀ ਉਹ ਮਾਪਦੰਡ ਹੈ ਜੋ ਹਰ ਸੂਬੇ ਨੂੰ ਉਸ ਦੀਆਂ ਸਮੱਸਿਆਵਾਂ ਤੋਂ ਛੁਟਕਾਰਾ ਦਿਵਾ ਸਕਦਾ ਹੈ। ਕੇਂਦਰ ਅਤੇ ਸੂਬਾ ਸਰਕਾਰਾਂ ਨੂੰ ਆਪਣੇ ਵਿਚਾਰਧਾਰਕ ਪੱਖਾਂ ਤੋਂ ਅਲੱਗ ਹਟ ਕੇ ਦੇਸ਼ ਦੇ ਵਿਕਾਸ ਲਈ ਇਕ ਸਪਸ਼ਟ ਨੀਤੀ 'ਤੇ ਕੰਮ ਕਰਨਾ ਹੋਵੇਗਾ।

ਸਾਡੇ ਲੋਕ
SADE LOK

ਮੁੱਖ ਸੰਪਾਦਕ: **ਸਤਨਾਮ ਸਿੰਘ ਖਾਲਸਾ**, ਸਟੂਡੈਂਟ ਐਡੀਟਰ: **ਹਰਕਰਨ ਸਿੰਘ**,
ਅਸਿਸਟੈਂਟ ਸੰਪਾਦਕ: **ਰਵਿੰਦਰ ਸਿੰਘ ਟਾਂਡਾ**, ਜਨਰਲ ਮੈਨੇਜਰ: **ਹਰਪਾਲ ਸਿੰਘ**

Office : (925) 243-1300 | Cell : (510) 706-1300 | Fax : (925) 373-1300 | India : 783 706 1300

**1406 Janis CT Livermore CA 94551**

Disclaimer : Sade Lok Weekly Punjabi Newspaper and People associated with it are not responsible are any chaims made advertisers and do not endorse any product or services advertised in the Sade Lok weekly Punjabi Newspaper. Printing in California and Distributed all over the USA. Please Consult your lawyer before buying-hiring-contracting throgh the advertisement. Publish in Sade Lok Weekly Newspaper. In the Business of selling Space and claims made by the advertiser are not tested.

ALL DISPUTES SUBJECTED TO THE COUNTY OF ALAMEDA CALIFORINA. ਲੇਖਕ ਦੇ ਵਿਚਾਰਾਂ ਨਾਲ ਸੰਪਾਦਕ ਦਾ ਅਤੇ ਅਦਾਰਾ ਸਾਡੇ ਲੋਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।



ਸਿਹਤ ਵਿਗਿਆਨ
ਡਾ.ਗੁਰਦੀਪ ਸਿੰਘ ਸੰਧੂ

**Gurdip Singh Sandhu** Homeopathic Consultant
Experienced since 1973 as prof principal chief medical office in homeopathic medical college in india. Host various news papers tv and radio station all over world for "SEHAT VIGYAN" a lecture series of creation of "life from life" and it's health problems/ diseases begining to end of life.
**Dublin ca 94568 Ph. : (408) 687-1899**
**Email: homeomedicine@yahoo.com**
**http://www.homeomedicineatoz.com**



**ਮੈਂ ਗੁਰਦੀਪ ਸਿੰਘ ਸੰਧੂ ਸਿਹਤ ਵਿਗਿਆਨ ਦੇ ਲੈਕਚਰਾਂ ਦੀ ਅਗਲੀ ਕਿਸ਼ਤ ਲੈ ਕੇ ਹਾਜ਼ਰ ਹਾਂ**

# ਜੀਵਨ ਤੋਂ ਜੀਵਨ ਦੀ ਉਤਪਤੀ ਦਾ ਵਿਸਥਾਰ-81

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

**ਔਰਤ ਦੇ ਅੰਦਰੂਨੀ ਜਨਣ ਅੰਗਾਂ ਦੀ ਚਲਦੀ ਕਹਾਣੀ**

ਅੰਦਰੂਨੀ ਤੇ ਬਾਹਰੀ ਅੰਗਾਂ ਦਾ ਲਿੰਕ ਜੋੜਨ ਵਾਲਾ ਅੰਗ ਵੇਜਾਈਨਾ ਯਾਨੀ "ਭੱਗ" ਅਤੇ ਬਾਹਰੀ ਅੰਗ ਵਲਵਾ ਯਾਨੀ ਦੋ ਪੁੜਾਵਾਲਾ ਭਗ ਦਾ ਬਾਹਰੀ ਦਰਵਾਜਾ। ਉਪਰਲੀ ਤਸਵੀਰ ਵਿੱਚ ਜੋ ਵਿਖਾਈ ਦਿੰਦਾ ਹੈ ਉਹਦਾ ਵੇਰਵਾ ਇੰਜ ਹੈ। ਉਪਰਲੀ ਪਹਿਲੀ ਤਸਵੀਰ ਇਕ ਔਰਤ ਸਰੀਰ ਦਾ ਜਾਘਾ ਤੋਂ ਇਕ ਲੱਤ ਸਣੇ ਪਾਸਾ ਕੱਟ ਕੀਤਾ ਹੋਇਆ ਦਿਖਾਇਆ ਜਾ ਰਿਹਾ ਹੈ। ਜਿਵੇਂ ਮੰਨ ਲਿਆ ਜਾਵੇ ਕੋਈ ਔਰਤ ਸਰੀਰ ਖੱਬਾ ਪਾਸਾ ਹੇਠਾਂ ਕਰਕੇ ਇਕ ਸਾਈਡ ਤੇ ਲੰਮੀ ਪਈ ਹੋਵੇ ਤੇ ਇਕ ਉੱਪਰ ਵਾਲੀ ਲੱਤ ਤੇ ਅੱਧਾ ਹਿੱਸਾ ਲਾਂਭੇ ਕਰ ਦਿੱਤਾ ਜਾਵੇ ਤਾਂ ਜੋ ਦ੍ਰਿਸ਼ ਸਾਹਮਣੇ ਦਿਖਾਈ ਦਿੰਦਾ ਹੈ ਉਹੀ ਪਹਿਲੀ ਤਸਵੀਰ ਵਿੱਚ ਵਿਖਾਇਆ ਗਿਆ ਹੈ। ਇਸ ਤਸਵੀਰ ਨੂੰ ਪਿਛਲੇ ਪਾਸੇ ਤੋ ਵੇਖਣਾ ਸ਼ੁਰੂ ਕਰੋ। ਸਭ ਤੋਂ ਪਹਿਲਾ ਗੁਦਾ ਯਾਨੀ ਰੈਕਟਮ ਦਿਖਾਈ ਦਿੰਦੀ ਹੈ ਜਿਸ ਵਿੱਚ ਉੱਪਰੋਂ ਆਤੜੀਆਂ ਵਿਚੋਂ ਆ ਆ ਕੇ ਮੱਲ ਇਕੱਠਾ ਹੁੰਦਾ ਰਹਿੰਦਾ ਹੈ ਤੇ ਜਦ ਮੱਲ ਦਾ ਭਾਰ ਉਥੋ ਦੀਆਂ ਨਰਵ ਤੰਤੂਆਂ ਦੀ ਭਾਰ ਚੁੱਕਣ ਦੀ ਸਮਰੱਥਾ ਤੋ ਜ਼ਿਆਦਾ ਹੋ ਜਾਂਦਾ ਹੈ ਤਾਂ ਮੱਲ ਤਿਆਗ ਦੀ ਹਾਜਤ ਹੁੰਦੀ ਹੈ।

ਉਸ ਤੋਂ ਬਾਅਦ ਗੁਦਾ ਦੀ ਗੁਲਾਈ ਦੀ ਰੇਖਾ ਲੰਘਦਿਆਂ ਹੇਠਾਂ ਤੋਂ ਉੱਪਰ ਵੱਲ ਇਕ ਲਾਲ ਲਕੀਰ ਜਿਹੀ ਜਾਂਦੀ ਦਿਖਾਈ ਦਿੰਦੀ ਹੈ ਜੋ ਉਪਰ ਬੱਚੇਦਾਨੀ ਦੇ ਹੇਠਲੇ ਹਿੱਸੇ ਜਿਸਨੂੰ ਸਰਵਿਕਸ ਕਹਿੰਦੇ ਹਨ ਉਥੋ ਤੱਕ ਜਾਂਦੀ ਹੈ। ਇਸ ਨੂੰ ਵਜਾਈਨਾ ਕਹਿੰਦੇ ਹਨ। ਇਹੀ ਉਹ ਲਿੰਕ ਹੈ ਜਿਹੜਾ ਔਰਤ ਦੇ ਬਾਹਰੀ ਜਣਨ ਅੰਗਾਂ ਨੂੰ ਅੰਦਰੂਨੀ ਜਣਨ ਅੰਗਾਂ ਨਾਲ ਮਿਲਾਉਣ ਵਾਲਾ ਰਸਤਾ ਹੈ। ਇਸ ਨੂੰ ਵਜਾਈਨਾਜਾ ਭਗ ਕਹਿੰਦੇ ਹਾਂ। ਜਿਹੜਾ ਇਕ ਗੋਲ ਨਾਲੀ ਵਾਂਗ ਅੰਦਰ ਬੱਚੇਦਾਨੀ ਦੇ ਅੰਦਰਲੇ ਸੁਰਾਖ ਨਾਲ ਸਿੱਧਾ ਸੰਬੰਧ ਬਨਾਉਂਦੀ ਹੈ। ਬੱਚੇਦਾਨੀ ਦੇ ਅੰਦਰ ਵੀ ਗੋਲ ਨਾਲੀ ਵਰਗਾ ਇਕ ਰਸਤਾ ਵੀ ਵਾਲ ਵਰਗੀ ਲਕੀਰ ਦੇ ਤੌਰ 'ਤੇ ਹੀ ਵਿਖਾਇਆ ਗਿਆ ਹੈ ਅਤੇ ਬੱਚੇਦਾਨੀ ਗੁਲਾਬੀ ਰੰਗ ਵਿੱਚ ਗੋਲ ਭੁਕਾਨੇ ਵਾਂਗ ਦਿਖਾਈ ਦਿੰਦੀ ਹੈ ਦਿਸਦਾ ਮੂੰਹ ਹੇਠਾਂ ਵੱਲ ਭਗ ਵਿੱਚ ਖੁੱਲ ਰਿਹਾ ਦਿਖਾਈ ਦੇ ਰਿਹਾ ਹੈ। ਭਗ ਦੀ ਹੋਰ ਵਿਚਾਰ ਕਰਨ ਤੋਂ ਪਹਿਲਾਂ ਇਸ ਭਗ ਤੋਂ ਉੱਪਰ ਤੇ ਬੱਚੇਦਾਨੀ ਦੇ ਸਾਹਮਣੇ ਪਾਸੇ ਸਾਨੂੰ ਇਕ ਪਿੱਪਲ ਦੇ ਪੱਤੇ ਵਰਗਾ ਅੰਗ ਦਿਖਾਈ ਦਿੰਦਾ ਹੈ। ਇਹ ਪੇਸ਼ਾਪ ਵਾਲੀ ਥੈਲੀ ਯਾਨੀ ਯੂਰੀਨਰੀ ਬਲੈਡਰ ਹੈ ਜਿਸ ਵਿੱਚ ਕਿਡਨੀਆ ਵਿਚੋ ਫ਼ਿਲਟਰ ਹੋ ਹੋ ਕੇ ਯੂਰੇਟਰ ਨਾ ਦੀਆਂ ਨਾਲੀਆਂ ਰਾਹੀਂ ਪੇਸ਼ਾਪ ਬਲੈਡਰ ਵਿੱਚ ਇਕੱਠਾ ਹੁੰਦਾ ਰਹਿੰਦਾ ਹੈ ਤੇ ਜਦ ਇਸ ਬਲੈਡਰ ਦੀ ਥੈਲੀ ਅੰਦਰ ਪੇਸ਼ਾਪ ਦਾ ਭਾਰ ਚੁੱਕਣ ਦੀ ਸਮਰੱਥਾ ਜਿੰਨਾ ਪੇਸ਼ਾਪ ਆ ਜਾਂਦਾ ਹੈ ਤਾਂ ਸਾਨੂੰ ਪੇਸ਼ਾਪ ਦੀ ਹਾਜਤ ਹੁੰਦੀ ਹੈ ਤੇ ਹੇਠਾਂ ਵਾਲਾ ਬਲੈਡਰ ਦਾ ਮੂੰਹ ਖੁੱਲ੍ਹਦਾ ਹੈ ਤੇ ਪੇਸ਼ਾਪ ਬਾਹਰ ਨਿਕਲਦਾ ਹੈ। ਇੱਥੇ ਇਕ ਗੱਲ ਨੋਟ ਕਰਨ ਵਾਲੀ ਹੈ ਕਿ ਬੱਚੇਦਾਨੀ ਤੇ ਭਗ ਦੇ ਪਿਛਲੇ ਪਾਸੇ ਵੀ ਮਲ ਇਕੱਠਾ ਹੋਣ ਨਾਲ ਬੱਚੇਦਾਨੀ ਅੱਗੇ ਵੱਲ ਧੱਕੀ ਜਾਂਦੀ ਹੈ ਤੇ ਮਲ ਤਿਆਗ ਬਾਅਦ ਵਾਪਸ ਆਪਣੀ ਪੁਜ਼ੀਸ਼ਨ ਵਿੱਚ ਆ ਜਾਂਦੀ ਹੈ। ਇਸੇ ਤਰ੍ਹਾਂ ਅਗਲੇ ਪਾਸੇ ਵੀ ਜਿਵੇਂ ਬਲੈਡਰ ਪੇਸ਼ਾਪ ਨਾਲ ਭਰ ਜਾਦਾ ਹੈ ਤਾਂ ਬੱਚੇਦਾਨੀ ਪਿਛੇ ਵੱਲ ਧੱਕੀ/ਘੁੱਟੀ ਜਾਂਦੀ ਹੈ ਜਿਸ ਨਾਲ ਹੇਠਾਂ ਰੈਕਟਮ ਯਾਨੀ ਟੱਟੀ ਵਾਲੇ ਰਸਤੇ ਵਿੱਚ ਪ੍ਰੈਸ਼ਰ ਵੱਧ ਜਾਂਦਾ ਹੈ। ਜਿਸ ਨਾਲ ਦੋਹੀਂ ਪਾਸੀਂ ਯਾਨੀ ਅੱਗੋਂ ਵੀ ਤੇ ਪਿਛੋਂ ਤੋਂ ਵੀ ਬੱਚੇਦਾਨੀ ਤੇ ਭਗ ਉੱਪਰ ਪ੍ਰੈਸ਼ਰ ਵੱਧਣ ਨਾਲ ਕਾਮ ਉਤੇਜਨਾ ਵੀ ਪੈਦਾ ਹੁੰਦੀ ਹੈ।

**ਆਉ ਹੁਣ ਭਗ ਬਾਰੇ ਵਿਚਾਰ ਕਰਦੇ ਹਾਂ**

ਭਗ ਯਾਨੀ ਵੇਜਾਈਨਾ ਮਾਸਪੇਸ਼ੀਆਂ ਦੀ ਇਕ ਲਚਕਦਾਰ ਟਿਊਬ ਹੈ ਜੋ ਲੋੜ ਅਨੁਸਾਰ ਫੈਲਦੀ ਹੈ। ਜਿਵੇਂ ਸੈਕਸ ਕਰਦੇ ਸਮੇਂ ਹਰਸਾਈਜ਼ ਦੀ ਇੰਦਰੀ ਨੂੰ ਆਪਣੇ ਵਿੱਚ ਅਡਜਸਟ ਕਰਨ ਦੀ ਸਮਰੱਥਾ ਅਤੇ ਬੱਚਾ ਪੈਦਾ ਹੋਣ ਸਮੇਂ ਬੱਚੇ ਦੇ ਨਿਕਾਸ ਸਮੇਂ ਉਹਦਾ ਸਿਰ ਤੇ ਸਰੀਰ ਨੂੰ ਨਿਕਲਣ ਜਿੰਨਾ ਰਸਤਾ ਦੇਣ ਲਈ ਇਹ ਓਨੀ ਹੀ ਚੌੜਾਈ ਵਿੱਚ ਫੈਲਦੀ ਹੈ ਤੇ ਗੁਦਾ ਤੇ ਬਲੈਡਰ ਨੂੰ ਪਿਛੇ ਤੇ ਅੱਗੇ ਵੱਲ ਧੱਕਕੇ ਲੋੜ ਅਨੁਸਾਰ ਰਸਤਾ ਬਣਾਉਣ ਲਈ ਫੈਲਦੀ ਹੈ। ਅਗਰ ਔਰਤ ਦੀਆਂ ਪੈਲਵਿਕ ਦੀਆਂ ਹੱਡੀਆਂ ਦੀ ਲਚਕ ਘੱਟ ਹੋਵੇ ਤੇ ਸਖ਼ਤ ਹੱਡੀਆਂ ਅਗਰ ਬੱਚੇ ਦੇ ਨਿਕਾਸ ਲਈ ਲੋੜੀਂਦਾ ਰਸਤਾ ਨਾ ਦੇ ਸਕਣ ਕਰਕੇ ਬੱਚੇ ਦਾ ਨਿਕਾਸ ਯਾਨੀ ਡਲਿਵਰੀ ਇਸ ਕੁਦਰਤੀ ਭਗ ਵਾਲੇ ਰਸਤੇ ਰਾਹੀਂ ਨਹੀਂ ਹੋ ਸਕਦੀ ਜਿਸਨੂੰ ਮੈਡੀਕਲ ਬੋਲੀ ਵਿੱਚ ਪੈਲਵਿਕ ਡਿਸਪਰਪੋਰਸਨ ਕਹਿੰਦੇ ਹਨ ਜਿਸਦਾ ਵੇਰਵਾ ਦੁਬਾਰਾ ਓਬਸਟਰੇਟਿਕ ਗਾਇਨਾਕਾਲੋਜੀ ਵਾਲੇ ਲੈਕਚਰਾਂ ਵਿੱਚ ਫਿਰ ਦੁਬਾਰਾ ਆਵੇਗਾ।

ਭਗ ਬਾਹਰੀ ਵਲਵਾ ਦੇ ਅੰਦਰਲੇ ਹਿੱਸੇ ਤੋਂ ਸ਼ੁਰੂ ਹੋ ਕੇ ਬੱਚੇਦਾਨੀ ਦੇ ਹੇਠਲੇ ਮੂੰਹ ਤੱਕ ਬਲਕਿ ਉਸ ਤੋਂ ਵੀ ਅੱਗੇ ਗੁਦਾ ਦੇ ਨਾਲ ਨਾਲ ਕੁਝ ਦੂਰੀ ਤੱਕ ਜਾਂਦੀ ਹੈ। ਬਾਹਰੀ ਅੰਗ ਵਲਵਾ ਤੋਂ ਹੇਠਾਂ ਭੰਗ ਦਾ ਮੂੰਹ ਇਕ ਮੈਮਬਰਾਨ ਯਾਨੀ ਬਰੀਕ ਪਰਦੇ ਨਾਲ ਬੰਦ ਰਹਿੰਦਾ ਹੈ ਜਿਸ ਵਿੱਚ ਆਮ ਤੌਰ 'ਤੇ ਇਕ ਪਰ ਕਈ ਵੇਰਾ ਕਈ ਕਈ ਚੰਦਰਮਾ ਵਰਗੇ ਗੁਲਾਈ ਵਾਲੇ ਸੁਰਾਖ ਹੁੰਦੇ ਹਨ। ਜਿਹਨਾਂ ਰਾਹੀਪਿਉਬਰਟੀ ਦੀ ਸ਼ੁਰੂਆਤ ਸਮੇਂ ਮਾਸਿਕ ਧਰਮ ਦਾ ਖ਼ੂਨ ਬਾਹਰ ਆ ਸਕਦਾ ਹੈ। ਇਸ ਪਰਦੇ ਨੂੰ ਹਾਈਮਨ ਕਹਿੰਦੇ ਹਨ।

ਕਈ ਵੇਰਾਹਾਈਮਨ ਵਿੱਚ ਕੋਈ ਵੀ ਸੁਰਾਖ ਨਹੀਂ ਹੁੰਦਾ ਜਿਸ ਕਾਰਨ ਪਿਉਬਰਟੀ ਯਾਨੀ ਹੁੰਦੜਹੇਲ ਉਮਰ ਵਿੱਚ ਮਾਸਿਕ ਧਰਮ ਸ਼ੁਰੂ ਹੋਣ ਸਮੇਂ ਫਿਜਿਆਲੋਜੀਕਲ ਯਾਨੀ ਕੁਦਰਤ ਦੇ ਨਿਯਮ ਦੀਆਂ ਨਾਰਮਲ ਕਿਰਿਆਵਾਂ ਤਾਂ ਹੁੰਦੀਆਂ ਹਨ ਪਰ ਮਾਸਿਕ ਧਰਮ ਦਾ ਖ਼ੂਨ ਬਾਹਰ ਨਹੀਂ ਆਉਂਦਾ। ਮਾਸਕ ਧਰਮ ਦੇ ਚਕਰ ਸਮੇਂ ਪੇਂਡੂ ਯਾਨੀ ਪੇਟ ਦੇ ਹੇਠਲੇ ਹਿੱਸੇ ਵਿੱਚ ਦਰਦ ਦਾ ਹੋਣਾ ਜਾ ਮਾਸਕ ਧਰਮ ਦੀਆਂ ਹੋਰ ਨਿਸ਼ਾਨੀਆਂ ਜਿਵੇਂ ਬਰੈਸਟਾਂ ਵਿੱਚ ਦਰਦ ਹੋਣਾ ਸਭ ਹਾਰਮੋਨਜ ਕਿਰਿਆਵਾਂ ਤਾਂ ਹੁੰਦੀਆਂ ਹਨ ਪਰ ਮਾਸਿਕ ਧਰਮ ਦਾ ਖ਼ੂਨ ਬਾਹਰ ਨਹੀਂ ਆਉਂਦਾ। ਜਿਸ ਨੂੰ ਕਰਿਪਟੋਮੈਨੋਰੀਆ ਕਹਿੰਦੇ ਹਨ ਜਿਸ ਵਿੱਚ ਸਰਜਰੀ ਦੀ ਮਦਦ ਨਾਲ ਹਾਈਮਨ ਪਰਦੇ ਵਿੱਚ ਸੁਰਾਖ ਕੀਤਾ ਜਾਂਦਾ ਹੈ। ਇਹ ਗੱਲ ਵੀ ਜਾਨਣਯੋਗ ਹੈ ਕਿ ਪੁਰਾਣੇ ਜ਼ਮਾਨੇ ਵਿੱਚ ਲੜਕੀਆਂ ਦੀ ਸ਼ਾਦੀ ਛੋਟੀ ਉਮਰ ਵਿੱਚ ਕਰ ਦਿੱਤੀ ਜਾਂਦੀ ਸੀ ਤਾਂਕਿ ਪਹਿਲਾਂ ਮੈਨਸਿਸ ਲੜਕੀ ਨੂੰ ਸਹੁਰਿਆ ਦੇ ਘਰ ਵਿੱਚ ਹੀ ਆਵੇ ਤਾਂਕਿ ਅਗਰ ਕਰਿਪਟੋਮੈਨੋਰੀਆ ਵਰਗੀ ਕੋਈ ਗੱਲ ਹੋਵੇ ਵੀ ਯਾਨੀ ਹਾਈਮਨ ਵਿੱਚ ਜਮਾਂਦਰੂ ਸੁਰਾਖ ਨਾ ਵੀ ਬਣਿਆ ਹੋਵੇ ਤਾਂ ਪਤੀ ਨਾਲ ਸਹਿਵਾਸ ਸੰਭੋਗ ਕਰਦਿਆਂ ਹਾਈਮਨ ਵਿੱਚ ਸੁਰਾਖ ਬਣ ਜਾਵੇ।

(ਚੱਲਦਾ)

**HOMEOPATHIC NATURAL MEDICINES**
When Tired of All Treatments, For any Disease, At any Age
Try Alternative Treatment
Safe and Effective Medicines without any Side Effects



Consultant/Physician Since 1973
DHMS-Gold Medalist, BAMS, MDEH
Ex Prof, Principal, & CMO Medical Colleges/Hospitals in India
GURDIP S SANDHU
(408) 687-1899 (925) 999-8278
7021 Village Parkway, Dublin, CA 94568
PRACTICE UNDER PROVISION OF ACT SB_-577 STATE OF CA

**CAPITAL ACCOUNTING & TAX SERVICES**



Kuldip Singh Kang



Sewa Singh Bhinder



HELPING PEOPLE FOR THEIR TRUCKING NEEDS
**(IRP) Plates-48 States-Same Day**
ਬਾਹਰ ਚੱਲਣ ਵਾਲੇ ਟਰੱਕਾਂ ਦੀਆਂ ਪਲੇਟਾਂ ਤੁਸੀਂ ਸਾਡੇ ਦਫ਼ਤਰ ਵਿਚੋਂ ਤੁਰੰਤ ਵੀ ਲੈ ਸਕਦੇ ਹੋ।
**ਟਰੱਕਿੰਗ ਦੀ ਦੁਨੀਆ ਵਿਚ ਨਵਾਂ ਕਦਮ**
- ਟਰੱਕ ਲਾਇਸੈਂਸ ਪਲੇਟਾਂ ਵਾਸਤੇ ਹੁਣ ਹਫਤਿਆਂਬੱਧੀ ਉਡੀਕ ਕਰਨ ਦੀ ਲੋੜ ਨਹੀਂ।
- ਉਸੇ ਦਿਨ ਲਾਇਸੈਂਸ ਪਲੇਟਾਂ ਲੈਣ ਲਈ ਸਾਡੇ ਨਾਲ ਸੰਪਰਕ ਕਰੋ।

**ਸਾਨੂੰ 16 ਸਾਲਾਂ ਦਾ ਤਰਜਬਾ ਹੈ।**

**Same Day Plates Same Day Plates Same Day Plates**

**PH : 530-669-5780 Fax : 530-669-5775,**
**Cell : 530-908-9386 Cell : 530-405-6020**

Tax Returns- Corporations, LLC, Non-Profits, Small Business and Individuals

ਇਹ ਦਫ਼ਤਰ ਡੀ.ਐਮ.ਵੀ. ਸ਼ਾਪਿੰਗ ਸੈਂਟਰ ਵਿਚ ਹੈ।
825 East Street, Suite 110 Woodland, CA 95776
440 N Palora Ave, Suite c Yuba City Ca. 95991

**TRUCKING SERVICES AVAILABLE**
- IRP License Plates
- IFTA-Fuel Tax Returns
- MC (ICC) Authority, US DOT #
- UCR Permits, BOC-3 Filing
- CA#, MCP, EPN Enrollment
- BIT-Enrollment
- NM Permit, KYU#, NY HUT Permit
- Oregon Permit, Oregon Bonds
- Highway Use Tax (2290)
- Trailer Plates, Title Transfer
- Tax Exemption

**BUSINESS SERVICES AVAILABLE**
- Tax Services : Individual, Small Business
- Computerized Accounting
- Financial Statement
- Monthly Sales Tax Reports
- Payroll Services

**CALIFORNIA DMV LIV. # 40524**

# ਅਕਾਲ ਤਖਤ ’ਤੇ ਹਮਲਾ ‘ਇਤਿਹਾਸਕ ਗਲਤੀ’ ਸੀ

- ਸ੍ਰੀ ਦਰਬਾਰ ਸਾਹਿਬ ’ਤੇ ਫੌਜੀ ਹਮਲੇ ਦੀ ਨਿੰਦਾ ਕਰਨ ਵਾਲੇ ਸ੍ਰੀ ਨਰਿੰਦਰ ਮੋਦੀ ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ
- ਲਾਲ ਕਿਲ੍ਹੇ ਤੋਂ ਪ੍ਰਧਾਨ ਮੰਤਰੀ ਮੋਦੀ ਦਾ 90 ਮਿੰਟ ਦਾ ਭਾਸ਼ਣ, ਮਣੀਪੁਰ ’ਤੇ ਸ਼ਾਂਤੀ ਸੰਦੇਸ਼, ਪਰਿਵਾਰਵਾਦ ਅਤੇ ਭ੍ਰਿਸ਼ਟਾਚਾਰ ’ਤੇ ਹਮਲਾ





ਨਵੀਂ ਦਿੱਲੀ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਮੰਗਲਵਾਰ ਨੂੰ ਦੇਸ਼ ਦੇ 77ਵੇਂ ਆਜ਼ਾਦੀ ਦਿਹਾੜੇ ਮੌਕੇ ਇਤਿਹਾਸਕ ਲਾਲ ਕਿਲ੍ਹੇ ਦੀ ਪਰਿਕਰਮਾ ਤੋਂ ਕਰੀਬ 90 ਮਿੰਟ ਤੱਕ ਦੇਸ਼ ਨੂੰ ਸੰਬੋਧਿਤ ਕੀਤਾ, ਜੋ ਪ੍ਰਧਾਨ ਮੰਤਰੀ ਦੇ ਰੂਪ ’ਚ ਦੇਸ਼ ਦੇ ਨਾਂ ਉਨ੍ਹਾਂ ਦਾ 10ਵਾਂ ਸੰਬੋਧਨ ਸੀ। 2016 ਵਿਚ ਪ੍ਰਧਾਨ ਮੰਤਰੀ ਨੇ ਲਾਲ ਕਿਲ੍ਹੇ ਦੀ ਇਸ ਪਰਿਕਰਮਾ ਤੋਂ 96 ਮਿੰਟ ਦਾ ਭਾਸ਼ਣ ਦਿੱਤਾ ਸੀ, ਜੋ ਉਨ੍ਹਾਂ ਦਾ ਆਜ਼ਾਦੀ ਦਿਹਾੜੇ ਮੌਕੇ ਸਭ ਤੋਂ ਲੰਬਾ ਭਾਸ਼ਣ ਹੈ। ਸਾਲ 2019 ’ਚ ਆਜ਼ਾਦੀ ਦਿਹਾੜੇ ਮੌਕੇ ਉਨ੍ਹਾਂ ਦਾ ਭਾਸ਼ਣ 92 ਮਿੰਟ ਦਾ ਸੀ। ਪਿਛਲੇ ਸਾਲ ਆਜ਼ਾਦੀ ਦਿਹਾੜੇ ਮੌਕੇ ਪ੍ਰਧਾਨ ਮੰਤਰੀ ਨੇ 74 ਮਿੰਟ ਤੱਕ ਰਾਸ਼ਟਰ ਨੂੰ ਸੰਬੋਧਿਤ ਕੀਤਾ ਸੀ, ਜਦਿਕ 2021 ’ਚ ਉਨ੍ਹਾਂ ਦਾ ਸੰਬੋਧਨ 88 ਮਿੰਟ ਦਾ ਸੀ। 2020 ਵਿਚ ਉਨ੍ਹਾਂ ਦਾ ਸੰਬੋਧਨ 90 ਮਿੰਟ, 2019 ’ਚ 92 ਮਿੰਟ, 2018 ’ਚ 83 ਮਿੰਟ ਅਤੇ 2017 ’ਚ 56 ਮਿੰਟ ਦਾ ਭਾਸ਼ਣ ਸੀ। 2016 ’ਚ 94 ਮਿੰਟ, 2015 ’ਚ 88 ਮਿੰਟ ਅਤੇ 2014 ’ਚ 64 ਮਿੰਟ ਦਾ ਭਾਸ਼ਣ ਸੀ। ਪ੍ਰਧਾਨ ਮੰਤਰੀ ਮੋਦੀ ਨੇ ਮੰਗਲਵਾਰ ਨੂੰ 7 ਵਜੇ ਕੇ 34 ਮਿੰਟ ’ਤੇ ਸੰਬੋਧਨ ਸ਼ੁਰੂ ਕੀਤਾ ਅਤੇ ਇਹ 9 ਵਜ ਕੇ 3 ਮਿੰਟ ’ਤੇ ਖ਼ਤਮ ਹੋਇਆ। 2024 ਦੀਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਆਜ਼ਾਦੀ ਦਿਹਾੜੇ ਮੌਕੇ ਆਪਣੇ ਮੌਜੂਦਾ ਕਾਰਜਕਾਲ ਦੇ ਆਖ਼ਰੀ ਸੰਬੋਧਨ ਵਿਚ ਪ੍ਰਧਾਨ ਮੰਤਰੀ ਨੇ ਭਰੋਸਾ ਜਤਾਇਆ ਕਿ ਅਗਲੇ ਸਾਲ ਉਹ ਲਾਲ ਕਿਲ੍ਹੇ ਤੋਂ ਆਪਣੇ ਉਨ੍ਹਾਂ ਵਾਅਦਿਆਂ ’ਤੇ ਹੋਈ ਤਰੱਕੀ ਦਾ ਲੇਖਾ-ਜੋਖਾ ਪੇਸ਼ ਕਰਨਗੇ, ਜੋ ਉਨ੍ਹਾਂ ਨੇ ਲੋਕਾਂ ਨਾਲ ਕੀਤੇ ਹਨ। ਪ੍ਰਧਾਨ ਮੰਤਰੀ ਮੁਤਾਬਕ ਉਹ 2047 ਵਿਚ ਭਾਰਤ ਨੂੰ ਵਿਕਸਿਤ ਰਾਸ਼ਟਰ ਦੇ ਰੂਪ ਵਿਚ ਵੇਖਣਾ ਚਾਹੁੰਦੇ ਹਨ। ਉਨ੍ਹਾਂ ਕਿਹਾ ਕਿ ਆਜ਼ਾਦੀ ਦੇ ਅੰਮ੍ਰਿਤਕਾਲ ਵਿਚ 2047 ’ਚ ਜਦੋਂ ਦੇਸ਼ ਆਜ਼ਾਦੀ ਦੇ 100 ਸਾਲ ਮਨਾਏਗਾ, ਉਸ ਸਮੇਂ ਦੁਨੀਆ ਵਿਚ ਭਾਰਤ ਦਾ ਤਿਰੰਗਾ ਝੰਡਾ, ਵਿਕਸਿਤ ਭਾਰਤ ਦਾ ਤਿਰੰਗਾ ਝੰਡਾ ਹੋਣਾ ਚਾਹੀਦਾ ਹੈ। ਦੇਸ਼ ਦੇ 77ਵੇਂ ਆਜ਼ਾਦੀ ਦਿਹਾੜੇ ਮੌਕੇ ਦੇਸ਼ ਨੂੰ ਸੰਬੋਧਿਤ ਕਰਦਿਆਂ ਪ੍ਰਧਾਨ ਮੰਤਰੀ ਨੇ ਦੇਸ਼ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਦੇਸ਼ ਦੀ ਸਮਰੱਥਾ ਨੂੰ ਸਾਕਾਰ ਕਰਨ ਦੇ ਇਸ ਮੌਕੇ ਨੂੰ ਹੱਥ ਤੋਂ ਨਾ ਜਾਣ ਦਿਓ, ਕਿਉਂਕਿ ਇਸ ਸਮੇਂ ਵਿਚ ਲਏ ਗਏ ਫ਼ੈਸਲੇ ਅਤੇ ਬਲੀਦਾਨ ਅਗਲੇ 1000 ਸਾਲਾਂ ਤੱਕ ਦੇਸ਼ ਨੂੰ ਪ੍ਰਭਾਵਿਤ ਕਰਨਗੇ।


ਸਾਕਾ ਨੀਲਾ ਤਾਰਾ, ਜੂਨ 1984 ਵਿਚ ਹਰਿਮੰਦਰ ਸਾਹਿਬ ਵਿਖੇ ਜਰਨੈਲ ਸਿੰਘ ਭਿੰਡਰਾਂਵਾਲੇ ਨੂੰ ਖਤਮ ਕਰਨ ਲਈ ਫੌਜ ਦੀ ਕਾਰਵਾਈ, ਸਾਕਾ ਨੀਲਾ ਤਾਰਾ ਬਾਰੇ ਭਾਰਤ ਸਰਕਾਰ ਦੀ ਪਿਛਲੀ ਅਤੇ ਮੌਜੂਦਾ ਸਥਿਤੀ ਤੋਂ ਹਟਦਿਆਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵੀਰਵਾਰ ਨੂੰ ਸੰਸਦ ਵਿਚ ਬੇਭਰੋਸਗੀ ਮਤੇ ਦਾ ਜਵਾਬ ਦਿੰਦਿਆਂ ਕਿਹਾ। ਇਹ ਕਦਮ “ਅਕਾਲ ਤਖ਼ਤ ਉੱਤੇ ਹਮਲਾ” ਹੈ। ਹੁਣ ਤੱਕ ਸਿਰਫ਼ ਸਿੱਖ ਹੀ ਇਸ ਨੂੰ ਹਮਲਾ ਕਹਿ ਰਹੇ ਸਨ।

ਅਕਾਲ ਤਖ਼ਤ ’ਤੇ ਹਮਲਾ ਹੋਇਆ ਸੀ ਅਤੇ ਇਹ ਅੱਜ ਵੀ ਸਾਡੀ ਯਾਦ ਵਿਚ ਹੈ। ਉਹ ਮਿਜ਼ੋਰਮ ਤੋਂ ਆਦੀ ਹੋ ਗਏ ਅਤੇ ਇਸ ਕਾਰਨ ਉਹ ਅਕਾਲ ਤਖ਼ਤ ’ਤੇ ਹਮਲਾ ਕਰਨ ਲਈ ਚਲੇ ਗਏ। ਇਹ ਸਾਡੇ ਆਪਣੇ ਦੇਸ਼ ਵਿੱਚ ਵਾਪਰਦਾ ਹੈ ਅਤੇ ਇੱਥੇ ਉਹ ਸਾਨੂੰ ਉਪਦੇਸ਼ ਦੇ ਰਹੇ ਹਨ, ਪ੍ਰਧਾਨ ਮੰਤਰੀ ਨੇ ਕਿਹਾ, ਕਿਉਂਕਿ ਉਹ ਕਾਂਗਰਸ ਅਤੇ ਉਸ ਸਮੇਂ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਸਰਕਾਰ ਦੁਆਰਾ ਮਿਜ਼ੋਰਮ ਵਿੱਚ “ਮਿਜ਼ੋਰਮ ਵਿੱਚ ਬੇਸਹਾਰਾ ਨਾਗਰਿਕਾਂ” ਉੱਤੇ ਭਾਰਤੀ ਹਵਾਈ ਸੈਨਾ ਦੁਆਰਾ ਹਵਾਈ ਹਮਲੇ ਦੀ ਵਰਤੋਂ ਸਮੇਤ ਕਾਰਵਾਈਆਂ ਨੂੰ ਲੈ ਰਹੇ ਸਨ।

2009 ਵਿੱਚ, ਉਸ ਸਮੇਂ ਦੇ ਭਾਜਪਾ ਦੇ ਜਨਰਲ ਸਕੱਤਰ ਅਰੁਣ ਜੇਤਲੀ ਨੇ ਪਾਰਲੀਮਾਨੀ ਚੋਣਾਂ ਦੀ ਦੌੜ ਦੌਰਾਨ ਜਲੰਧਰ ਵਿੱਚ ਇੱਕ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ, ਫੌਜ ਦੀ ਕਾਰਵਾਈ ਨੂੰ ‘ਇਤਿਹਾਸਕ ਗਲਤੀ’ ਕਰਾਰ ਦਿੱਤਾ ਸੀ। ਹੋਰ ਤਾਂ ਹੋਰ, ਆਰਮੀ ਐਕਸ਼ਨ ਤੋਂ ਬਾਅਦ ਹੀ ਭਾਜਪਾ ਇਸ ਮੁੱਦੇ ’ਤੇ ਇੰਦਰਾ ਗਾਂਧੀ ਸ਼ਾਸਨ ਦੇ ਸੱਜੇ ਪਾਸੇ ਨਜ਼ਰ ਆਈ। ਬਾਅਦ ਵਿੱਚ, ਸਾਬਕਾ ਉਪ ਪ੍ਰਧਾਨ ਮੰਤਰੀ ਅਤੇ ਭਾਜਪਾ ਦੇ ਦਿੱਗਜ ਨੇਤਾ ਲਾਲ ਕ੍ਰਿਸ਼ਨ ਅਡਵਾਨੀ, ਆਪਣੀ ਸਵੈ-ਜੀਵਨੀ ਵਿੱਚ, ਇੰਦਰਾ ਨੂੰ ਕਾਰਵਾਈ ਕਰਨ ਲਈ ਮਜਬੂਰ ਕਰਨ ਦਾ ਸਿਹਰਾ ਲੈਂਦੇ ਦਿਖਾਈ ਦਿੱਤੇ।

ਇਹ ਦੂਸਰਾ ਮਾਮਲਾ ਹੈ ਜਿਸ ਵਿੱਚ ਭਾਜਪਾ ਦੀ ਅਗਵਾਈ ਵਾਲੀ ਸਰਕਾਰ ਦੇ ਚੋਟੀ ਦੇ ਰਾਜਨੀਤਿਕ ਕਾਰਜਕਰਤਾਵਾਂ ਦੁਆਰਾ 1984 ਦੀਆਂ ਵਿਨਾਸ਼ਕਾਰੀ ਘਟਨਾਵਾਂ ਬਾਰੇ ਸ਼ਬਦਾਵਲੀ ਨੂੰ ਇੰਨੀ ਭਾਰੀ ਤਬਦੀਲੀ ਕੀਤੀ ਗਈ ਹੈ। ਇਸ ਤੋਂ ਪਹਿਲਾਂ ਤਤਕਾਲੀ ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਨੇ ਨਵੰਬਰ 1984 ਵਿੱਚ ਦਿੱਲੀ ਅਤੇ ਦੇਸ਼ ਵਿੱਚ ਹੋਰ ਥਾਵਾਂ ’ਤੇ ਹੋਏ ਸਿੱਖਾਂ ਦੇ ਕਤਲੇਆਮ ਨੂੰ ‘ਨਸਲਕੁਸ਼ੀ’ ਕਰਾਰ ਦਿੱਤਾ ਸੀ।

ਬਾਅਦ ਵਿੱਚ 10 ਮਈ, 2019 ਨੂੰ ਹੁਸ਼ਿਆਰਪੁਰ ਵਿਖੇ ਇੱਕ ਚੋਣ ਰੈਲੀ ਨੂੰ ਸੰਬੋਧਨ ਕਰਦਿਆਂ, ਮੋਦੀ ਨੇ ਖੁਦ ਇਸ ਕਤਲੇਆਮ ਨੂੰ ‘ਭਿਆਨਕ ਨਸਲਕੁਸ਼ੀ’ ਕਿਹਾ ਸੀ। ਇਸ ਤੋਂ ਤਿੰਨ ਹਫ਼ਤੇ ਪਹਿਲਾਂ ਟੀਵੀ ਚੈਨਲ ‘ਟਾਈਮਜ਼ ਨਾਓ’ ਨੂੰ ਦਿੱਤੇ ਇੱਕ ਇੰਟਰਵਿਊ ਵਿੱਚ, ਉਸਨੇ ਕਤਲੇਆਮ ਅਤੇ ਹਜ਼ਾਰਾਂ ਲੋਕਾਂ ਨੂੰ ਸਾੜਨ ਨੂੰ ਕਿਹਾ ਸੀ। ਸਿੱਖਾਂ ਨੂੰ ‘ਅੱਤਵਾਦ’ (ਇਜ਼ਮ) ਵਜੋਂ ਜ਼ਿੰਦਾ ਰੱਖਿਆ ਗਿਆ ਹੈ



ਆਰਐੱਸਐੱਸ ਮੁਖੀ ਨੇ 2001 ਵਿੱਚ ਦਮਦਮੀ ਟਕਸਾਲ ਦਾ ਦੌਰਾ ਕੀਤਾ ਸੀ

ਉਦੋਂ ਰਾਸ਼ਟਰੀ ਸਵੈਮ ਸੇਵਕ ਸੰਘ ਦੇ ਮੁਖੀ, ਮਰਹੂਮ ਕੇਸੀ ਸੁਦਰਸ਼ਨ, 2001 ਦੇ ਸ਼ੁਰੂ ਵਿੱਚ 2000 ਦੇ ਅੰਤ ਵਿੱਚ, ਦਮਦਮੀ ਟਕਸਾਲ ਦੇ ਹੈੱਡਕੁਆਰਟਰ, ਇੱਕ ਵਾਰ ਜਰਨੈਲ ਸਿੰਘ ਭਿੰਡਰਾਂਵਾਲੇ ਦੀ ਅਗਵਾਈ ਵਾਲੇ ਸਿੱਖ ਧਰਮ ਸਭਾ ਵਿੱਚ ਗਏ ਸਨ ਅਤੇ ਭਿੰਡਰਾਂਵਾਲੇ ਦੇ ਉੱਤਰਾਧਿਕਾਰੀ ਬਾਬਾ ਠਾਕਰ ਸਿੰਘ ਅਤੇ ਹੋਰ ਸਿੱਖ ਆਗੂਆਂ ਨੂੰ ਮਿਲੇ ਸਨ। ਸੁਦਰਸ਼ਨ ਦੇ ਨਾਲ ਸੀਨੀਅਰ ਭਾਜਪਾ ਆਗੂ ਏ.ਆਰ. ਕੋਹਲੀ, ਜੋ ਬਾਅਦ ਵਿੱਚ ਮਿਜ਼ੋਰਮ ਦੇ ਰਾਜਪਾਲ ਬਣੇ, ਅਤੇ ਪੰਜਾਬ ਆਰਐੱਸਐੱਸ ਆਗੂ ਵੀ ਸਨ।

ਆਰਐੱਸਐੱਸ ਮੁਖੀ ਦੀ ਫੇਰੀ ਨੂੰ ਯਾਦ ਕਰਦਿਆਂ, ਅਕਾਲ ਤਖ਼ਤ ਦੇ ਸਾਬਕਾ ਜਥੇਦਾਰ ਜਸਬੀਰ ਸਿੰਘ ਰੋਡੇ, ਜੋ ਇਸ ਮੌਕੇ ਮੌਜੂਦ ਸਨ, ਨੇ ਅਕਤੂਬਰ 2021 ਵਿੱਚ ਦੱਸਿਆ ਸੀ “ਜਦੋਂ ਉਹ ਹੈੱਡਕੁਆਰਟਰ ਵਿੱਚ ਦਾਖਲ ਹੋਏ, ਤਾਂ ਉਨ੍ਹਾਂ ਨੇ ਬਾਬਾ ਠਾਕਰ ਸਿੰਘ ਪ੍ਰਤੀ ਬਹੁਤ ਸ਼ਰਧਾ ਦਿਖਾਈ ਅਤੇ ਬਾਅਦ ਵਾਲੇ ਨੇ ਵੀ ਜਵਾਬ ਦਿੱਤਾ। ਮੀਟਿੰਗ ਇੱਕ ਹਾਲ ਵਿੱਚ ਹੋਈ ਜਿਸ ਵਿੱਚ ਸੰਤ ਭਿੰਡਰਾਂਵਾਲਿਆਂ ਦੀ ਜੀਵਨੀ ਵਾਲੀ ਤਸਵੀਰ ਲੱਗੀ ਹੋਈ ਸੀ।

ਆਰਐੱਸਐੱਸ ਮੁਖੀ ਦੀ ਸ਼ੁਰੂਆਤੀ ਟਿੱਪਣੀ ਸੀ ਕਿ ਉਹ ਕਾਂਗਰਸ ਸਰਕਾਰ ਦੁਆਰਾ ਦਰਬਾਰ ਸਾਹਿਬ ’ਤੇ ਫੌਜੀ ਕਾਰਵਾਈ ਤੋਂ ਬਹੁਤ ਦੁਖੀ ਮਹਿਸੂਸ ਕਰਦੇ ਹਨ ਅਤੇ ਇਸ ਨੂੰ ਤਬਾਹੀ ਕਹਿੰਦੇ ਹਨ।

ਅਡਵਾਨੀ ਨੇ ਕਿਹਾ ਕਿ ਉਸਨੇ ਇੰਦਰਾ ਨੂੰ ਫੌਜ ਭੇਜਣ ਲਈ ਮਜ਼ਬੂਰ ਕੀਤਾ

ਫੌਜ ਦੀ ਕਾਰਵਾਈ ’ਤੇ ਪ੍ਰਧਾਨ ਮੰਤਰੀ ਮੋਦੀ ਦੀ ਟਿੱਪਣੀ 1984 ’ਚ ਭਾਜਪਾ ਦੇ ਚੋਟੀ ਦੇ ਨੇਤਾਵਾਂ ਦੀ ਉਸ ਲਾਈਨ ਤੋਂ ਹਟਣ ਵਾਂਗ ਹੈ, ਜਿਸ ਦਾ ਜ਼ਿਕਰ ਭਾਜਪਾ ਦੇ ਸਾਬਕਾ ਪ੍ਰਧਾਨ ਲਾਲ ਕ੍ਰਿਸ਼ਨ ਅਡਵਾਨੀ ਨੇ ਆਪਣੀ ਆਤਮਕਥਾ ‘ਮਾਈ ਕੰਟਰੀ, ਮਾਈ ਲਾਈਫ’ ’ਚ ਕੀਤਾ ਸੀ। “ਭਾਜਪਾ ਦੇ ਇਤਿਹਾਸ ਦਾ ਇੱਕ ਵੱਡਾ ਜਨ ਅੰਦੋਲਨ ਮਈ 1984 ਦੇ ਪਹਿਲੇ ਹਫ਼ਤੇ ਸ਼ੁਰੂ ਕੀਤਾ ਗਿਆ ਸੀ, ਜਦੋਂ ਅਸੀਂ ਭਿੰਡਰਾਂਵਾਲੇ ਅਤੇ ਉਸਦੀ ਨਿੱਜੀ ਫੌਜ ਦੇ ਸਾਹਮਣੇ ਸਰਕਾਰ ਦੇ ‘ਵਰਚੁਅਲ ਸਮਰਪਣ’ ਦੇ ਵਿਰੁੱਧ ਦਸ ਦਿਨਾਂ ਦਾ ਸੱਤਿਆਗ੍ਰਹਿ ਕੀਤਾ ਸੀ। ਅੰਮ੍ਰਿਤਸਰ ਵਿੱਚ ਹਰਿਮੰਦਰ ਸਾਹਿਬ, ਸਿੱਖ ਕੌਮ ਦਾ ਸਭ ਤੋਂ ਪਵਿੱਤਰ ਅਸਥਾਨ, ਉਹਨਾਂ ਦਾ ਕਾਰਜਸ਼ੀਲ ਹੈੱਡਕੁਆਰਟਰ.. ਮੈਂ ਇਹ ਮੁੱਦਾ ਸੰਸਦ ਵਿੱਚ ਉਠਾਇਆ, ਰਾਸ਼ਟਰੀ ਏਕਤਾ ਅਤੇ ਕਾਨੂੰਨ ਦੇ ਰਾਜ ਨੂੰ ਇੱਕ ਬੇਮਿਸਾਲ ਚੁਣੌਤੀ ਦੇ ਮੱਦੇਨਜ਼ਰ ਸਰਕਾਰ ’ਤੇ ਆਪਣੀ ਜ਼ਿੰਮੇਵਾਰੀ ਛੱਡਣ ਦਾ ਦੋਸ਼ ਲਗਾਇਆ... ਪ੍ਰਧਾਨ ਮੰਤਰੀ ਨੂੰ ਆਖ਼ਰਕਾਰ ਸ੍ਰੀ ਹਰਿਮੰਦਰ ਸਾਹਿਬ ਨੂੰ ਇਸ ਦੇ ਦੇਸ਼ ਵਿਰੋਧੀ ਕਬਜ਼ਿਆਂ ਤੋਂ ਆਜ਼ਾਦ ਕਰਵਾਉਣ ਲਈ ਫ਼ੌਜ ਦੀ ਵਰਤੋਂ ਕਰਨ ਲਈ ਮਜਬੂਰ ਕੀਤਾ ਗਿਆ ਸੀ।

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਅਤੇ ਸ਼੍ਰੋਮਣੀ ਅਕਾਲੀ ਦਲ ਦੀ ਦਿੱਲੀ ਇਕਾਈ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਨੇ ਸਾਕਾ ਨੀਲਾ ਤਾਰਾ ਬਾਰੇ ਪ੍ਰਧਾਨ ਮੰਤਰੀ ਮੋਦੀ ਦੇ ਬਿਆਨ ਨੂੰ ‘ਬਹੁਤ ਮਹੱਤਵਪੂਰਨ’ ਕਰਾਰ ਦਿੰਦਿਆਂ ਦਰਬਾਰ ਸਾਹਿਬ ’ਤੇ ਫੌਜੀ ਕਾਰਵਾਈ ’ਤੇ ਅਫਸੋਸ ਪ੍ਰਗਟ ਕਰਨ ਲਈ ਸੰਸਦ ’ਚ ਮਤਾ ਪਾਸ ਕਰਨ ਦੀ ਮੰਗ ਕੀਤੀ। ਤਾਂ ਜੋ ਇਹ ਸੁਧਾਰ ਦੀ ਅਗਵਾਈ ਕਰ ਸਕੇ। ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਅਤੇ ਭਾਜਪਾ ਆਗੂ ਮਨਜਿੰਦਰ ਸਿੰਘ ਸਿਰਸਾ ਨੇ ਟਵੀਟ ਕੀਤਾ ਕਿ ਜੇਕਰ ਕਿਸੇ ਨੂੰ ਸਿੱਖਾਂ ਦਾ ਦਰਦ ਮਹਿਸੂਸ ਹੋਇਆ ਹੈ ਤਾਂ ਉਹ ਪ੍ਰਧਾਨ ਮੰਤਰੀ ਮੋਦੀ ਸਨ, ਜਿਨ੍ਹਾਂ ਨੇ ਇੰਦਰਾ ਗਾਂਧੀ ਵੱਲੋਂ ਅਕਾਲ ਤਖ਼ਤ ’ਤੇ ਕੀਤੇ ਹਮਲੇ ਦੀ ਸਖ਼ਤ ਨਿਖੇਧੀ ਕੀਤੀ ਅਤੇ ਘੱਟ ਗਿਣਤੀਆਂ ਨੂੰ ਠੇਸ ਪਹੁੰਚਾਉਣ ਵਾਲੀਆਂ ਕਾਂਗਰਸ ਦੀਆਂ ਨੀਤੀਆਂ ਦਾ ਪਰਦਾਫਾਸ਼ ਕੀਤਾ।

ਕੈਪਟਨ ਅਮਰਜੀਤ ਸਿੰਘ ਕਾਲੇਕਾ ਸਿੱਖ ਕੌਮ ਵਿੱਚ ਇੱਕ ਜਾਣਿਆ ਪਹਿਚਾਣਿਆ ਕੁਰਬਾਨੀ ਵਾਲਾ ਪ੍ਰਵਾਰ ਹੈ। ਪਟਿਆਲਾ ਰਿਆਸਤ ਦੇ ਨਾਮੀ ਪਰਿਵਾਰ ਵਿਚ ਜਨਮ ਅਤੇ ਪਰਵਿਰਸ਼ ਪਾਉਣ ਉਪਰੰਤ ਇਨ੍ਹਾਂ ਨੇ ਫੌਜ ਦੇ ਵਿਚ ਬੜੀ ਦਲੇਰੀ ਨਾਲ ਸਰਵਿਸ ਕੀਤੀ। ਉਸ ਤੋਂ ਬਾਅਦ ਬਤੌਰ ਲੈਕਚਰਾਰ ਸਰਕਾਰੀ ਕਾਲਜ ਵਿਚ ਇਮਾਨਦਾਰੀ ਨਾਲ ਸੇਵਾ ਨਿਭਾਈ, ਜਿਸ ਵੇਲੇ ਬਤੌਰ ਉਪ ਆਬਕਾਰੀ ਤੇ ਕਰ ਕਮਿਸ਼ਨਰ ਆਪਣੇ ਕੈਰੀਅਰ ਦੀਆਂ ਉਚਾਈਆਂ 'ਤੇ ਸਨ, ਪੰਜ ਸਾਲਾਂ ਦੀ ਛੁੱਟੀ ਲੈ ਕੇ ਆਪਣੀ ਜਾਇਦਾਦ ਵੇਚ ਕੇ, ਪਰਿਵਾਰ ਸਮੇਤ ਅਮਰੀਕਾ ਆ ਗਏ, ਜਿਥੇ ਜਾ ਕੇ ਮੁੜ ਤੋਂ ਸੰਘਰਸ਼ ਕਰਦੇ ਹੋਏ ਪ੍ਰਾਪਤੀਆਂ ਕੀਤੀਆਂ ਅਤੇ ਦੋਵੇਂ ਬੇਟਿਆਂ ਨੂੰ ਉਚੇਰੀ ਸਿੱਖਿਆ ਦਿਵਾਉਣ ਉਪਰੰਤ ਇਸ ਕਾਬਲ ਬਣਾਇਆ ਕਿ ਉਹ ਅੱਜ ਆਪਣੇ ਪਰਿਵਾਰਾਂ ਸਮੇਤ ਅਮਰੀਕਾ ਵਿਚ ਬਹੁਤ ਮਾਣ ਵਾਲੀਆਂ ਥਾਵਾ 'ਤੇ ਸੈਟਲ ਹਨ। ਇਹ ਸਭ ਕੁਝ ਹਾਸਲ ਕਰਨ ਉਪਰੰਤ ਮੁੜ ਭਾਰਤ ਪਰਤ ਕੇ ਬਤੌਰ ਐਡੀਸ਼ਨਲ ਆਬਕਾਰੀ ਤੇ ਕਰ ਕਮਿਸ਼ਨਰ ਪੰਜਾਬ ਰਿਟਾਇਰ ਹੋਏ। ਕੈਪਟਨ ਅਮਰਜੀਤ ਸਿੰਘ ਕਾਲੇਕਾ ਓਕ ਕਰੀਕ ਵਿਸਕਾਸਨ ਦੇ ਗੁਰਦੁਆਰਾ ਸਾਹਿਬ ਵਿਖੇ ਸ਼ਹੀਦ ਹੋਏ ਸ੍ਰ. ਸਤਵੰਤ ਸਿੰਘ ਕਾਲੇਕਾ ਦੇ ਵੱਡੇ ਭਰਾ ਹਨ। ਕਾਲੇਕਾ ਪ੍ਰਵਾਰ ਪੁਸ਼ਤਾਂ ਤੋ ਪੰਥ ਦੀ ਨਿਸ਼ਕਾਮ ਸੇਵਾ ਕਰਦੇ ਆ ਰਹੇ ਹਨ ਜਿਥੇ ਓਕ ਕਰੀਕ ਵਿਸਕਾਸਨ ਦੇ ਗੁਰਦੁਆਰਾ ਸਾਹਿਬ ਚ ਵਾਪਰੀ ਘਟਨਾ ਨੇ ਪੂਰੇ ਅਮਰੀਕਾ ਸਮੇਤ ਸਾਰੀ ਦੁਨੀਆ ਦੇ ਸਿੱਖਾਂ ਉਪਰ ਗਹਿਰਾ ਪ੍ਰਭਾਵ ਛੱਡਿਆ ਉਥੇ ਕੈਪਟਨ ਅਮਰਜੀਤ ਸਿੰਘ ਕਾਲੇਕਾ ਨੇ ਇਸ ਸ਼ਹਾਦਤ ਨੂੰ ਕਲਮਬੰਦ ਕਰਨ ਲਈ ਕੋਸਿਸ਼ ਅਰੰਭ ਕਰ ਦਿੱਤੀ। ਭਾਵੇਂ ਸਤਵੰਤ ਸਿੰਘ ਦੀ ਸ਼ਹੀਦੀ, ਉਨ੍ਹਾਂ ਦੇ ਪਰਿਵਾਰ, ਪਿੰਡ ਵਾਸੀਆਂ, ਸੱਜਣਾਂ-ਮਿੱਤਰਾਂ ਅਤੇ ਵਿਸ਼ੇਸ਼ ਕਰਕੇ ਸਮੂਹ ਨਾਨਕ ਨਾਮ ਲੇਵਾ ਮਨੁੱਖਾਂ ਲਈ ਇਕ ਨਾ-ਭੁਲਾਇਆ ਜਾਣ ਵਾਲਾ ਵਾਕਿਆ ਹੈ। ਪ੍ਰੰਤੂ ਫਿਰ ਵੀ ਉਨ੍ਹਾਂ ਦੇ ਮਨ ਵਿਚ ਇਹ ਇੱਛਾ ਸੀ ਕਿ ਉਨਾ ਤੋਂ 5 ਵਰ੍ਹੇ ਛੋਟੇ ਵੀਰ ਸਤਵੰਤ ਸਿੰਘ ਕਾਲੇਕਾ ਦੀ ਸ਼ਹੀਦੀ ਦੀ ਗੌਰਵਗਾਥਾ ਨੂੰ ਸ਼ਬਦਾਂ ਵਿਚ ਕਾਨੀਬੱਧ ਕੀਤਾ ਜਾਵੇ ਅਤੇ ਇਸ ਘਟਨਾ ਦੀ ਯਾਦ ਨੂੰ ਇਤਿਹਾਸਕ ਦਸਤਾਵੇਜ਼ ਦੇ ਰੂਪ ਵਿਚ ਸੰਭਾਲ ਕੇ ਰੱਖਿਆ ਜਾਵੇ ਕਿਉਂਕਿ ਆਮ ਕਹਾਵਤ ਹੈ ਕਿ ਸੀਨਾ-ਬਸੀਨਾ ਤੁਰਦੀਆਂ ਗਾਥਾਵਾਂ ਸਮਾਂ ਪਾ ਕੇ ਜਨ-ਚੇਤਨਾ ਵਿਚੋਂ ਲੁਪਤ ਹੋ ਜਾਂਦੀਆਂ ਹਨ ਪ੍ਰੰਤੂ ਸ਼ਾਬਦਿਕ ਰੂਪ ਵਿਚ ਚਿੱਤਰੀਆਂ ਵੀਰ-ਗਾਥਾਵਾਂ ਇਤਿਹਾਸ ਦਾ ਸਥਾਈ ਹਿੱਸਾ ਬਣ ਜਾਂਦੀਆਂ ਹਨ। ਇਸ ਪੁਸਤਕ ਦੀ ਰਚਨਾ ਕਰਦਿਆਂ ਉਨਾ ਕਿਸੇ ਇਤਿਹਾਸ, ਮਿਥਿਹਾਸ ਜਾਂ ਕਲਪਨਾ ਦਾ ਸਹਾਰਾ ਨਹੀਂ ਲਿਆ। ਉਨ੍ਹਾਂ ਦਾ ਜ਼ਿਆਦਾ ਧਿਆਨ ਸ੍ਰ. ਸਤਵੰਤ ਸਿੰਘ ਅਤੇ ਉਸ ਦੇ ਜੀਵਨ ਨਾਲ ਸਬੰਧਤ ਵਾਸਤਵਿਕ ਘਟਨਾਵਾਂ ਨੂੰ ਚਿੱਤਰਣ 'ਤੇ ਹੀ ਕੇਂਦਰਤ ਰਿਹਾ ਹੈ। ਇਸ ਪੁਸਤਕ ਦੀ ਰਚਨਾ ਪ੍ਰਕਿਰਿਆ ਅਤੇ ਸੰਪੂਰਨਤਾ ਵਿਚ ਵੀ ਆਮ ਵਾਂਗ ਉਨ੍ਹਾਂ ਦੀ ਸੁਪਤਨੀ ਸਰਦਾਰਨੀ ਜਸਮਿੰਦਰ ਕੌਰ ਦਾ ਮਹੱਤਵਪੂਰਨ ਯੋਗਦਾਨ ਰਿਹਾ ਹੈ। ਅਸੀਂ ਉਨ੍ਹਾਂ ਦੀ ਲਿਖੀ ਇਤਿਹਾਸਕ ਕਿਤਾਬ ਸ਼ਹੀਦ ਸਤਵੰਤ ਸਿੰਘ ਕਾਲੇਕੇ ਜਨਮ ਤੋਂ ਸ਼ਹੀਦੀ ਤੱਕ 'ਸਾਡੇ ਲੋਕ' ਅਖਬਾਰ ਵਿੱਚ ਲੜੀਵਾਰ ਛਾਪਕੇ ਮਾਣ ਮਹਿਸੂਸ ਕਰ ਰਹੇ ਹਾਂ : ਸਤਨਾਮ ਸਿੰਘ ਖਾਲਸਾ




ਕੈਪਟਨ ਅਮਰਜੀਤ ਸਿੰਘ ਕਾਲੇਕਾ

# ਨਾਨਕਿਆਂ 'ਤੇ ਸਿੰਘ ਸਭਾ ਲਹਿਰ ਦਾ ਅਸਰ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

ਉਹਨਾਂ ਨੇ ਕਿਹਾ ਆਓ ਆਪਾਂ ਇੱਕ ਦਿਨ ਫ਼ੈਸਲਾ ਹੀ ਕਰ ਲਈਏ। ਓਡ ਕਹਿਣ ਲੱਗੇ ਕਿ ਤੁਸੀਂ ਜ਼ਮੀਨ ਛੱਡ ਕੇ ਵਾਪਸ ਚਲੇ ਜਾਓ। ਨਾਨਾ ਜੀ ਕਹਿਣ ਲੱਗੇ ਅਸੀਂ ਇਹ ਜ਼ਮੀਨ ਮੁਲ ਲਿਤੀ ਹੈ ਅਤੇ ਆਪਣੀ ਮਿਹਨਤ ਨਾਲ ਇਸ ਨੂੰ ਆਬਾਦ ਕੀਤਾ ਹੈ। ਇਸ ਜ਼ਮੀਨ 'ਤੇ ਸਾਡਾ ਹੱਕ ਹੈ, ਤੁਸੀਂ ਧੱਕੇ ਨਾਲ ਸਾਡਾ ਹੱਕ ਨਹੀਂ ਖੋਹ ਸਕਦੇ। ਦੋਹਾਂ ਧਿਰਾਂ ਵਿਚ ਨਿਸ਼ਚਿਤ ਦਿਨ ਤੇ ਮੁਕਾਬਲਾ ਕਰਨ ਦਾ ਫ਼ੈਸਲਾ ਹੋਇਆ। 15 ਮਾਰਚ 1935 ਸਵੇਰੇ 10 ਵਜੇ ਦਾ ਟਾਈਮ ਨਿਸ਼ਚਿਤ ਕੀਤਾ ਗਿਆ। ਨਿਸ਼ਚਿਤ ਕੀਤੇ ਸਮੇਂ ਤੇ 40 ਓਡ ਆ ਗਏ ਅਤੇ ਇਥੋਂ ਪੰਜ ਸਿੱਧੂ ਬਰਾੜ ਸਿੰਘ ਵੀ ਪਹੁੰਚ ਗਏ। ਵੱਡੇ ਨਾਨਾ ਜੀ ਨੇ ਕਿਹਾ ਕਿ ਅਸੀਂ ਲਾਈਨ ਮਾਰਦੇ ਹਾਂ ਜੋ ਵੀ ਇਸ ਲਾਈਨ ਨੂੰ ਪਾਰ ਕਰੇਗਾ, ਅਸੀਂ ਉਸ ਨਾਲ ਲੜਾਂਗੇ। ਓਡ ਸਾਡੇ ਨਾਨਕਿਆਂ ਦੀ ਘੱਟ ਗਿਣਤੀ ਦੇਖ ਕੇ ਬਹੁਤ ਖੁਸ਼ ਹੋ ਰਹੇ ਸਨ ਕਿ ਇਹਨਾਂ ਪੰਜਾਂ ਤੇ ਅਸੀਂ ਆਸਾਨੀ ਨਾਲ ਜਿੱਤ ਹਾਸਲ ਕਰ ਲਵਾਂਗੇ। ਪਰ ਜਦੋਂ ਲੜਾਈ ਸ਼ੁਰੂ ਹੋਈ ਤਾਂ ਨਾਨਾ ਜੀ ਅਤੇ ਬਾਕੀਆਂ ਸਾਥੀਆਂ ਨੇ ਗੱਤਕੇ ਦੇ ਨਿਯਮ ਅਨੁਸਾਰ ਲੜਾਈ ਕੀਤੀ ਅਤੇ ਸਾਰੇ ਓਡਾਂ ਨੂੰ ਹਰਾ ਦਿੱਤਾ। ਓਡਾਂ ਦੇ ਕਾਫ਼ੀ ਸੱਟਾਂ ਆਈਆਂ। ਓਡ ਸਮਝਦੇ ਸਨ ਕਿ ਜ਼ਿਆਦਾਤਰ ਪੁਲਿਸ ਅਧਿਕਾਰੀ ਮੁਸਲਮਾਨ ਹਨ ਇਸ ਲਈ ਉਹਨਾਂ ਦੀ ਸੁਣਵਾਈ ਹੋਵੇਗੀ। ਉਹ ਚੱਕ ਅਬਦੁਲਾ ਠਾਣੇ ਗਏ ਅਤੇ ਪੁਲਿਸ ਨੂੰ ਸਾਰੀ ਵਾਰਦਾਤ ਦੱਸੀ। ਠਾਣੇਦਾਰ ਨੇ ਕਿਹਾ ਕਿ ਇਹ ਸ਼ਰਮ ਵਾਲੀ ਗੱਲ ਹੈ ਕਿ ਪੰਜ ਜਣਿਆਂ ਨੇ ਤੁਹਾਨੂੰ 40 ਜਣਿਆਂ ਨੂੰ ਕੁਟਿਆ। ਓਡ ਕਹਿਣ ਲੱਗੇ ਕਿ ਉਹ ਸਰਦਾਰ ਬਹੁਤ ਬਹਾਦਰ ਹਨ, ਉਹਨਾਂ ਨੇ ਸਾਡੀ ਬੁਰੀ ਤਰ੍ਹਾਂ ਕੁੱਟਮਾਰ ਕੀਤੀ ਅਤੇ ਅਸੀਂ ਉਹਨਾਂ ਦਾ ਕੁਝ ਨਾ ਵਿਗਾੜ ਸਕੇ।

ਕੁਝ ਦੇਰ ਬਾਅਦ ਹੀ ਉਥੋਂ ਦਾ ਇਕ ਬਹੁਤ ਵੱਡਾ ਮੁਸਲਮਾਨ ਰਈਸ ਜੋ ਪਹਿਲਾਂ ਹੀ ਓਨਰੇਰੀ ਮੈਜਿਸਟ੍ਰੇਟ ਸੀ, ਉਹ ਨਾਨ ਜੀ ਤੋਂ ਬਹੁਤ ਖੁਸ਼ ਹੋਇਆ। ਉਸ ਨੇ ਨਾਨਾ ਜੀ ਨੂੰ ਆਪਣਾ ਪੱਗ ਵੱਟ ਭਰਾ ਬਣਾ ਲਿਆ। ਇਸ ਤਰ੍ਹਾਂ ਉਹ ਪਰਿਵਾਰ 1947 ਤੱਕ ਬੜੇ ਮਾਣ ਅਤੇ ਇਜ਼ਤ ਨਾਲ ਰਿਹਾ।




ਇਸ ਘਟਨਾ ਤੋਂ ਇਹ ਸਬਕ ਮਿਲਦਾ ਹੈ ਕਿ ਜੇਕਰ ਇਹ ਪਰਿਵਾਰ ਗੁਰਾਂ ਦੇ ਦੱਸੇ ਹੁਕਮਾਂ ਅਨੁਸਾਰ ਤਿਆਰ ਬਰ ਤਿਆਰ ਨਾ ਹੁੰਦਾ ਤਾਂ ਇਹ ਪਰਿਵਾਰ ਆਪਣੀ ਲਈ ਹੋਈ ਜ਼ਮੀਨ ਰੱਖਣ ਦੇ ਯੋਗ ਨਾ ਹੁੰਦਾ। ਇਹ ਜ਼ਮੀਨ ਤੇ ਆਪਣਾ ਕਬਜ਼ਾ ਤਾਂ ਹੀ ਰੱਖ ਸਕੇ ਜੇ ਉਹ ਵਿਦੇਸ਼ੀ ਧਰਤੀ ਤੇ ਵੀ ਤਾਕਤ ਅਤੇ ਬਹਾਦਰੀ ਨਾਲ ਵਿਚਰੇ। ਇਸ ਲਈ ਸਾਨੂੰ ਇਸ ਘਟਨਾ ਤੋਂ ਇਹ ਸਿੱਖਣਾ ਚਾਹੀਦਾ ਹੈ ਕਿ ਸਾਨੂੰ ਹਮੇਸ਼ਾਂ ਤਿਆਰ ਬਰ ਤਿਆਰ ਰਹਿਣਾ ਚਾਹੀਦਾ ਹੈ ਤੇ ਦੂਸਰੇ ਨੂੰ ਦੋਸ਼ ਨਹੀਂ ਦੇਣਾ ਚਾਹੀਦਾ।

**ਸਤਵੰਤ ਉਤੇ ਨਾਨਕਿਆਂ ਦੀ ਸ਼ਹੀਦੀ ਦਾ ਅਸਰ**

ਸਾਡੇ ਨਾਨਕੇ ਬਰਨਾਲਾ ਜ਼ਿਲ੍ਹੇ ਵਿਚ ਪਿੰਡ ਭੈਣੀ ਫੱਤਾ ਹਨ। 1930 ਵਿਚ ਸਾਡੇ ਨਾਨਾ ਜੀ ਸ.ਜੋਗਿੰਦਰ ਸਿੰਘ ਆਪਣੇ ਭਰਾ ਸ. ਸ਼ਮਸ਼ੇਰ ਸਿੰਘ ਨਾਲ ਬਹਾਵਲਪੁਰ (ਹੁਣ ਪਾਕਿਸਤਾਨ ਵਿਚ) ਸਟੇਟ ਵਿਚ ਚਲੇ ਗਏ ਸਨ। ਇਹਨਾਂ ਕੋਲ ਭੈਣੀ ਵਿਚ 300 ਬਿੱਘੇ ਅਤੇ ਬਹਾਵਲਪੁਰ ਵਿਖੇ 800 ਬਿੱਘੇ ਜ਼ਮੀਨ ਸੀ। ਬਹਾਵਲਪੁਰ ਦੇ ਨੇੜ ਹੀ ਇਕ ਰੇਲਵੇ ਸਟੇਸ਼ਨ ਚੱਕ ਅਬਦੁਲਾ ਸੀ। ਇਹਨਾਂ ਦਾ ਰਕਬਾ ਚੱਕ ਅਬਦੁਲਾ ਤੋਂ ਤਕਰੀਬਨ ਅੱਧਾ ਕਿਲੋਮੀਟਰ ਸੀ। ਸ. ਜੋਗਿੰਦਰ ਸਿੰਘ ਬਹੁਤ ਵਧੀਆ ਤੇ ਬਹਾਦਰ ਇਨਸਾਨ ਸਨ ਅਤੇ ਅਣਖ ਇਜ਼ਤ ਨੂੰ ਬਹੁਤ ਮਹੱਤਤਾ ਦਿੰਦੇ ਸਨ। ਕਿਸੇ ਦੀ ਇਜ਼ਤ ਨੂੰ ਕੋਈ ਹੱਥ ਪਾਉਂਦਾ ਤਾਂ ਸ. ਜੋਗਿੰਦਰ ਸਿੰਘ ਪਿੱਛੇ ਨਹੀਂ ਰਹਿੰਦੇ ਸੀ। ਜਿਹੜੇ ਲੋਕ ਜਾਣਦੇ ਵੀ ਨਹੀਂ ਸਨ ਉਹਨਾਂ ਲਈ ਵੀ ਉਹ ਖੜ੍ਹੇ ਹੋ ਜਾਂਦੇ ਸਨ। ਸ. ਜੋਗਿੰਦਰ ਸਿੰਘ ਦੀ ਮੌਤ 1946 ਵਿਚ ਪਟਿਆਲਾ ਵਿਖੇ ਸਾਡੇ ਸਰਕਾਰੀ ਘਰ ਵਿਚ ਹੋਈ। ਉਹਨਾਂ ਦੇ ਦੋ ਲੜਕੇ ਗੁਰਦੇਵ ਅਤੇ ਜਗਰੂਪ ਸਨ। ਇਹ ਦੋਵੇਂ ਭੈਣੀ ਫੱਤਾ ਤੋਂ ਆਏ ਹੋਏ ਸਨ। ਸ. ਗੁਰਦੇਵ ਸਿੰਘ ਬਿਮਾਰ ਹੋ ਗਏ। ਜਦੋਂ ਉਹ ਠੀਕ ਹੋਏ ਤੇ ਵਾਪਸ ਬਹਾਵਲਪੁਰ ਜਾਣ ਲਈ ਸੋਚਣ ਲਗੇ ਉਦੋਂ ਤੱਕ ਪੰਜਾਬ ਦਾ ਸਿਆਸੀ ਮਾਹੌਲ ਖ਼ਰਾਬ ਹੋ ਚੁੱਕਾ ਸੀ। ਆਪ ਨੂੰ ਤਪੇ ਰੇਲਵੇ ਸਟੇਸ਼ਨ ਤੋਂ ਹੀ ਟਿਕਟ ਨਹੀਂ ਦਿੱਤਾ ਗਿਆ। ਪੰਜਾਬ ਵਿਚ ਮਾਰ ਧਾੜ ਸ਼ੁਰੂ ਹੋ ਗਈ। ਵੱਡੇ ਨਾਨਾ ਜੀ ਚਲ ਵਸੇ ਸਨ। ਮਾਮਾ ਜੀ ਪੁਰਾਣੇ ਪਿੰਡ ਭੈਣੀ ਫੱਤਾ ਵਿਚ ਹੀ ਫੱਸ ਗਏ।

ਛੋਟੇ ਨਾਨਾ ਜੀ ਸ. ਸ਼ਮਸ਼ੇਰ ਸਿੰਘ ਅਤੇ ਉਹਨਾਂ ਦੇ ਇਕਲੌਤੇ ਪੁੱਤਰ ਆਤਮਾ ਸਿੰਘ ਤੇ ਪਰਿਵਾਰ ਬਹਾਵਲਪੁਰ ਵਿਚ ਹੀ ਸੀ। ਸ. ਜੋਗਿੰਦਰ ਸਿੰਘ ਨੇ ਸ. ਸਮਸ਼ੇਰ ਨੂੰ ਮਰਨ ਤੋਂ ਪਹਿਲਾਂ ਕਿਹਾ ਸੀ ਕਿ ਜੇ ਕੋਈ ਆਫ਼ਤ ਆਵੇ ਉਥੋਂ 20 ਮੀਲ ਤੋਂ ਬੀਕਾਨੇਰ ਸਟੇਟ ਦੇ ਪਿੰਡ ਵਿਚ ਸ. ਜੋਗਿੰਦਰ ਸਿੰਘ ਦਾ ਦੋਸਤ ਰਹਿੰਦਾ ਹੈ। ਉਸ ਦੇ ਘਰ ਚਲਾ ਜਾਵੇ। ਪਰ ਲਿਖਿਆ ਕੁਝ ਹੋਰ ਹੀ ਸੀ। ਸ. ਸਮਸ਼ੇਰ ਸਿੰਘ ਅਜਿਹਾ ਨਾ ਕਰ ਸਕੇ।

(ਚਲਦਾ)






ਸ੍ਰ. ਗੁਰਚਰਨਜੀਤ ਸਿੰਘ ਲਾਂਬਾ

ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਪੰਥਕ ਸਫ਼ਾਂ ਦੇ ਅੰਦਰ ਇਕ ਉਘੇ ਸਿੱਖ ਚਿੰਤਕ ਅਤੇ ਵਿਦਵਾਨ ਵਜੋਂ ਜਾਣੇ ਜਾਂਦੇ ਹਨ। ਆਪ ਨੇ ਪੰਥਕ ਤੇ ਧਾਰਮਿਕ ਸੂਝ-ਸਮਝ ਆਪਣੇ ਮਾਤਾ ਪਿਤਾ ਤੋਂ ਹੀ ਪ੍ਰਾਪਤ ਕੀਤੀ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਇੱਕ ਅੰਮ੍ਰਿਤਧਾਰੀ ਗੁਰੂ ਕੇ ਸਿੱਖ ਹਨ ਅਤੇ ਪੂਰੀ ਦੁਨੀਆ ਵਿੱਚ ਸਿੱਖ ਪੰਥ ਦੀ ਨਿਧੱੜਕ ਅਵਾਜ਼ ਹਨ। ਉਨ੍ਹਾਂ ਨੇ 1973 ਵਿਚ ਪਟਨਾ ਸਾਹਿਬ ਵਿਖੇ ਹੀ ਪਟਨਾ ਯੂਨੀਵਰਸਿਟੀ ਤੋਂ ਐਲ.ਐਲ.ਬੀ. ਦੀ ਡਿਗਰੀ ਹਾਸਲ ਕਰਕੇ ਵਕਾਲਤ ਦੇ ਨਾਲ ਨਾਲ ਟੀ.ਵੀ. ਪੱਤਰਕਾਰ ਦੇ ਪੇਸ਼ੇ ਨੂੰ ਅਪਣਾਇਆ। ਆਪ 2003 ਤੋਂ 2011 ਈ. ਤੱਕ ਸੰਤ ਸਿਪਾਹੀ ਰਸਾਲੇ ਦੇ ਐਡੀਟਰ ਰਹੇ। ਆਪ ਪੰਥਕ, ਧਾਰਮਿਕ ਤੇ ਕਾਨੂੰਨੀ ਮਸਲਿਆਂ, ਗੁਰਦੁਆਰਾ ਐਕਟ ਪੈਨਲ ਅਤੇ ਧਰਮਾਂ ਦੇ ਤੁਲਾਨਤਮਿਕ ਅਧਿਐਨ ਵਰਗੇ ਵਿਸ਼ਿਆਂ ਦੇ ਗਹਿਰ-ਗੰਭੀਰ ਖੋਜੀ ਬਣਕੇ ਪੰਥ ਦੇ ਵਡੇਰੇ ਹਿਤਾਂ ਲਈ ਯੋਗਦਾਨ ਪਾਉਂਦੇ ਰਹੇ। ਕਈ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸੈਮੀਨਾਰਾਂ ਵਿਚ ਖੋਜ ਭਰਪੂਰ ਪਰਚੇ ਪੜ੍ਹੇ। "ਇਕ ਖਤ ਭਾਈ ਤਾਰੂ ਸਿੰਘ ਜੀ ਦੇ ਨਾਮ" ਅਤੇ "ਦਸਤਾਰ ਕਿ ਟੋਪੀ" ਆਪ ਦੀਆਂ ਇਨ੍ਹਾਂ ਪੁਸਤਕਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਧਰਮ ਪ੍ਰਚਾਰ ਲਈ ਛਾਪਿਆ। ਆਪ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਪੰਥਕ ਮਸਲਿਆਂ ਦੇ ਹੱਲ ਲਈ ਬਣਾਈਆਂ ਕਈ ਸਬ ਕਮੇਟੀਆਂ ਦੇ ਮੈਂਬਰ ਵਜੋਂ ਵੀ ਕਾਰਜਸ਼ੀਲ ਰਹੇ। ਆਪ ਦੀ ਲਿਖੀ ਇਹ ਹੱਥੀ ਪੁਸਤਕ "ਸਾਖੀ ਸਿੱਖ ਰਹਿਤ ਮਰਯਾਦਾ ਜੀ ਕੀ" ਸਿੱਖ ਰਹਿਤ ਮਰਯਾਦਾ ਦੀ ਜਾਣਕਾਰੀ ਦੇਣ ਦੇ ਨਾਲ ਨਾਲ ਪੰਥ ਵਿਚ ਇਸ ਦੀ ਅਹਿਮੀਅਤ ਨੂੰ ਵੀ ਬਿਆਨ ਕਰਦੀ ਹੈ। ਆਪਜੀ ਦੀ ਕਿਤਾਬ ਪੰਥਕ ਨਜ਼ਰ ਇੱਕ ਇਤਿਹਾਸਕ ਦਸਤਾਵੇਜ਼ ਹੈ ਜੋ ਸਮੇਂ-ਸਮੇਂ ਵਰਤੇ ਇਤਿਹਾਸ ਦੀ ਗਵਾਹੀ ਭਰਦਾ ਹੈ। ਆਪ ਸ੍ਰੀ ਅਕਾਲ ਤਖਤ ਸਾਹਿਬ ਅਤੇ ਇਥੋਂ ਪੰਥ ਲਈ ਜਾਰੀ ਸਿੱਖ ਰਹਿਤ ਮਰਯਾਦਾ ਨੂੰ ਸਮਰਪਿਤ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਕੌਮ ਨੂੰ ਆ ਰਹੀਆਂ ਦਰਪੇਸ਼ ਖਤਰਿਆਂ ਉਪਰ ਬੇਬਾਕੀ ਦੇ ਨਾਲ ਬੋਲਦੇ ਅਤੇ ਕੌਮ ਨੂੰ ਅਗਾਹ ਕਰਦੇ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਪਿਛਲੇ ਲੰਬੇ ਸਮੇ ਤੋਂ 'ਸਾਡੇ ਲੋਕ' ਅਖਬਾਰ ਲਈ ਪੰਥ ਅਤੇ ਪੰਜਾਬ ਦੇ ਭਲੇ ਲਈ ਲਗਾਤਾਰ ਲਿਖ ਰਹੇ ਹਨ। ਅਸੀਂ ਉਨ੍ਹਾਂ ਦੀ ਇਤਿਹਾਸਕ ਕਿਤਾਬ ਪੰਥਕ ਨਜ਼ਰ ਨੂੰ ਲਗਾਤਰ ਹਫਤਾਵਾਰੀ ਛਾਪ ਰਹੇ ਹਾਂ। ਇਸ ਹਫਤੇ ਤੋਂ ਉਨ੍ਹਾਂ ਦੀ ਕੌਮ ਨੂੰ ਵੱਡੀ ਦੇਣ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਸ਼ੁਰੂ ਕਰ ਰਹੇ ਹਾਂ। ਇਥੇ ਇਹ ਜ਼ਿਕਰਯੋਗ ਹੈ ਕੀ ਇਸ ਕਿਤਾਬ ਨੂੰ ਲਿਖਣ ਲਈ ਦਹਾਕਿਆਂ ਦਾ ਸਮਾਂ ਲੱਗਾ ਹੈ ਅਤੇ ਆਸ ਹੈ ਕੀ ਪਾਠਕ ਇਸ ਇਤਿਹਾਸਕ ਦਸਤਾਵੇਜ਼ ਤੋਂ ਜ਼ਰੂਰ ਲਾਭ ਉਠਾਉਣਗੇ। ਅਸੀਂ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਛਾਪਕੇ ਖੁਸ਼ੀ ਮਹਿਸੂਸ ਕਰ ਰਹੇ ਹਾਂ :- ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

*ਇਤਿਹਾਸ ਦੇ ਝਰੋਖੇ ਵਿਚੋਂ*

# ਸਿੱਖ ਰਹਿਤ ਮਰਯਾਦਾ ਦਾ ਖਰੜੇ ਤੋਂ ਪੰਥ ਪ੍ਰਵਾਨਤ ਹੋਣ ਦਾ ਸਫ਼ਰ

## ਪਹਿਲਾ ਪੜਾਅ ਸ਼੍ਰੋਮਣੀ ਗੁਰਦਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦੀ ਕਾਇਮੀ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

ੴ ਸਤਿਗੁਰ ਪ੍ਰਸਾਦਿ ॥

ਅਗਲੇ ਸਫ਼ਿਆਂ 'ਤੇ ਜੋ ਰਹਿਤ ਮਰਯਾਦਾ ਦਿੱਤੀ ਗਈ ਹੈ, ਉਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ 'ਰਹੁ-ਰੀਤ ਕਮੇਟੀ' ਵਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਦਫ਼ਤਰ ਵਿਚ ਜਿਸ ਰਿਪੋਰਟ ਸਾਹਿਤ ਪੁੱਜੀ ਸੀ, ਉਹ ਹੇਠ ਦਿੱਤੀ ਜਾਂਦੀ ਹੈ :

ਰਿਪੋਰਟ 'ਰਹੁ-ਰੀਤ ਸਬ-ਕਮੇਟੀ'
(ਸ਼੍ਰੋਮਣੀ ਗੁ. ਪ੍ਰ. ਕਮੇਟੀ)
ਸੇਵਾ ਵਿਚ
ਸ੍ਰੀਮਾਨ ਸਕੱਤਰ ਸਾਹਿਬ,
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,
ਸ੍ਰੀ ਅੰਮ੍ਰਿਤਸਰ
ਸ੍ਰੀਮਾਨ ਜੀ,


ਸ਼੍ਰੋਮਣੀ ਗੁਰਦੁਅਰਾ ਪ੍ਰਬੰਧਕ ਕਮੇਟੀ ਨੇ ਗੁਰਦਆਰਿਆਂਵਿਚ ਗੁਰੂ ਮਰਯਾਦਾ ਨੂੰ ਠੀਕ ਤਰ੍ਹਾਂ ਨਿਯਤ ਕਰਨ ਹਿੱਤ, ਰਹਿਤ ਮਰਯਾਦਾ ਦਾ ਇਕ ਖਰੜਾ ਤਿਆਰ ਕਰਨ ਲਈ ਹੇਠ ਲਿਖੇ ਸੱਜਣਾਂ ਦੀ ਸਬ-ਕਮੇਟੀ ਬਣਾਈ ਸੀ-

1. ਗਿਆਨੀ ਠਾਕੁਰ ਸਿੰਘ ਜੀ, ਅੰਮ੍ਰਿਤਸਰ।
2. ਗਿਆਨੀ ਸ਼ੇਰ ਸਿੰਘ ਜੀ।
3. ਭਾਈ ਬੁੱਧ ਸਿੰਘ ਜੀ।
4. ਅਕਾਲੀ ਕੌਰ ਸਿੰਘ ਜੀ।
5. ਸੰਤ ਸੰਗਤ ਸਿੰਘ ਜੀ ਕਮਾਲੀਆ।
6. ਭਾਈ ਕਾਨ੍ਹ ਸਿੰਘ ਜੀ, ਨਾਭਾ।
7. ਸੰਤ ਗੁਲਾਬ ਸਿੰਘ ਜੀ ਘੋਲੀਆਂ।
8. ਭਾਈ ਲਾਭ ਸਿੰਘ ਜੀ, ਗ੍ਰੰਥੀ ਸ੍ਰੀ ਹਰਿਮੰਦਰ ਸਾਹਿਬ।
9. ਭਾਈ ਹਜ਼ੂਰਾ ਸਿੰਘ ਜੀ, ਹਜ਼ੂਰ ਸਾਹਿਬ (ਜਾਂ ਉਨ੍ਹਾਂ ਦਾ ਭੇਜਿਆ ਹੋਇਆ ਕੋਈ ਪ੍ਰਤੀਨਿਧ)
10. ਪੰਡਤ ਬਸੰਤ ਸਿੰਘ ਜੀ, ਪਟਿਆਲਾ।
11. ਭਾਈ ਵੀਰ ਸਿੰਘ ਜੀ, ਅੰਮ੍ਰਿਤਸਰ।
12. ਗਿਆਨੀ ਹੀਰਾ ਸਿੰਘ ਜੀ, 'ਦਰਦ'।
13. ਬਾਵਾ ਹਰਕ੍ਰਿਸ਼ਨ ਸਿੰਘ ਜੀ, ਪ੍ਰਿੰਸੀਪਲ ਗੁਰੂ ਨਾਨਕ ਖਾ. ਕਾ. ਗੁਜਰਾਂਵਾਲਾ।
14. ਭਾਈ ਤ੍ਰਿਲੋਚਨ ਸਿੰਘ ਜੀ (ਸੁਰ ਸਿੰਘ ਜ਼ਿਲ੍ਹਾ ਲਾਹੌਰ)
15. ਗਿਆਨੀ ਹਮੀਰ ਸਿੰਘ ਜੀ, ਅੰਮ੍ਰਿਤਸਰ।
16. ਪੰਡਤ ਕਰਤਾਰ ਸਿੰਘ ਜੀ ਦਾਖਾ, ਜ਼ਿਲ੍ਹਾ ਲੁਧਿਆਣਾ।
17. ਜਥੇਦਾਰ ਸਾਹਿਬ, ਸ੍ਰੀ ਅਕਾਲ ਤਖਤ ਸਾਹਿਬ।
18. ਜਥੇਦਾਰ ਸਾਹਿਬ, ਤਖਤ ਸ੍ਰੀ ਕੇਸਗੜ੍ਹ ਸਾਹਿਬ।
19. ਜਥੇਦਾਰ ਸਾਹਿਬ, ਤਖਤ ਸ੍ਰੀ ਪਟਨਾ ਸਾਹਿਬ।
20. ਪ੍ਰੋਫੈਸਰ ਜੋਧ ਸਿੰਘ ਜੀ।
22. ਸੰਤ ਮਾਨ ਸਿੰਘ ਜੀ, ਕਨਖਲ।
23. ਜਥੇਦਾਰ ਤੇਜਾ ਸਿੰਘ ਜੀ।
24. ਜਥੇਦਾਰ ਰਣਧੀਰ ਸਿੰਘ ਜੀ।
25. ਪ੍ਰੋ. ਤੇਜਾ ਸਿੰਘ ਜੀ (ਕਨਵੀਨਰ)।

ਇਸ ਸਭ ਕਮੇਟੀ ਦੇ ਸਮਾਗਮ 4-5 ਅਕਤੂਬਰ 1931, 3 ਜਨਵਰੀ 1932 ਅਤੇ 31 ਜਨਵਰੀ 1932 ਨੂੰ ਅਕਾਲਤਖਤ ਸਾਹਿਬ 'ਤੇ ਹੋਏ ਜਿਨ੍ਹਾਂ ਵਿਚ ਹੇਠ ਲਿਖੇ ਮੈਂਬਰ ਦਰਸ਼ਨ ਦੇ ਕੇ ਵਿਚਾਰ ਵਿਚ ਹਿੱਸਾ ਲੈਂਦੇ ਰਹੇ: ਅਕਾਲੀ ਕੌਰ ਸਿੰਘ ਜੀ, ਗਿਆਨੀ ਸ਼ੇਰ ਸਿੰਘ ਜੀ, ਸੰਤ ਮਾਨ ਸਿੰਘ ਜੀ ਨਿਰਮਲੇ, ਪ੍ਰੋ. ਗੰਗਾ ਸਿੰਘ ਜੀ, ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ, ਜਥੇਦਾਰ ਤਖਤ ਸ੍ਰੀ ਕੇਸਗੜ੍ਹ ਸਾਹਿਬ, ਗਿਆਨੀ ਹੀਰਾ ਸਿੰਘ ਜੀ 'ਦਰਦੀ', ਭਾਈ ਲਾਭ ਸਿੰਘ ਜੀ ਗ੍ਰੰਥੀ, ਗਿਆਨੀ ਠਾਕੁਰ ਸਿੰਘ ਜੀ, ਗਿਆਨੀ ਹਮੀਰ ਸਿੰਘ ਜੀ, ਬਾਵਾ ਹਰਕ੍ਰਿਸ਼ਨ ਸਿੰਘ ਜੀ ਐਮ. ਏ., ਜਥੇਦਾਰ ਤੇਜਾ ਸਿੰਘ ਜੀ, ਭਾਈ ਤ੍ਰਿਲੋਚਨ ਸਿੰਘ ਜੀ ਅਤੇ ਦਾਸ ਕਨਵੀਨਰ।

ਇਨ੍ਹਾਂ ਤੋਂ ਇਲਾਵਾ ਹੇਠ ਲਿਖੇ ਸੱਜਣ ਕਦੀ ਕਦੀ ਦਰਸ਼ਨ ਦਿੰਦੇ ਰਹੇ :

ਸ੍ਰ. ਧਰਮ-ਅਨੰਤ ਸਿੰਘ ਜੀ ਪ੍ਰਿੰਸੀਪਲ ਸਿੱਖ ਮਿਸ਼ਨਰੀ ਕਾਲਜ, ਸ੍ਰ. ਭਾਗ ਸਿੰਘ ਵਕੀਲ ਗੁਰਦਾਸਪੁਰ, ਸ੍ਰ. ਵਸਾਵਾ ਸਿੰਘ ਜੀ ਸਕੱਤਰ ਸ਼੍ਰੋ. ਕਮੇਟੀ, ਮਾ. ਤਾਰਾ ਸਿੰਘ ਜੀ (ਪ੍ਰਧਾਨ ਸ਼੍ਰੋਮਣੀ ਅਕਾਲੀ ਦਲ) ਆਦਿ।




ਇਹ ਖਰੜਾ ਇਸ ਰਹੁ-ਰੀਤ ਕਮੇਟੀ ਵਲੋਂ ਸ਼੍ਰੋਮਣੀ ਕਮੇਟੀ ਦੀ ਸੇਵਾ ਵਿਚ ਪੇਸ਼ ਕੀਤਾ ਜਾਂਦਾ ਹੈ। ਆਸ਼ਾ ਹੈ, ਆਪ ਇਸ ਖਰੜੇ ਨੂੰ ਪੰਥ ਰਾਇ ਲੈਣ ਲਈ ਛਪਵਾ ਕੇ ਪ੍ਰਕਾਸ਼ਤ ਕਰੋਗੇ ਅਤੇ ਰਾਵਾਂ ਆਉਣ 'ਤੇ ਸ਼੍ਰੋਮਣੀ ਕਮੇਟੀ ਦੇ ਇਜਲਾਸ ਵਿਚ ਅੰਤਮ ਪ੍ਰਵਾਨਗੀ ਲਈ ਪੇਸ਼ ਕਰੋਗੇ।

ਇਸ ਤੋਂ ਉਪਰੰਤ ਸ਼੍ਰੋ. ਕਮੇਟੀ ਦੀ ਆਗਿਆ ਅਨੁਸਾਰ 8 ਮਈ, 1932 ਨੂੰ ਖਰੜੇ ਉਤੇ ਇਕ ਵਾਰੀ ਹੋਰ ਵਿਚਾਰ ਕੀਤਾ ਗਿਆ। ਹੇਠ ਲਿਖੇ ਸੱਜਣ ਹਾਜ਼ਰ ਸਨ-

ਜਥੇਦਾਰ ਤੇਜਾ ਸਿੰਘ ਜੀ, ਸੰਤ ਤੇਜਾ ਸਿੰਘ ਜੀ ਗ੍ਰੰਥੀ ਸ੍ਰੀ ਨਨਕਾਣਾ ਸਾਹਿਬ, ਗਿਆਨੀ ਗੁਰਮੁਖ ਸਿੰਘ ਜੀ 'ਮੁਸਾਫਰ', ਗਿਆਨੀ ਨਾਹਰ ਸਿੰਘ ਜੀ, ਸ੍ਰ. ਵਸਾਵਾ ਸਿੰਘ ਜੀ ਸਕੱਤਰ ਸ਼੍ਰੋਮਣੀ ਕਮੇਟੀ, ਭਾਈ ਕਰਤਾਰ ਸਿੰਘ ਜੀ ਝੱਬਰ, ਸ੍ਰ. ਵਰਿਆਮ ਸਿੰਘ ਜੀ ਰਾਗਮੂਲਾ (ਮੈਂਬਰ ਇੰਚਾਰਜ ਨਨਕਾਣਾ ਸਾਹਿਬ), ਜਥੇ. ਮੋਹਨ ਸਿੰਘ ਜੀ (ਸ੍ਰੀ ਅਕਾਲ ਤਖਤ ਸਾਹਿਬ) ਆਦਿ।

ਇਸ ਤੋਂ ਉਪਰੰਤ ਕਈ ਸੱਜਣਾਂ ਦੇ ਜ਼ੋਰ ਦੇਣ 'ਤੇ ਖਰੜੇ 'ਤੇ ਮੁੜ ਵਿਚਾਰ ਕਰਨ ਲਈ ਰਹੁ-ਰੀਤ ਕਮੇਟੀ ਦਾ ਇਕ ਹੋਰ ਸਮਾਗਮ 26 ਸਤੰਬਰ 1932 ਨੂੰ ਕੀਤਾ ਗਿਆ। ਇਸ ਵਿਚ ਹੇਠ ਲਿਖੇ ਮੈਂਬਰ ਹਾਜ਼ਰ ਸਨ :

ਗਿਆਨੀ ਸ਼ੇਰ ਸਿੰਘ ਜੀ, ਗਿਆਨੀ ਠਾਕੁਰ ਸਿੰਘ ਜੀ, ਗਿਆਨੀ ਹਮੀਰ ਸਿੰਘ ਜੀ, ਭਾਈ ਲਾਭ ਸਿੰਘ ਜੀ ਗ੍ਰੰਥੀ ਸ੍ਰੀ ਦਰਬਾਰ ਸਾਹਿਬ, ਗਿਆਨੀ ਗੁਰਮੁਖ ਸਿੰਘ 'ਮੁਸਾਫਰ', ਭਾਈ ਜੋਗਿੰਦਰ ਸਿੰਘ ਜੀ (ਮੀਤ ਜਥੇਦਾਰ, ਤਖਤ ਸ੍ਰੀ ਕੇਸਗੜ੍ਹ ਸਾਹਿਬ ਅਤੇ ਦਾਸ ਕਨਵੀਨਰ)। ਇਨ੍ਹਾਂ ਤੋਂ ਇਲਾਵਾ ਸੰਤ ਤੇਜਾ ਸਿੰਘ ਜੀ ਐਮ. ਏ. ਵੀ ਵਿਚਾਰ 'ਚ ਹਿੱਸਾ ਲੈਂਦੇ ਰਹੇ। ਕਮੇਟੀ ਨੇ ਬੜੇ ਗਹੁਬ ਨਾਲ ਸਾਰੇ ਖਰੜੇ ਉਤੇ ਵਿਚਾਰ ਕੀਤੀ ਅਤੇ ਇਸ ਨੂੰ ਅੱਛੀ ਤਰ੍ਹਾਂ ਸੋਧਿਆ।

ਹੁਣ ਇਹ ਖਰੜਾ ਰਹੁ-ਰੀਤ ਕਮੇਟੀ ਵਲੋਂ ਸ਼੍ਰੋ. ਕਮੇਟੀ ਦੀ ਸੇਵਾ ਵਿਚ ਫਿਰ ਪੇਸ਼ ਕੀਤਾ ਜਾਂਦਾ ਹੈ। ਕਿਰਪਾ ਕਰਕੇ ਇਸ ਖਰੜੇ ਨੂੰ ਛਪਵਾ ਕੇ ਸੰਗਤਾਂ ਦੀ ਸੇਵਾ ਵਿਚ ਅੰਤਮ ਵੇਰ ਰਾਏ ਦੇਣ ਲਈ ਭੇਜੋ। ਨਾਲ ਹੀ ਇਸ ਖਰੜੇ ਨੂੰ ਵਿਚਾਰਨ ਅਤੇ ਅੰਤਿਮ ਪ੍ਰਵਾਨਗੀ ਦੇਣ ਲਈ ਸ਼੍ਰੋਮਣੀ ਕਮੇਟੀ ਦਾ ਖਾਸ ਇਜਲਾਸ ਬੁਲਾਇਆ ਜਾਵੇ।

(ਚਲਦਾ)

# ਮਨੀਪੁਰ ਜਿਨਸੀ ਸ਼ੋਸ਼ਣ, ਹਿੰਸਾ ਦੇ ਮਾਮਲਿਆਂ ਦੀ ਜਾਂਚ ਲਈ 29 ਮਹਿਲਾ ਅਧਿਕਾਰੀਆਂ ਸਮੇਤ 53 ਮੈਂਬਰੀ ਬਣੀ ਸੀਬੀਆਈ ਟੀਮ








(ਫੋਟੋ : ਧੰਨਵਾਦ ਸਹਿਤ ਸੋਸ਼ਲ ਮੀਡੀਆ)

ਨਵੀਂ ਦਿੱਲੀ: ਕੇਂਦਰੀ ਜਾਂਚ ਬਿਊਰੋ (ਸੀਬੀਆਈ) ਨੇ ਵਿਵਾਦਗ੍ਰਸਤ ਮਨੀਪੁਰ ਵਿੱਚ ਹਿੰਸਾ ਅਤੇ ਜਿਨਸੀ ਸ਼ੋਸ਼ਣ ਦੇ ਵੱਖ-ਵੱਖ ਮਾਮਲਿਆਂ ਦੀ ਜਾਂਚ ਲਈ 53 ਮੈਂਬਰੀ ਟੀਮ ਦਾ ਗਠਨ ਕੀਤਾ ਹੈ। ਅਧਿਕਾਰੀਆਂ ਮੁਤਾਬਕ ਸੀਬੀਆਈ ਸੀਬੀਆਈ ਨੇ ਬੁੱਧਵਾਰ ਨੂੰ ਉੱਤਰ-ਪੂਰਬੀ ਰਾਜ ਵਿੱਚ ਹਿੰਸਾ ਦੇ ਮਾਮਲਿਆਂ ਦੀ ਜਾਂਚ ਲਈ ਵੱਖ-ਵੱਖ ਰੈਂਕਾਂ ਦੇ 29 ਮਹਿਲਾ ਅਧਿਕਾਰੀਆਂ ਸਮੇਤ 53 ਅਧਿਕਾਰੀਆਂ ਨੂੰ ਤਾਇਨਾਤ ਕੀਤਾ ਹੈ। ਤਿੰਨ ਡਿਪਟੀ ਇੰਸਪੈਕਟਰ ਜਨਰਲ (ਡੀਆਈਜੀ) ਰੈਂਕ ਦੇ ਅਧਿਕਾਰੀ, ਜਿਨ੍ਹਾਂ ਵਿੱਚ ਮਹਿਲਾ ਅਧਿਕਾਰੀ ਲਵਲੀ ਕਟਿਆਰ ਅਤੇ ਨਿਰਮਲਾ ਦੇਵੀ ਸ਼ਾਮਲ ਹਨ, ਰਾਜ ਵਿੱਚ ਹਿੰਸਾ ਦੇ ਮਾਮਲਿਆਂ ਦੀ ਜਾਂਚ ਲਈ ਆਪੋ-ਆਪਣੇ ਟੀਮਾਂ ਦੀ ਅਗਵਾਈ ਕਰਨਗੇ, ਉਨ੍ਹਾਂ ਨੇ ਕਿਹਾ ਕਿ ਅਧਿਕਾਰੀ ਸੰਯੁਕਤ ਡਾਇਰੈਕਟਰ ਘਨਸ਼ਿਆਮ ਉਪਾਧਿਆਏ ਨੂੰ ਰਿਪੋਰਟ ਕਰਨਗੇ। ਵੱਖ-ਵੱਖ ਮਾਮਲਿਆਂ ਵਿੱਚ ਜਾਂਚ ਦੀ ਨਿਗਰਾਨੀ ਕਰੋ।

29 ਜੁਲਾਈ ਨੂੰ, ਕੇਂਦਰੀ ਜਾਂਚ ਏਜੰਸੀ ਨੇ ਤਿੰਨ ਕੁਕੀ-ਜ਼ੋ ਔਰਤਾਂ ਦੇ ਬਦਨਾਮ ਜਿਨਸੀ ਹਮਲੇ ਦੀ ਜਾਂਚ ਆਪਣੇ ਹੱਥਾਂ ਵਿੱਚ ਲੈ ਲਈ ਸੀ, ਜਿਨ੍ਹਾਂ ਨੂੰ ਨਸਲੀ ਝੜਪਾਂ ਤੋਂ ਬਾਅਦ 4 ਮਈ ਨੂੰ ਇੱਕ ਭੀੜ ਦੁਆਰਾ ਕਥਿਤ ਤੌਰ 'ਤੇ ਸਮੂਹਿਕ ਬਲਾਤਕਾਰ ਕਰਨ ਤੋਂ ਪਹਿਲਾਂ ਉਨ੍ਹਾਂ ਵਿੱਚੋਂ ਇੱਕ ਨੂੰ ਨੰਗਾ ਕਰ ਦਿੱਤਾ ਗਿਆ ਸੀ ਅਤੇ ਪਰੇਡ ਕੀਤੀ ਗਈ ਸੀ। ਸੀਬੀਆਈ ਦੀ ਇੱਕ ਵਿਸ਼ੇਸ਼ ਜਾਂਚ ਟੀਮ ਇਸ ਸਮੇਂ ਉੱਤਰ-ਪੂਰਬੀ ਰਾਜ ਵਿੱਚ ਹਿੰਸਾ ਦੇ ਛੇ ਹੋਰ ਮਾਮਲਿਆਂ ਅਤੇ ਰਾਜ ਦੇ ਹਥਿਆਰਾਂ ਤੋਂ ਹਥਿਆਰਾਂ ਦੀ ਕਥਿਤ ਲੁੱਟ ਦੀ ਜਾਂਚ ਕਰ ਰਹੀ ਹੈ। ਹਿੰਸਾ ਨਾਲ ਪ੍ਰਭਾਵਿਤ ਮਣੀਪੁਰ 19 ਜੁਲਾਈ ਨੂੰ ਇੱਕ ਨਿਰਾਸ਼ਾਜਨਕ ਵੀਡੀਓ ਸਾਹਮਣੇ ਆਉਣ ਤੋਂ ਬਾਅਦ ਫਿਰ ਭੜਕ ਉੱਠਿਆ, ਜਿਸ ਵਿੱਚ ਦੋ ਔਰਤਾਂ, ਕਥਿਤ ਤੌਰ 'ਤੇ ਕੁਕੀ-ਜ਼ੋ ਕਬੀਲੇ ਨਾਲ ਸਬੰਧਤ ਹਨ, ਨੂੰ ਪੁਰਸ਼ਾਂ ਦੇ ਇੱਕ ਸਮੂਹ ਦੁਆਰਾ ਸੜਕ 'ਤੇ ਨਗਨ ਪਰੇਡ ਕਰਦੇ ਹੋਏ ਦਿਖਾਇਆ ਗਿਆ ਹੈ।



# Balsani Welders & Builders

## We Design, Manufacture & Ship Nationwide

### All Kind of Welding & Fabrication Services Available

- Mobile Welding Services
- Custom Febrication
- Custom Welding
- Alnminum Welding
- Metal Canopy
- Truck/Trailer Welding
- Custom Metal Gates
- Metal Fences







ਲੋਹੇ ਦੀਆਂ ਚਾਦਰਾਂ ਦੀਆਂ ਚਗਾਠਾਂ, ਗੇਟ ਗਰਿਲਾਂ ਹਰ ਤਰ੍ਹਾਂ ਦੇ ਫੈਂਸੀ ਗੇਟ, ਮਕਾਨਾਂ ਦੇ ਜੰਗਲੇ ਘਰਾਂ 'ਚ ਹਰ ਕਿਸਮ ਦੀ ਵੈਲਡਿੰਗ ਦੇ ਨਾਲ-ਨਾਲ ਅਸੀਂ ਟਰੱਕਾਂ ਦੀ ਵੈਲਡਿੰਗ ਦੇ ਕੰਮ ਦੇ ਵੀ ਮਾਹਿਰ ਹਾਂ।





## ਤੁਸੀਂ ਸਾਡੇ 'ਤੇ 100% ਭਰੋਸਾ ਕਰ ਸਕਦੇ ਹੋ

ਤੁਸੀਂ ਆਪਣੇ ਘਰ ਜਾਂ ਕਾਰੋਬਾਰ ਤੋਂ ਅਣਚਾਹੇ ਸ਼ੱਕੀ ਲੋਕਾਂ ਨੂੰ ਬਾਹਰ ਰੱਖਣ ਅਤੇ ਘਰ ਵਪਾਰ ਦੀ ਸੁਰੱਖਿਆ ਲਈ ਅਸੀਂ ਲੋਹੇ ਦੀ ਸੁੰਦਰ ਵਾੜ ਲਗਾਉਂਦੇ ਹਾਂ। ਸਾਡੇ ਪਹਿਲੇ ਕੀਤੇ ਕੰਮ ਦੇਖੋ।

**ਅਸੀਂ ਤੁਹਾਡੀਆਂ ਆਸਾਂ ਉਮੀਦਾਂ ਉਪਰ 100% ਖਰੇ ਉਤਰਾਂਗੇ**

ਤੁਸੀਂ ਸਾਡੇ ਕੀਤੇ ਸੈਂਕੜੇ ਕੰਮਾਂ ਦੀਆਂ ਤਸਵੀਰਾਂ ਦੇਖਕੇ ਪਸੰਦ ਕਰਕੇ ਕੰਮ ਕਰਾਉ ਅਸੀਂ ਤੁਹਾਡੇ ਸੁਪਨਿਆਂ ਦਾ ਮਹਿਲ ਸਿਰਜਾਂਗੇ।

- Wrought Iron Fences
- Ornamental Iron Fences
- Custom Designed Iron Fences
- Black Rod Iron Fences
- Wrought Iron Garden Fences
- FROM CONCEPTION
- - FABRICATION TO INSTALLATION













ਅਸੀਂ ਤੁਹਾਡੇ ਸੰਕਲਪ ਦੇ ਸੁਪਨਿਆਂ ਨੂੰ ਅਸਲੀਅਤ 'ਚ ਬਦਲਾਂਗੇ।



## S. Iqbal Singh

844-573-3824 | 510 862 2332

433 W Scotts Ave Stockton, CA 95203

PH: (925) 487-7117



ਤਰਲੋਚਨ ਸਿੰਘ 'ਦੁਪਾਲ ਪੁਰ'
001-408-915-1268

# ਮੰਤਰੀ ਹੁੰਦਿਆਂ ਬੀਬੀ ਹਰਸਿਮਰਤ ਕਿੱਕਲੀ ਪਾਉਂਦੀ ਰਹੀ!

ਬੀਤੇ ਦਸ ਅਗਸਤ ਦੀਆਂ ਕੁੱਝ ਪੰਜਾਬੀ ਅਖਬਾਰਾਂ ਵਿੱਚ ਬੀਬੀ ਹਰਸਿਮਰਤ ਕੌਰ ਬਾਦਲ ਵਲੋਂ ਲੋਕ ਸਭਾ ਵਿੱਚ ਦਿੱਤੇ ਗਏ ਭਾਸ਼ਣ ਦੀ ਸ਼ਲਾਘਾ ਵਾਲੀਆਂ ਖਬਰਾਂ ਛਪੀਆਂ ਹਨ। ਇਸ ਵਿੱਚ ਕੋਈ ਦੋ ਰਾਵਾਂ ਨਹੀਂ ਕਿ ਬੀਬੀ ਜੀ ਨੇ ਆਪਣੇ ਭਾਸ਼ਨ ਵਿੱਚ ਭਾਜਪਾ ਅਤੇ ਕਾਂਗਰਸ ਪਾਰਟੀ ਨੂੰ ਜਿਹੜੀਆਂ 'ਖਰੀਆਂ ਖਰੀਆਂ' ਸੁਣਾਈਆਂ ਹਨ ਉਹ ਵਾਕਿਆ ਹੀ ਅਣਿਆਲੇ ਤੀਰਾਂ ਵਰਗੀਆਂ ਹਨ ਪਰ ਕਿੰਨਾਂ ਚੰਗਾ ਹੁੰਦਾ ਜੇ ਬੀਬੀ ਬਾਦਲ ਲਗਦੇ ਹੱਥ ਆਪਣੀ ਪੀੜ੍ਹੀ ਹੇਠ ਵੀ ਸੋਟਾ ਫੇਰ ਲੈਂਦੇ! ਦਿੱਲੀ ਵਿਚਲੀ ਵਿਧਵਾ ਕਲੋਨੀ ਵਿੱਚ ਰਾਹੁਲ ਗਾਂਧੀ ਨੂੰ ਨਾ ਜਾਣ ਦੇ ਤਾਅਹਨੇ ਮਾਰਨ ਦੇ ਨਾਲ ਨਾਲ ਬੀਬੀ ਜੀ ਆਪਣੇ ਬਾਰੇ ਵੀ ਦੱਸ ਦਿੰਦੇ ਕਿ ਲੋਕ ਸਭਾ ਦੇ ਅਕਾਲੀ ਐਮ.ਪੀ ਹੁੰਦਿਆਂ ਜਾਂ ਬਤੌਰ ਕੇਂਦਰੀ ਮੰਤਰੀ ਉਨ੍ਹਾਂ ਨੇ ਓਸ ਵਿਧਵਾ ਕਲੋਨੀ ਵਿੱਚ ਕਿੰਨੇਂ ਕੁ ਗੇੜੇ ਮਾਰੇ? ਜਾਂ ਉਨ੍ਹਾਂ ਨੇ ਮੰਤਰੀ ਹੁੰਦਿਆਂ ਦਿੱਲੀ ਕਤਲੇਆਮ ਪੀੜਤ ਪ੍ਰਵਾਰਾਂ ਲਈ ਕੀ ਕੀਤਾ? ਸਵੇਰੇ ਸ਼ਾਮ 'ਪੀ.ਟੀ.ਸੀ' ਉੱਤੇ 'ਧੀਆਂ ਦਾ ਸਤਿਕਾਰ ਕਰੋ' ਦਾ ਉਪਦੇਸ਼ ਦੇਣ ਵਾਲੀ ਬੀਬੀ ਬਾਦਲ ਹੁਣ ਮਨੀ ਪੁਰ ਬੇਪੱਤ ਹੋਈਆਂ ਧੀਆਂ ਭੈਣਾ ਕੋਲ ਕਿੰਨੇਂ ਕੁ ਗੇੜੇ ਮਾਰ ਆਈ ਐ? ਆਪ ਤਾਂ ਬੀਬੀ ਜੀ ਕੇਂਦਰ ਵਿੱਚ ਮੰਤਰੀ ਹੋਣ ਸਮੇਂ ਭਾਜਪਾਈ ਬੀਬੀਆਂ ਨਾਲ 'ਕਿੱਕਲੀ' ਪਾਉਂਦੇ ਰਹੇ ਤੇ ਹੁਣ ਉਸੇ ਭਾਜਪਾ ਨੂੰ ਭੰਡਣ ਦੇ ਨਾਟਕ ਕਰ ਰਹੇ ਹਨ!

ਪੰਜਾਬ ਦੇ ਹਿਤਾਂ ਦੀ ਅਣਦੇਖੀ ਦੇ ਨਜ਼ਰੀਏ ਤੋਂ ਉਨ੍ਹਾਂ ਇਹ ਸੱਚ ਕਿਹਾ ਕਿ ਸਾਡੇ ਲਈ ਭਾਜਪਾ ਤੇ ਕਾਂਗਰਸ ਇੱਕੋ ਜਿਹੀਆਂ ਨੇ। ਪਰ ਅਜਿਹਾ ਕਹਿੰਦਿਆਂ ਉਹ ਇਹ ਕਿਉਂ ਭੁੱਲ ਗਏ ਕਿ ਉਨ੍ਹਾਂ ਦਾ ਦਲ ਲਗਭਗ ਤਿੰਨ ਦਹਾਕੇ ਭਾਜਪਾ ਨਾਲ 'ਪਤੀ ਪਤਨੀ' ਵਾਲਾ ਰਿਸ਼ਤਾ ਨਿਭਾਉਂਦਾ ਰਿਹਾ ਹੈ ਤੇ ਹੁਣ ਆ ਕੇ ਭਾਜਪਾ 'ਕਾਂਗਰਸ ਵਰਗੀ' ਹੋ ਗਈ!

ਅਸਲ ਵਿੱਚ ਦੇਖਿਆ ਜਾਵੇ ਤਾਂ ਭਾਜਪਾ ਵਿਰੁੱਧ ਬੋਲਣਾ ਹੁਣ ਬਾਦਲ ਪ੍ਰਵਾਰ ਦੀ ਸਿਰਫ ਸਿਆਸੀ ਮਜ਼ਬੂਰੀ ਬਣ ਗਈ ਹੋਈ ਹੈ। ਪੰਜਾਬ ਵਲੋਂ ਉੱਪਰੋਥਲੀ ਤਿੰਨ ਵਾਰ ਨਕਾਰੇ ਅਤੇ ਦੁਰਕਾਰੇ ਜਾਣ ਦੇ ਬਾਅਦ, ਬਾਦਲ ਪ੍ਰਵਾਰ ਖੁੱਸ ਚੁੱਕੀ ਸਿਆਸੀ ਜ਼ਮੀਨ ਤਲਾਸ਼ਦਾ ਹੋਇਆ ਅੱਕੀਂ ਪਲਾਹੀਂ ਹੱਥ ਮਾਰ ਰਿਹਾ ਹੈ! ਕਦੇ ਉਹ ਬੰਦੀ ਸਿੰਘਾਂ ਦੀ ਰਿਹਾਈ ਰਾਹੀਂ ਆਪਣੇ ਉਖੜੇ ਪੈਰ ਜਮਾਉਣ ਦੀ ਕੋਸ਼ਿਸ਼ ਕਰਦਾ ਐ ਅਤੇ ਕਦੇ ਇਸੇ ਮਕਸਦ ਹਿਤ ਸ਼੍ਰੋਮਣੀ ਕਮੇਟੀ ਦੇ ਮੋਢੇ 'ਤੇ ਰੱਖ ਕੇ ਬੰਦੂਕ ਚਲਾਉਂਦਾ ਹੈ!



ਇੱਥੇ ਇਹ ਗੱਲ ਵੀ ਰੜਕਦੀ ਹੈ ਕਿ ਅਕਾਲੀ ਦਲ ਦੀ ਪ੍ਰਧਾਨਗੀ ਨੂੰ ਜੱਫਾ ਮਾਰੀ ਬੈਠੇ ਸੁਖਬੀਰ ਸਿੰਘ ਬਾਦਲ ਵੀ ਲੋਕ ਸਭਾ ਦੇ ਮੈਂਬਰ ਹਨ। ਜਦ ਲੋਕ ਸਭਾ ਵਿੱਚ ਇੰਨੇਂ ਮਹੱਤਵਪੂਰਨ ਬਿੱਲ ਉੱਤੇ ਬਹਿਸ ਚੱਲ ਰਹੀ ਸੀ ਤਾਂ ਉਹ 'ਸ੍ਰੀ ਮਾਨ' ਅਕਾਲੀ ਦਲ ਤੋਂ ਬਗਾਵਤ ਕਰੀ ਬੈਠੀਆਂ ਬੀਬੀਆਂ ਨੂੰ ਮਨਾਉਣ ਲਈ ਚੰਡੀਗੜ੍ਹ ਉਨ੍ਹਾਂ ਦੇ ਹਾੜ੍ਹੇ ਕੱਢ ਰਿਹਾ ਸੀ! ਜੇ ਪਾਰਟੀ ਲਈ ਭਾਜਪਾ ਤੇ ਕਾਂਗਰਸ ਇੱਕੋ ਜਿਹੀਆਂ ਹਨ ਤਾਂ ਉਸ ਵਲੋਂ ਭਾਜਪਾ ਦੀ ਤਾਨਾਸ਼ਾਹੀ ਦਾ ਡਟ ਕੇ ਵਿਰੋਧ ਕਰਨ ਲਈ ਲੋਕ ਸਭਾ ਵਿੱਚ ਪਹੁੰਚਣਾ ਜ਼ਰੂਰੀ ਚਾਹੀਦਾ ਸੀ!

ਦਰਅਸਲ ਸੁਖਬੀਰ ਸਿੰਘ ਬਾਦਲ ਦਾ ਬਤੌਰ ਮੈਂਬਰ ਲੋਕ ਸਭਾ ਰਿਕਾਰਡ ਵੀ ਕੋਈ ਸਿਫਤ ਲਾਇਕ ਨਹੀਂ ਹੈ! ਸੰਨ 2011 ਵਿੱਚ ਅਮਰੀਕਾ ਦੀ ਇੱਕ ਅਖਬਾਰ 'ਸਾਡੇ ਲੋਕ' ਵਿੱਚ ਨਾਮੀ ਪੱਤਰਕਾਰ/ਲੇਖਕ ਸ੍ਰੀ ਗੁਰਬਚਨ ਸਿੰਘ ਭੁੱਲਰ ਵਲੋਂ ਲਿਖੇ ਲੇਖ ਵਿੱਚ ਸੁਖਬੀਰ ਬਾਦਲ ਬਾਰੇ ਇਹ ਜਾਣਕਾਰੀ ਛਪੀ ਸੀ-

'ਲੋਕ ਸਭਾ ਵਲੋਂ ਮਿਲੀ ਸੂਚਨਾਂ ਅਨੁਸਾਰ ਸੁਖਬੀਰ ਬਾਦਲ ਨੇ ਐੱਮ.ਪੀ ਹੁੰਦਿਆਂ ਹਾਊਸ ਵਿੱਚ ਕਦੇ ਕੋਈ ਸਵਾਲ ਨਹੀਂ ਪੁੱਛਿਆ। ਕੋਈ ਬਿੱਲ ਨਹੀਂ ਪੇਸ਼ ਕੀਤਾ ਅਤੇ ਇੱਕ ਵਾਰ ਵੀ ਭਾਸ਼ਨ ਨਹੀਂ ਦਿੱਤਾ। ਛਿਆਹਠ (66) ਦਿਨਾਂ ਵਿੱਚੋਂ ਉਸਦੀ ਹਾਜ਼ਰੀ ਕੇਵਲ ਚਾਰ ਦਿਨ ਸੀ ਅਤੇ ਲੋਕ ਸਭਾ ਮੈਂਬਰਾਂ ਦੇ ਅਧਾਰਤ ਸਬ-ਕਮੇਟੀਆਂ (ਜਿਨ੍ਹਾਂ ਦਾ ਉਹ ਨਾਮਜ਼ਦ ਮੈਂਬਰ ਸੀ) ਦੀਆਂ 21 ਬੈਠਕਾਂ ਵਿੱਚੋਂ ਉਹ ਕੇਵਲ ਇੱਕ ਵਿੱਚ ਹਾਜ਼ਰ ਰਿਹਾ।'

ਗੱਲ ਮੁੱਕੀ, ਹੁਣ ਬਾਦਲ ਟੱਬਰ ਦਾ ਕੋਈ ਵੀ ਸਿਆਸਤਦਾਨ ਭਾਵੇਂ ਲੋਕ ਸਭਾ ਵਿੱਚ ਬੋਲਦਿਆਂ ਜਾਂ ਵੈਸੇ ਕਿਤੇ ਪ੍ਰੈੱਸ ਨਾਲ ਗੱਲ ਕਰਨ ਵੇਲੇ ਜਦ ਪੰਜਾਬ ਬਾਰੇ ਖਾਸ ਕਰ ਸਿੱਖ ਮਸਲਿਆਂ ਬਾਰੇ ਬੋਲੇ ਤਾਂ ਉਹ ਅਖਾਣ ਚੇਤੇ ਆ ਜਾਂਦਾ ਐ- ਅਖੇ 'ਘਰ ਦਿਆਂ ਦੀ ਸਲਾਹ ਨਹੀਂ, ਪ੍ਰਾਹੁਣੇ ਕਹਿੰਦੇ ਦੋ ਦੋ ਹੋ ਕੇ ਬਹਿ ਜਾਉ!'

# ਹਿਮਾਚਲ ਪ੍ਰਦੇਸ਼ ਵਿੱਚ ਮੀਂਹ ਦਾ ਕਹਿਰ ਜਾਰੀ; 51 ਮੌਤਾਂ

## ਸ਼ਿਮਲਾ 'ਚ ਸ਼ਿਵ ਮੰਦਰ ਦੇ ਮਲਬੇ ਹੇਠ ਕਈ ਲੋਕ ਦੱਬੇ; ਸੋਲਨ ਅਤੇ ਮੰਡੀ ਵਿੱਚ ਦੋ ਪਰਿਵਾਰਾਂ ਦੇ 7-7 ਜੀਅ ਹਲਾਕ

ਸ਼ਿਮਲਾ : ਹਿਮਾਚਲ ਪ੍ਰਦੇਸ਼ 'ਚ ਭਾਰੀ ਮੀਂਹ ਦਾ ਕਹਿਰ ਅੱਜ ਵੀ ਜਾਰੀ ਹੈ ਅਤੇ ਮੀਂਹ ਕਾਰਨ ਵਾਪਰੀਆਂ ਘਟਨਾਵਾਂ ਵਿੱਚ ਘੱਟੋ-ਘੱਟ 51 ਜਣਿਆਂ ਦੀ ਮੌਤ ਹੋ ਚੁੱਕੀ ਹੈ ਜਿਨ੍ਹਾਂ 'ਚੋਂ 14 ਵਿਅਕਤੀ ਸ਼ਿਮਲਾ ਨਾਲ ਸਬੰਧਤ ਹਨ। ਸੋਲਨ ਤੇ ਮੰਡੀ ਜ਼ਿਲ੍ਹੇ 'ਚ ਦੋ ਪਰਿਵਾਰਾਂ ਦੇ ਸੱਤ-ਸੱਤ ਜੀਅ ਹਲਾਕ ਹੋ ਗਏ ਹਨ। ਅਧਿਕਾਰੀਆਂ ਨੇ ਅੱਜ ਇਹ ਜਾਣਕਾਰੀ ਦਿੱਤੀ। ਮੌਸਮ ਵਿਭਾਗ ਨੇ ਸੂਬੇ 'ਚ ਭਲਕੇ 15 ਅਗਸਤ ਲਈ ਯੈਲੋ ਅਲਰਟ ਜਾਰੀ ਕਰਦਿਆਂ 18 ਅਗਸਤ ਤੱਕ ਮੀਂਹ ਦੀ ਪੇਸ਼ੀਨਗੋਈ ਕੀਤੀ ਹੈ।

ਸ਼ਿਮਲਾ ਦੇ ਸਮਰ ਹਿੱਲ ਇਲਾਕੇ 'ਚ ਸ਼ਿਵ ਮੰਦਿਰ ਦੇ ਮਲਬੇ ਹੇਠ ਦਬਣ ਕਾਰਨ ਨੌਂ ਵਿਅਕਤੀਆਂ ਦੀ ਮੌਤ ਹੋਈ ਹੈ ਅਤੇ ਕਈ ਲੋਕਾਂ ਦੇ ਮਲਬੇ ਹੇਠ ਦੱਬੇ ਹੋਣ ਦਾ ਖਦਸ਼ਾ ਹੈ। ਸਾਉਣ ਦਾ ਮਹੀਨਾ ਹੋਣ ਕਾਰਨ ਹਾਦਸੇ ਸਮੇਂ ਮੰਦਰ 'ਚ ਵੱਡੀ ਗਿਣਤੀ 'ਚ ਸ਼ਰਧਾਲੂ ਮੌਜੂਦ ਸਨ। ਸੂਬੇ ਦੀ ਰਾਜਧਾਨੀ 'ਚ ਢਿੱਗਾਂ ਖਿਸਕਣ ਦੀਆਂ ਦੋ ਘਟਨਾਵਾਂ ਵਾਪਰੀਆਂ ਹਨ। ਮੁੱਖ ਮੰਤਰੀ ਸੁਖਵਿੰਦਰ ਸਿੰਘ ਸੁੱਖੂ ਨੇ ਮੌਕੇ ਦਾ ਦੌਰਾ ਕਰਦਿਆਂ ਦੱਸਿਆ ਕਿ ਸਮਰ ਹਿੱਲ ਇਲਾਕੇ 'ਚ ਇੱਕ ਸ਼ਿਵ ਮੰਦਰ ਤੇ ਫਾਗਲੀ ਇਲਾਕੇ 'ਚ ਇੱਕ ਹੋਰ ਥਾਂ 'ਤੇ ਢਿੱਗਾਂ ਖਿਸਕੀਆਂ ਹਨ ਅਤੇ ਹੁਣ ਤੱਕ ਮਲਬੇ ਹੇਠੋਂ ਨੌਂ ਲਾਸ਼ਾਂ ਬਾਹਰ ਕੱਢੀਆਂ ਗਈਆਂ ਹਨ। ਫਾਗਲੀ ਇਲਾਕੇ 'ਚ ਕਈ ਮਕਾਨ ਮਿੱਟੀ 'ਚ ਧਸ ਗਏ ਹਨ ਅਤੇ ਇੱਥੇ ਪੰਜ ਲਾਸ਼ਾਂ ਬਰਾਮਦ ਕੀਤੀਆਂ ਜਾ ਚੁੱਕੀਆਂ ਹਨ ਤੇ 17 ਲੋਕਾਂ ਨੂੰ ਬਚਾਇਆ ਗਿਆ ਹੈ। ਭਾਰੀ ਮੀਂਹ ਕਾਰਨ ਸਾਰੇ ਸਕੂਲ ਤੇ ਕਾਲਜ ਬੰਦ ਰੱਖਣ ਦੇ ਹੁਕਮ ਦਿੱਤੇ ਗਏ ਹਨ।

ਸੂਬੇ ਦੇ ਐਮਰਜੈਂਸੀ ਵਿਭਾਗ ਨੇ ਦੱਸਿਆ ਭਾਰੀ ਮੀਂਹ ਕਾਰਨ ਸੂਬੇ 'ਚ ਸ਼ਿਮਲਾ-ਚੰਡੀਗੜ੍ਹ ਕੌਮੀ ਮਾਰਗ ਤੇ ਚੰਡੀਗੜ੍ਹ-ਮਨਾਲੀ ਕੌਮੀ ਮਾਰਗ ਸਮੇਤ 752 ਸੜਕਾਂ ਬੰਦ ਕਰ ਦਿੱਤੀਆਂ ਗਈਆਂ ਹਨ। ਸੋਲਨ ਜ਼ਿਲ੍ਹੇ ਦੇ ਜਾਦੋਨ ਪਿੰਡ 'ਚ ਬੱਦਲ ਫਟਣ ਕਾਰਨ ਲੰਘੀ ਰਾਤ ਨੂੰ ਇੱਕ ਹੀ ਪਰਿਵਾਰ ਦੇ ਸੱਤ ਜੀਆਂ ਦੀ ਮੌਤ ਹੋ ਗਈ ਹੈ। ਪੁਲੀਸ ਦੇ ਇੱਕ ਅਧਿਕਾਰੀ ਨੇ ਦੱਸਿਆ ਕਿ ਜ਼ਿਲ੍ਹੇ 'ਚ ਬੱਦਲ ਫਟਣ ਤੋਂ ਬਾਅਦ ਦੋ ਮਕਾਨ ਢਹਿ ਗਏ। ਹਾਦਸੇ 'ਚ ਛੇ ਲੋਕਾਂ ਨੂੰ ਬਚਾ ਲਿਆ ਗਿਆ ਜਦਕਿ ਸੱਤ ਹੋਰਾਂ ਦੀ ਮੌਤ ਹੋ ਗਈ।










### ਸ਼ਾਹ ਨੇ ਹਿਮਾਚਲ 'ਚ ਹੋਈਆਂ ਮੌਤਾਂ ਲਈ ਦੁੱਖ ਪ੍ਰਗਟਾਇਆ

ਨਵੀਂ ਦਿੱਲੀ: ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਹਿਮਾਚਲ ਪ੍ਰਦੇਸ਼ 'ਚ ਭਾਰੀ ਮੀਂਹ ਤੇ ਜ਼ਮੀਨ ਖਿਸਕਣ ਦੀਆਂ ਘਟਨਾਵਾਂ ਕਾਰਨ ਹੋਈਆਂ ਮੌਤਾਂ 'ਤੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਐੱਨਡੀਆਰਐੱਫ ਦੇ ਮੁਲਾਜ਼ਮ ਸਥਾਨਕ ਪ੍ਰਸ਼ਾਸਨ ਨਾਲ ਮਿਲ ਕੇ ਰਾਹਤ ਤੇ ਬਚਾਅ ਕਾਰਜਾਂ 'ਚ ਲੱਗੇ ਹੋਏ ਹਨ। ਉਨ੍ਹਾਂ ਟਵੀਟ ਕੀਤਾ, 'ਹਿਮਾਚਲ ਪ੍ਰਦੇਸ਼ 'ਚ ਵੱਖ ਵੱਖ ਥਾਵਾਂ 'ਤੇ ਭਾਰੀ ਮੀਂਹ ਤੇ ਜ਼ਮੀਨ ਖਿਸਕਣ ਦੀਆਂ ਘਟਨਾਵਾਂ ਕਾਰਨ ਵੱਡੀ ਗਿਣਤੀ ਲੋਕਾਂ ਦੀ ਜਾਨ ਗਈ ਹੈ। ਐੱਨਡੀਆਰਐੱਫ ਦੀ ਟੀਮ ਸਥਾਨਕ ਪ੍ਰਸ਼ਾਸਨ ਨਾਲ ਮਿਲ ਕੇ ਰਾਹਤ ਤੇ ਬਚਾਅ ਕਾਰਜਾਂ 'ਚ ਲੱਗੀ ਹੋਈ ਹੈ। ਉਨ੍ਹਾਂ ਕਿਹਾ, 'ਦੁਖੀ ਪਰਿਵਾਰਾਂ ਨਾਲ ਹਮਦਰਦੀ ਜ਼ਾਹਿਰ ਕਰਦਾ ਹਾਂ ਤੇ ਜ਼ਖ਼ਮੀਆਂ ਦੇ ਜਲਦੀ ਤੰਦਰੁਸਤ ਹੋਣ ਦੀ ਕਾਮਨਾ ਕਰਦਾ ਹਾਂ।''

ਸੋਲਨ ਦੇ ਐੱਸਪੀ ਗੌਰਵ ਸਿੰਘ ਨੇ ਦੱਸਿਆ ਕਿ ਮ੍ਰਿਤਕਾਂ ਦੀ ਸ਼ਨਾਖ਼ਤ ਹਰਨਾਮ (38), ਕਮਲ ਕਿਸ਼ੋਰ (35), ਹੇਮਲਤਾ (34) ਰਾਹੁਲ (14), ਨੇਹਾ (12), ਗੋਲੂ (8) ਅਤੇ ਰਕਸ਼ਾ (12) ਵਜੋਂ ਹੋਈ ਹੈ। ਸੋਲਨ ਦੇ ਡਿਪਟੀ ਕਮਿਸ਼ਨਰ ਮਨਮੋਹਨ ਸ਼ਰਮਾ ਨੇ ਦੱਸਿਆ ਕਿ ਜ਼ਿਲ੍ਹੇ ਦੀ ਬਲੇਰਾ ਪੰਚਾਇਤ 'ਚ ਇੱਕ ਝੌਂਪੜੀ 'ਤੇ ਪਹਾੜ ਦਾ ਮਲਬਾ ਡਿੱਗਣ ਕਾਰਨ ਦੋ ਬੱਚਿਆਂ ਦੀ ਮੌਤ ਹੋ ਗਈ। ਰਾਮ ਸ਼ਹਿਰ ਤਹਿਸੀਲ ਦੇ ਬਨਾਲ ਪਿੰਡ 'ਚ ਇੱਕ ਹੋਰ ਮਹਿਲਾ ਦੀ ਮੌਤ ਹੋ ਗਈ ਹੈ। ਮੁੱਖ ਮੰਤਰੀ ਸੁੱਖੂ ਨੇ ਸ਼ਿਮਲਾ ਦੇ ਸਮਰ ਹਿੱਲ ਇਲਾਕੇ 'ਚ ਘਟਨਾ ਸਥਾਨ ਦਾ ਦੌਰਾ ਕੀਤਾ ਤੇ ਕਿਹਾ ਕਿ ਮਲਬੇ ਹੇਠ ਦੱਬੇ ਲੋਕਾਂ ਨੂੰ ਬਚਾਉਣ ਦੀ ਹਰ ਸੰਭਵ ਮਦਦ ਕੀਤੀ ਜਾ ਰਹੀ ਹੈ।

ਦੂਜੇ ਪਾਸੇ ਹਮੀਰਪੁਰ ਦੇ ਡਿਪਟੀ ਕਮਿਸ਼ਨਰ ਹੇਮਰਾਜ ਬੇਰਵਾ ਨੇ ਦੱਸਿਆ ਕਿ ਜ਼ਿਲ੍ਹੇ 'ਚ ਮੋਹਲੇਧਾਰ ਮੀਂਹ ਕਾਰਨ ਤਿੰਨ ਜਣਿਆਂ ਦੀ ਮੌਤ ਹੋ ਗਈ ਜਦਕਿ ਦੋ ਵਿਅਕਤੀ ਲਾਪਤਾ ਹਨ। ਮੰਡੀ ਦੇ ਡਿਪਟੀ ਕਮਿਸ਼ਨਰ ਅਰਿੰਦਮ ਚੌਧਰੀ ਨੇ ਦੱਸਿਆ ਕਿ ਜ਼ਿਲ੍ਹੇ ਵਿੱਚ ਭਾਰੀ ਮੀਂਹ ਕਾਰਨ ਵਾਪਰੀਆਂ ਵੱਖ ਵੱਖ ਘਟਨਾਵਾਂ 'ਚ 19 ਵਿਅਕਤੀਆਂ ਦੀ ਮੌਤ ਹੋਈ ਹੈ। ਉਨ੍ਹਾਂ ਕਿਹਾ ਕਿ ਸੇਘਲੀ ਪੰਚਾਇਤ 'ਚ ਲੰਘੀ ਦੇਰ ਰਾਤ ਢਿੱਗਾਂ ਖਿਸਕਣ ਦੀ ਘਟਨਾ 'ਚ ਇੱਕ ਹੀ ਪਰਿਵਾਰ ਦੇ ਸੱਤ ਜੀਆਂ ਦੀ ਮੌਤ ਹੋ ਗਈ ਜਿਨ੍ਹਾਂ 'ਚ ਦੋ ਸਾਲ ਦਾ ਬੱਚਾ ਵੀ ਸ਼ਾਮਲ ਹੈ। ਲੰਘੀ ਸ਼ਾਮ ਤੋਂ ਕਾਂਗੜਾ 'ਚ 273 ਐੱਮਐੱਮ, ਧਰਮਸ਼ਾਲਾ ਵਿੱਚ 250, ਸੁੰਦਰ ਨਗਰ 'ਚ 168, ਮੰਡੀ 'ਚ 140, ਜੱਬਾਰਹੱਟੀ 'ਚ 132, ਸ਼ਿਮਲਾ 'ਚ 126 ਤੇ ਨਾਹਨ 'ਚ 107 ਐੱਮਐੱਮ ਮੀਂਹ ਪਿਆ ਹੈ। ਇਸੇ ਦੌਰਾਨ ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਹਿਮਾਚਲ 'ਚ ਹੋਈਆਂ ਮੌਤਾਂ ਲਈ ਦੁੱਖ ਜ਼ਾਹਿਰ ਕਰਦਿਆਂ ਕਿਹਾ ਕਿ ਸੂਬੇ 'ਚ ਬਚਾਅ ਕਾਰਜਾਂ 'ਚ ਤੇਜ਼ੀ ਲਿਆਂਦੀ ਜਾ ਰਹੀ ਹੈ।

# ਕੈਲੀਫੋਰਨੀਆ ਦੇ ਜੱਜ ਵਿਰੁੱਧ ਪਤਨੀ ਦੀ ਹੱਤਿਆ ਕਰਨ ਦੇ ਦੋਸ਼ ਆਇਦ

## *ਹੱਤਿਆ ਤੋਂ ਬਾਅਦ ਜੱਜ ਨੇ ਖੁਦ ਹੀ ਅਦਾਲਤ ਨੂੰ ਦਿੱਤੀ ਜਾਣਕਾਰੀ*



ਜੈਫਰੀ ਫਰਗੂਸਨ

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਦੱਖਣੀ ਕੈਲੀਫੋਰਨੀਆ ਦੇ ਇਕ ਜੱਜ ਵਿਰੁੱਧ ਆਪਣੀ ਪਤਨੀ ਦੀ ਗੋਲੀ ਮਾਰ ਕੇ ਹੱਤਿਆ ਕਰਨ ਦੇ ਦੋਸ਼ ਆਇਦ ਕਰਨ ਦੀ ਖਬਰ ਹੈ। ਔਰੇਂਜ ਕਾਊਂਟੀ ਸੁਪਰੀਅਰ ਕੋਰਟ ਜੱਜ ਜੈਫਰੀ ਫਰਗੂਸਨ (72) ਉਪਰ ਦੋਸ਼ ਲਾਏ ਗਏ ਹਨ ਕਿ ਉਸ ਨੇ ਆਪਣੀ ਪਤਨੀ ਸ਼ੈਰਾਇਲ ਫਰਗੂਸਨ (65) ਦੀ ਤਕਰਾਰ ਤੋਂ ਬਾਅਦ ਅਨਾਹੀਮ ਹਿਲਜ਼ ਸਥਿੱਤ ਆਪਣੇ ਘਰ ਵਿਚ ਹੱਤਿਆ ਕਰ ਦਿੱਤੀ ਸੀ। ਇਹ ਘਟਨਾ ਇਸ ਮਹੀਨੇ ਦੇ ਸ਼ੁਰੂ ਵਿਚ ਵਾਪਰੀ ਸੀ। ਦਾਇਰ ਅਦਾਲਤੀ ਦਸਤਾਵਜ਼ਾਂ ਵਿੱਚ ਮੁਦਈ ਪੱਖ ਨੇ ਦਾਅਵਾ ਕੀਤਾ ਹੈ ਕਿ ਫਰਗੂਸਨ ਨੇ ਘਰ ਤੋਂ ਬਾਹਰ ਰਾਤ ਦਾ ਖਾਣਾ ਖਾਣ ਸਮੇ ਆਪਣੀ ਪਤਨੀ ਵੱਲ ਉਂਗਲ ਤਾਣ ਕੇ ਜਾਨੋ ਮਾਰਨ ਦੀ ਧਮਕੀ ਦਿੱਤੀ ਸੀ। ਜਦੋਂ ਦੋਨੋ ਘਰ ਵਾਪਿਸ ਆਏ ਤਾਂ ਪਤਨੀ ਸ਼ੈਰਾਇਲ ਫਰਗੂਸਨ ਨੇ ਆਪਣੇ ਪਤੀ ਨੂੰ ਕਿਹਾ ਹਿੰਮਤ ਹੈ ਤਾਂ ਮਾਰ ਗੋਲੀ। ਤੂੰ ਮੇਰੇ 'ਤੇ ਅਸਲ ਹਥਿਆਰ ਤਾਣ ਕੇ ਤਾਂ ਵੇਖ।" ਇਸ ਉਪਰੰਤ ਜੈਫਰੀ ਫਰਗੂਸਨ ਨੇ ਆਪਣੇ ਪਿਸਤੌਲ ਨਾਲ ਸ਼ੈਰਾਇਲ ਫਰਗੂਸਨ ਨੂੰ ਗੋਲੀ ਮਾਰ ਦਿੱਤੀ। ਅਦਾਲਤੀ ਦਸਤਾਵੇਜ਼ਾਂ ਅਨੁਸਾਰ ਇਸ ਦੇ ਕੁਝ ਮਿੰਟ ਬਾਅਦ ਫਰਗੂਸਨ ਨੇ ਆਪਣੇ ਅਦਾਲਤ ਦੇ ਕਲਰਕ ਤੇ ਸ਼ੈਰਿਫ ਦਫਤਰ ਨੂੰ ਮੈਸੇਜ ਭੇਜਿਆ ਕਿ " ਮੈ ਆਪਣੀ ਪਤਨੀ ਨੂੰ ਗੋਲੀ ਮਾਰ ਦਿੱਤੀ ਹੈ, ਮੈ ਕਲ ਅਦਾਲਤ ਵਿਚ ਨਹੀਂ ਬਲਕਿ ਪੁਲਿਸ ਹਿਰਾਸਤ ਵਿਚ ਹੋਵਾਂਗਾ। ਮੁਆਫ ਕਰ ਦੇਣਾ।" ਔਰੇਂਜ ਕਾਊਂਟੀ ਡਿਸਟ੍ਰਿਕਟ ਅਟਾਰਨੀ ਦੇ ਦਫਤਰ ਅਨੁਸਾਰ ਫਰਗੂਸਨ ਦੇ ਬਾਲਗ ਪੁੱਤਰ ਵੱਲੋਂ 911 'ਤੇ ਫੋਨ ਕਰਕੇ ਦਸਿਆ ਗਿਆ ਕਿ ਉਸ ਦੀ ਮਾਂ ਨੂੰ ਗੋਲੀ ਮਾਰ ਦਿੱਤੀ ਗਈ ਹੈ। ਇਸ ਉਪਰੰਤ ਅਨਾਹੀਮ ਪੁਲਿਸ ਵਿਭਾਗ ਨੇ ਫਰਗੂਸਨ ਨੂੰ ਗ੍ਰਿਫਤਾਰ ਕਰ ਲਿਆ ਸੀ। ਮੁਦਈ ਪੱਖ ਅਨੁਸਾਰ ਜੱਜ ਦੇ ਘਰੋਂ ਰਾਈਫਲਾਂ, ਸ਼ਾਟਗੰਨ ਤੇ ਹੈਂਡ ਗੰਨ ਸਮੇਤ 47 ਹਥਿਆਰ ਤੇ 26000 ਕਾਰਤੂਸ ਬਰਾਮਦ ਹੋਏ ਹਨ। ਮੁਦਈ ਪੱਖ ਅਨੁਸਾਰ ਜਦੋਂ ਫਰਗੂਸਨ ਨੇ ਆਪਣੀ ਪਤਨੀ ਨੂੰ ਗੋਲੀ ਮਾਰੀ ਤਾਂ ਉਸ ਨੇ ਸ਼ਰਾਬ ਪੀਤੀ ਹੋਈ ਸੀ। ਇਸੇ ਦੌਰਾਨ ਫਰਗੂਸਨ ਦੇ ਵਕੀਲਾਂ ਪੌਲ ਮੇਅਰ ਤੇ ਜੌਹਨ ਬਾਰਨੈਟ ਨੇ ਕਿਹਾ ਹੈ ਕਿ ਇਹ ਸਮੁੱਚੇ ਫਰਗੂਸਨ ਪਰਿਵਾਰ ਨਾਲ ਵਾਪਰਿਆ ਦੁਖਾਂਤ ਹੈ। ਇਹ ਅਚਾਨਕ ਵਾਪਰੀ ਘਟਨਾ ਹੈ ਤੇ ਇਸ ਤੋਂ ਵਧ ਕੁਝ ਨਹੀਂ ਹੈ।

# ਗੱਤਕਾ ਸੰਸਥਾਵਾਂ ਵੱਲੋਂ ਐਸ.ਜੀ.ਐਫ.ਆਈ. ਪ੍ਰਧਾਨ ਤੇ ਸੰਯੁਕਤ ਸਕੱਤਰ ਦਾ ਖੇਡ ਦੀ ਬਹਾਲੀ ਲਈ ਧੰਨਵਾਦ



ਚੰਡੀਗੜ : ਨੈਸ਼ਨਲ ਗੱਤਕਾ ਐਸੋਸੀਏਸ਼ਨ ਆਫ ਇੰਡੀਆ ਦੇ ਅਣਥੱਕ ਯਤਨਾਂ ਸਦਕਾ ਮਾਰਸ਼ਲ ਆਰਟ ਗੱਤਕੇ ਦੀ ਪ੍ਰਫੁੱਲਤਾ ਲਈ ਇੱਕ ਮਹੱਤਵਪੂਰਨ ਪ੍ਰਾਪਤੀ ਹੋਈ ਹੈ ਅਤੇ ਸੱਤ ਸਾਲਾਂ ਦੇ ਵਕਫੇ ਤੋਂ ਬਾਅਦ ਅਗਾਮੀ ਰਾਸ਼ਟਰੀ ਸਕੂਲ ਖੇਡਾਂ ਵਿੱਚ ਗੱਤਕੇ ਨੂੰ ਬਤੌਰ ਖੇਡ ਵਜੋਂ ਮੁੜ੍ਹ ਸ਼ਾਮਲ ਕਰ ਲਿਆ ਗਿਆ ਹੈ। ਇਸ ਮਹੱਤਵਪੂਰਨ ਘਟਨਾਕ੍ਰਮ ਦਾ ਖੁਲਾਸਾ ਅੱਜ ਨੈਸ਼ਨਲ ਗੱਤਕਾ ਐਸੋਸੀਏਸ਼ਨ ਆਫ ਇੰਡੀਆ (ਐਨ.ਜੀ.ਏ.ਆਈ.) ਦੇ ਪ੍ਰਧਾਨ ਹਰਜੀਤ ਸਿੰਘ ਗਰੇਵਾਲ, ਸਟੇਟ ਐਵਾਰਡੀ ਅਤੇ ਡਾ. ਦੀਪ ਸਿੰਘ ਜਨਰਲ ਸਕੱਤਰ ਵਿਸ਼ਵ ਗੱਤਕਾ ਫੈਡਰੇਸ਼ਨ ਨੇ ਕੀਤਾ। ਵਧੇਰੇ ਜਾਣਕਾਰੀ ਦਿੰਦੇ ਹੋਏ ਹਰਜੀਤ ਸਿੰਘ ਗਰੇਵਾਲ ਨੇ ਦੱਸਿਆ ਕਿ ਉਨ੍ਹਾਂ ਦੀ ਸਕੂਲ ਗੇਮਜ਼ ਫੈਡਰੇਸ਼ਨ ਆਫ ਇੰਡੀਆ (ਐਸ.ਜੀ.ਐਫ.ਆਈ) ਦੀ ਕਾਰਜਕਾਰਨੀ ਕਮੇਟੀ ਦੇ ਮੈਂਬਰ ਭਗਵਤੀ ਸਿੰਘ ਨਾਲ ਇੱਕ ਅਹਿਮ ਮੀਟਿੰਗ ਹੋਈ, ਜੋ ਕਿ ਲਖਨਊ ਵਿੱਚ ਉੱਤਰ ਪ੍ਰਦੇਸ਼ ਸਰਕਾਰ ਦੇ ਸਕੂਲ ਸਿੱਖਿਆ ਵਿਭਾਗ ਦੇ ਜਾਇੰਟ ਡਾਇਰੈਕਟਰ ਵਜੋਂ ਤਾਇਨਾਤ ਹਨ। ਇਸ ਮੀਟਿੰਗ ਦੌਰਾਨ ਗਰੇਵਾਲ ਨੇ ਉਨ੍ਹਾਂ ਨੂੰ ਇੱਕ ਰਸਮੀ ਬੇਨਤੀ ਪੱਤਰ ਅਤੇ ਗੱਤਕਾ ਖੇਡ ਦੀ ਤਕਨੀਕੀ ਨਿਯਮਾਂਵਲੀ ਵੀ ਪੇਸ਼ ਕੀਤੀ ਜਿਸ ਵਿੱਚ ਆਗਾਮੀ 66ਵੀਆਂ ਕੌਮੀ ਸਕੂਲ ਖੇਡਾਂ ਵਿੱਚ ਗੱਤਕੇ ਨੂੰ ਸ਼ਾਮਲ ਕਰਨ ਦੀ ਅਪੀਲ ਕੀਤੀ ਗਈ। ਉਨ੍ਹਾਂ ਦੱਸਿਆ ਕਿ ਉਸ ਮੌਕੇ ਐਸ.ਜੀ.ਐਫ.ਆਈ. ਦੇ ਪ੍ਰਤੀਨਿਧੀ ਨੇ ਗੱਤਕੇ ਨੂੰ ਪ੍ਰਸਤਾਵਿਤ ਖੇਡ ਕੈਲੰਡਰ ਵਿੱਚ ਸ਼ਾਮਲ ਕਰਨ ਲਈ ਵਚਨਬੱਧ ਕੀਤਾ ਸੀ ਜਿਸ ਕਰਕੇ ਗੱਤਕਾ ਖਿਡਾਰੀਆਂ ਅੰਦਰ ਵਿਆਪਕ ਖੁਸ਼ੀ ਅਤੇ ਉਮੀਦ ਦੀ ਕਿਰਨ ਪੈਦਾ ਹੋਈ ਹੈ।

ਹਰਜੀਤ ਸਿੰਘ ਗਰੇਵਾਲ ਤੇ ਡਾ. ਦੀਪ ਸਿੰਘ ਨੇ ਇਸ ਧੰਨਵਾਦੀ ਪ੍ਰਗਟਾਵੇ ਵਿੱਚ ਐਸ.ਜੀ.ਐਫ.ਆਈ. ਦੇ ਪ੍ਰਧਾਨ ਦੀਪਕ ਕੁਮਾਰ ਆਈ.ਏ..ਐਸ. ਅਤੇ ਸੰਯੁਕਤ ਸਕੱਤਰ ਭਗਵਤੀ ਸਿੰਘ ਦੇ ਸਹਿਯੋਗੀ ਯਤਨਾਂ ਲਈ ਤਹਿਦਿਲੋਂ ਪ੍ਰਸ਼ੰਸਾ ਕੀਤੀ ਜਿਨ੍ਹਾਂ ਨੇ ਰਾਸ਼ਟਰੀ ਮੰਚ 'ਤੇ ਗੱਤਕੇ ਦੀ ਮੁੜ ਸੁਰਜੀਤੀ ਲਈ ਰਾਹ ਪੱਧਰਾ ਕੀਤਾ ਹੈ। ਗਰੇਵਾਲ ਨੇ ਉਮੀਦ ਜਤਾਈ ਕਿ ਗੱਤਕਾ ਖੇਡ ਦੀ ਹੁਣ ਦੇਸ਼ ਭਰ ਦੇ ਵਿਦਿਅਕ ਅਦਾਰਿਆਂ ਵਿੱਚ ਸ਼ਮੂਲੀਅਤ ਸਦਕਾ ਇਸ ਖੇਡ ਦੇ ਪ੍ਰਸਾਰ ਨੂੰ ਵਧੇਰੇ ਪ੍ਰਫੁੱਲਤ ਕਰਨ ਲਈ ਬਹੁਤ ਲੋੜੀਂਦਾ ਉਤਸ਼ਾਹ ਅਤੇ ਸਵੀਕ੍ਰਿਤੀ ਮਿਲੇਗੀ।

ਰਾਸ਼ਟਰੀ ਸਕੂਲ ਖੇਡਾਂ ਵਿੱਚ ਗੱਤਕੇ ਦੀ ਸ਼ਮੂਲੀਅਤ ਦਾ ਜ਼ਿਕਰ ਕਰਦੇ ਹੋਏ, ਗਰੇਵਾਲ ਤੇ ਡਾ. ਦੀਪ ਸਿੰਘ ਨੇ ਦੱਸਿਆ ਕਿ ਇਸ ਮਾਰਸ਼ਲ ਆਰਟ ਨੂੰ ਸ਼ੁਰੂਆਤ ਵਿੱਚ ਸਾਲ 2012 ਦੌਰਾਨ ਕੌਮੀ ਸਕੂਲ ਖੇਡਾਂ ਵਿੱਚ ਸ਼ਾਮਲ ਕੀਤਾ ਗਿਆ ਸੀ, ਪਰ ਦੋ ਸਾਲਾਂ ਬਾਅਦ ਹੀ ਇਸ ਨੂੰ ਖੇਡ ਕੈਲੰਡਰ ਬਾਹਰ ਕਰ ਦਿੱਤਾ ਗਿਆ ਸੀ। ਇਸ ਤੋਂ ਬਾਅਦ, ਸਾਲ 2015 ਵਿੱਚ, ਐਨ.ਜੀ.ਏ.ਆਈ. ਦੇ ਯਤਨਾਂ ਨਾਲ, ਗੱਤਕੇ ਨੂੰ ਮੁੜ ਨੈਸ਼ਨਲ ਸਕੂਲ ਖੇਡਾਂ ਵਿੱਚ ਬਹਾਲ ਕੀਤਾ ਗਿਆ ਸੀ, ਪਰ ਪੰਜਾਬ ਵਿੱਚ ਖੇਡਾਂ ਦੀ ਮੇਜ਼ਬਾਨੀ ਵਿੱਚ ਤਰਕਸੰਗਤ ਚੁਣੌਤੀਆਂ ਕਾਰਨ ਇੱਕ ਵਾਰ ਫਿਰ ਇਸ ਖੇਡ ਨੂੰ ਬਾਹਰ ਹੋਣ ਦਾ ਸਾਹਮਣਾ ਕਰਨਾ ਪਿਆ।

ਗੱਤਕਾ ਪ੍ਰਮੋਟਰ ਹਰਜੀਤ ਸਿੰਘ ਗਰੇਵਾਲ ? ਤੇ ਡਾ. ਦੀਪ ਸਿੰਘ ਨੇ ਇਸ ਪ੍ਰਾਪਤੀ ਉੱਤੇ ਖੁਸ਼ੀ ਅਤੇ ਮਾਣ ਦਾ ਪ੍ਰਗਟਾਵਾ ਕਰਦਿਆਂ ਸਾਰੇ ਗੱਤਕਾ ਖਿਡਾਰੀਆਂ ਅਤੇ ਤਕਨੀਕੀ ਅਧਿਕਾਰੀਆਂ ਨੂੰ ਉਨ੍ਹਾਂ ਦੇ ਦ੍ਰਿੜ ਸਮਰਪਣ ਲਈ ਹਾਰਦਿਕ ਵਧਾਈ ਦਿੱਤੀ ਅਤੇ ਵਿਸ਼ਵਾਸ਼ ਦਿਵਾਇਆ ਕਿ ਇਹ ਮਹੱਤਵਪੂਰਨ ਫੈਸਲਾ ਬਿਨਾਂ ਸ਼ੱਕ ਦੇਸ਼ ਵਿੱਚ ਗੱਤਕਾ ਖੇਡ ਦੇ ਵਧਣ-ਫੁੱਲਣ ਦੇ ਰਾਹ ਨੂੰ ਹੋਰ ਉਤਸ਼ਾਹਿਤ ਕਰੇਗਾ।




# ਸਿੱਧੂ ਮੂਸੇਵਾਲਾ ਦੀ ਮਾਤਾ ਚਰਨ ਕੌਰ ਦੀ ਸਿਹਤ ਵਿਗੜੀ



ਮਾਨਸਾ : ਮਰਹੂਮ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਮਾਤਾ ਚਰਨ ਕੌਰ ਦੀ ਅਚਾਨਕ ਤਬੀਅਤ ਵਿਗੜ ਗਈ, ਜਿਸ ਕਾਰਨ ਉਨ੍ਹਾਂ ਨੂੰ ਮਾਨਸਾ ਦੇ ਇੱਕ ਨਿੱਜੀ ਹਸਪਤਾਲ ਵਿੱਚ ਦਾਖ਼ਲ ਕਰਵਾਇਆ ਗਿਆ। ਉਨ੍ਹਾਂ ਦੀ ਹਾਲਤ ਭਾਵੇਂ ਸਥਿਰ ਹੈ ਪਰ ਉਨ੍ਹਾਂ ਨੂੰ ਦੋ-ਤਿੰਨ ਦਿਨ ਹੋਰ ਹਸਪਤਾਲ ਵਿਚ ਹੀ ਰੱਖਿਆ ਜਾਵੇਗਾ। ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਸਿੱਧੂ ਨੇ ਦੱਸਿਆ ਕਿ ਉਨ੍ਹਾਂ ਦੀ ਸਿਹਤ ਵਿੱਚ ਆਏ ਵਿਗਾੜ ਲਈ ਡਾਕਟਰਾਂ ਵੱਲੋਂ ਇਲਾਜ ਸ਼ੁਰੂ ਕਰ ਦਿੱਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਮਾਤਾ ਚਰਨ ਕੌਰ ਦੇ ਬਿਮਾਰ ਹੋਣ ਕਾਰਨ ਅੱਜ ਮੂਸਾ ਪਿੰਡ ਵਿੱਚ ਆਏ ਮੂਸੇਵਾਲਾ ਦੇ ਪ੍ਰਸ਼ੰਸਕਾਂ ਨਾਲ ਵੀ ਗੱਲਬਾਤ ਨਹੀਂ ਹੋ ਸਕੀ। ਦੱਸਣਾ ਬਣਦਾ ਹੈ ਕਿ ਮੂਸੇਵਾਲਾ ਦੀ ਮਾਤਾ ਨੇ ਬੀਤੇ ਦਿਨੀਂ ਸੋਸ਼ਲ ਮੀਡੀਆ 'ਤੇ ਇੱਕ ਪੋਸਟ ਰਾਹੀਂ ਸੰਦੇਸ਼ ਦਿੱਤਾ ਕਿ ਸ਼ਾਇਦ ਉਹ ਇਸ ਵਾਰ ਪੰਚਾਇਤ ਦੀ ਚੋਣ ਨਹੀਂ ਲੜਨਗੇ। ਜ਼ਿਕਰਯੋਗ ਹੈ ਕਿ ਪਿਛਲੀ ਵਾਰ ਸਿੱਧੂ ਮੂਸੇਵਾਲਾ ਦੇ ਮਾਤਾ ਚਰਨ ਕੌਰ ਨੇ ਮਨਜੀਤ ਕੌਰ ਖ਼ ?ਲਾਫ਼ ਚੋਣ ?ਲੜੀ ਸੀ ਤੇ ਉਨ੍ਹਾਂ ਮਨਜੀਤ ਕੌਰ ਨੂੰ 599 ਵੋਟਾਂ ਨਾਲ ਹਰਾ ਕੇ ਜਿੱਤ ਹਾਸਲ ਕੀਤੀ ਸੀ।

# ਭੁਲੱਥ ਦੇ ਨੌਜਵਾਨ ਦਾ ਮਨੀਲਾ 'ਚ ਕਤਲ, 5 ਭੈਣਾਂ ਦਾ ਸੀ ਇਕਲੌਤਾ ਭਰਾ



ਭੁਲੱਥ : ਰੋਜ਼ੀ-ਰੋਟੀ ਦੀ ਖਾਤਿਰ ਮਨੀਲਾ ਗਏ ਥਾਣਾ ਸੁਭਾਨਪੁਰ ਦੇ ਪਿੰਡ ਰੰਧਾਵਾ ਜ਼ਿਲ੍ਹਾ ਕਪੂਰਥਲਾ ਦੇ ਨੌਜਵਾਨ ਦੀ ਇਕ ਵਿਆਕਤੀ ਵੱਲੋਂ ਗੋਲੀ ਮਾਰ ਕੇ ਕਤਲ ਕਰ ਦੇਣ ਦੀ ਖ਼ਬਰ ਮਿਲੀ ਹੈ। ਦੱਸ ਦੇਈਏ ਕਿ ਮ੍ਰਿਤਕ ਨੌਜਵਾਨ ਪੰਜ ਭੈਣਾਂ ਦਾ ਇਕਲੌਤਾ ਭਰਾ ਸੀ।

ਇਸ ਸਬੰਧੀ ਭਰੇ ਮਨ ਨਾਲ ਜਾਣਕਾਰੀ ਦਿੰਦੇ ਮ੍ਰਿਤਕ ਨੌਜਵਾਨ ਦੇ ਪਿਤਾ ਪ੍ਰੇਮ ਸਿੰਘ ਵਾਸੀ ਰੰਧਾਵਾ ਨੇ ਦੱਸਿਆ ਕਿ ਮੇਰਾ ਬੇਟਾ ਨਿਸ਼ਾਨ ਸਿੰਘ (27) ਚਾਰ ਸਾਲ ਤੋਂ ਮਨੀਲਾ ਰਹਿ ਰਿਹਾ ਸੀ ਅਤੇ ਬੀਤੇ ਕੱਲ੍ਹ ਉਥੋਂ ਫੋਨ 'ਤੇ ਜਾਣਕਾਰੀ ਮਿਲੀ ਕਿ ਉਸ ਨਾਲ ਇਹ ਘਟਨਾ ਵਾਪਰੀ ਹੈ। ਉਨ੍ਹਾਂ ਦੱਸਿਆ ਕਿ ਮੇਰਾ ਬੇਟਾ ਕੰਮਕਾਜ ਤੋਂ ਬਾਅਦ ਸ਼ਾਮ ਵੇਲੇ ਸ਼ਹਿਰ ਐਂਗਲਜ਼ ਵਿਖੇ ਆਪਣੇ ਦੋਸਤਾਂ ਨਾਲ ਕਿਸੇ ਢਾਬੇ 'ਤੇ ਬੈਠਾ ਸੀ। ਇਸੇ ਦੌਰਾਨ ਇਕ ਵਿਆਕਤੀ ਮੋਟਰਸਾਈਕਲ 'ਤੇ ਆਉਂਦਾ ਹੈ ਅਤੇ ਉਸ ਦੇ ਸਿਰ ਵਿੱਚ ਗੋਲੀ ਮਾਰ ਕੇ ਭੱਜ ਜਾਂਦਾ ਹੈ। ਇਸ ਦੌਰਾਨ ਉਸ ਦੀ ਮੌਕੇ 'ਤੇ ਹੀ ਮੌਤ ਹੋ ਜਾਂਦੀ ਹੈ। ਇਸ ਘਟਨਾ ਦੀ ਭੁਲੱਥ ਦੇ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਤਿੱਖੇ ਸ਼ਬਦਾਂ ਵਿੱਚ ਨਿੰਦਾ ਕੀਤੀ ਹੈ। ਓਧਰ ਪਰਿਵਾਰਕ ਮੈਂਬਰਾ ਨੇ ਨੌਜਵਾਨ ਦੀ ਮ੍ਰਿਤਕ ਦੇਹ ਜਲਦ ਤੋਂ ਜਲਦ ਭਾਰਤ ਲਿਆਉਣ ਲਈ ਸਰਕਾਰ ਤੋਂ ਮੰਗ ਕੀਤੀ ਹੈ।

# 14 ਅਗਸਤ ਨੂੰ ਹੋਈ ਸੀ ਦੇਸ਼ ਦੀ ਵੰਡ ਪਰ ਇਸ ਕਾਰਨ ਦਿਲਾਂ, ਪਰਿਵਾਰਾਂ, ਰਿਸ਼ਤਿਆਂ ਤੇ ਭਾਵਨਾਵਾਂ 'ਚ ਪਈਆਂ ਵੰਡੀਆਂ ਦੇ ਜ਼ਖ਼ਮ ਹਾਲੇ ਵੀ ਹਰੇ



ਨਵੀਂ ਦਿੱਲੀ : 14 ਅਗਸਤ ਦੀ ਤਾਰੀਖ ਦੇਸ਼ ਦੇ ਇਤਿਹਾਸ ਵਿੱਚ ਹੰਝੂਆਂ ਨਾਲ ਲਿਖੀ ਹੋਈ ਹੈ। ਇਹ ਉਹ ਦਿਨ ਸੀ, ਜਦੋਂ ਦੇਸ਼ ਦੀ ਵੰਡ ਹੋਈ ਅਤੇ 14 ਅਗਸਤ 1947 ਨੂੰ ਪਾਕਿਸਤਾਨ ਨੂੰ ਵੱਖਰਾ ਦੇਸ਼ ਅਤੇ 15 ਅਗਸਤ 1947 ਨੂੰ ਭਾਰਤ ਨੂੰ ਆਜ਼ਾਦ ਐਲਾਨਿਆ ਗਿਆ ਸੀ। ਇਸ ਵੰਡ ਵਿਚ ਨਾ ਸਿਰਫ ਭਾਰਤੀ ਉਪ ਮਹਾਂਦੀਪ ਨੂੰ ਦੋ ਹਿੱਸਿਆਂ ਵਿੱਚ ਵੰਡਿਆ ਗਿਆ ਸੀ ਬਲਕਿ ਬੰਗਾਲ ਨੂੰ ਵੀ ਵੰਡਿਆ ਗਿਆ ਸੀ ਅਤੇ ਬੰਗਾਲ ਦਾ ਪੂਰਬੀ ਹਿੱਸਾ ਭਾਰਤ ਤੋਂ ਵੱਖ ਹੋ ਕੇ ਪੂਰਬੀ ਪਾਕਿਸਤਾਨ ਬਣ ਗਿਆ ਸੀ, ਜੋ 1971 ਦੀ ਜੰਗ ਤੋਂ ਬਾਅਦ ਬੰਗਲਾਦੇਸ਼ ਬਣ ਗਿਆ ਸੀ। ਕਹਿਣਾ ਨੂੰ ਤਾਂ ਇਹ ਦੇਸ਼ ਦੀ ਵੰਡ ਸੀ ਪਰ ਅਸਲ ਵਿਚ ਇਹ ਦਿਲਾਂ, ਪਰਿਵਾਰਾਂ, ਰਿਸ਼ਤਿਆਂ ਅਤੇ ਭਾਵਨਾਵਾਂ ਦੀ ਵੰਡ ਸੀ। ਭਾਰਤ ਦੀ ਵੰਡ ਦੇ ਜ਼ਖਮ ਸਦੀਆਂ ਤੱਕ ਰਿਸਦੇ ਰਹਿਣਗੇ ਤੇ ਆਉਣ ਵਾਲੀਆਂ ਨਸਲਾਂ ਤਾਰੀਖ਼ ਦੇ ਇਸ ਸਭ ਤੋਂ ਭਿਆਨਕ, ਦਰਦਨਾਕ ਤੇ ਖ਼ੂਨ ਭਿੱਜੇ ਦਿਨ ਦੀ ਟੀਸ ਨੂੰ ਮਹਿਸੂਸ ਕਰਦੀਆਂ ਰਹਿਣਗੀਆਂ।

## 15 ਅਗਸਤ ਨੂੰ ਪੰਜਾਬ ਤੋਂ ਲਾਹੌਰ ਸਮੇਤ ਸਦਾ ਲਈ ਵੱਖ ਹੋਏ 36 ਜ਼ਿਲ੍ਹੇ

1. ਅਟੋਕ
2. ਬਹਾਵਲਨਗਰ
3. ਬਹਾਵਲਪੁਰ
4. ਭੱਕਰ
5. ਚਕਵਾਲ
6. ਚਿਨਿਓਕ
7. ਡੇਰਾ ਗਾਜ਼ੀ ਖਾਨ
8. ਲਾਇਲਪੁਰ
9. ਗੁਜਰਾਂਵਾਲਾ
10. ਗੁਜਰਾਤ
11. ਹਾਫੀਜਾਬਾਦ
12. ਝੰਗ
13. ਜੇਹਲਮ
14. ਕਸੂਰ
15. ਖਾਨੇਵਾਲ
16. ਖੁਸਾਬ
17. ਲਾਹੌਰ
18. ਲਿਹਾਅ
19. ਲੋਡਰਾਂ
20. ਮੰਡੀ ਬਹਾਊਦਦੀਨ
21. ਮੁਲਤਾਨ
22. ਮੀਆਂਵਾਲੀ
23. ਮਜ਼ੂਫਰਗੜ੍ਹ
24. ਨਾਰੋਵਾਲ
25. ਨਨਕਾਣਾ ਸਾਹਿਬ
26. ਓਕਾਰਾ
27. ਪਾਕਪਟਨ
28. ਰਾਹੀਮ ਯਾਰ ਖਾਨ
29. ਰਾਜਨਪੁਰ
30. ਰਾਵਲਪਿੰਡੀ
31. ਸਾਹੀਵਾਲ
32. ਸਰਗੋਧਾ
33. ਸੇਖੂਪੁਰਾ
34. ਸਿਆਲਕੋਟ
35. ਟੋਭਾ ਟੇਕ ਸਿੰਘ
36. ਵਿਹਾੜੀ

# ਪੁਸ਼ਕਰ ਸਿੰਘ ਧਾਮੀ ਨੇ ਗੰਗਾ ਨਦੀ ਦੇ ਵਧੇ ਹੋਏ ਪਾਣੀ ਦੇ ਪੱਧਰ ਦਾ ਕੀਤਾ ਮੁਆਇਨਾ








(ਫੋਟੋ : ਧੰਨਵਾਦ ਸਹਿਤ ਸੋਸ਼ਲ ਮੀਡੀਆ)

ਰਿਸ਼ੀਕੇਸ਼ : ਉੱਤਰਾਖੰਡ ਦੇ ਮੁੱਖ ਮੰਤਰੀ ਪੁਸ਼ਕਰ ਸਿੰਘ ਧਾਮੀ ਨੇ ਸੋਮਵਾਰ ਨੂੰ ਰਿਸ਼ੀਕੇਸ਼ ਵਿੱਚ ਗੰਗਾ ਨਦੀ ਦੇ ਵਧੇ ਹੋਏ ਪਾਣੀ ਦੇ ਪੱਧਰ ਦਾ ਮੁਆਇਨਾ ਕਰਨ ਲਈ ਇੱਕ ਹਵਾਈ ਸਰਵੇਖਣ ਕੀਤਾ।

# Valley Real Estate Center



1. ਟੈਕਸਸ (Texas) ਮਸੂਰੀ (Missouri) ਵਿਚ ਸਾਡੇ ਕੋਲ ਦੋ ਟਰੱਕ ਸਟਾਫ ਬਹੁਤ ਹੀ ਵਧੀਆ ਆਮਦਨ ਵਾਲੇ ਸੇਲ ਉਪਰ ਹਨ।
2. ਸਟਾਕਟਨ (Stockton) ਕੈਲੀਫੋਰਨੀਆ ਵਿਚ 3 ਏਕੜ ਦਾ ਟਰੱਕ ਯਾਰਡ (Truck Yard) ਸੇਲ 'ਤੇ ਹੈ।
3. ਸਾਡੇ ਕੋਲ ਮਨਟੀਕਾ ਕੈਲੇਫੋਰਨੀਆ ਵਿਚ ਪੰਜ ਡੁਪਲੈਕਸ (Duplex) ਸੇਲ ਉਪਰ ਹਨ।



ਹੋਰ ਜਾਣਕਾਰੀ ਲਈ ਸੰਪਰਕ ਕਰੋ

Property Address : 27022 River Roadm, Newman CA 95260.

## RANJIT SINGH

VALLEY REAL ESTATE CENTER (OFFICE LIC.: 01392267)
68 E 11TH STREET STE 109, TRACY, CA 95376
OFFICE : 209-956-1000 CELL : 408-355-5700, GBSINGH84@GMAIL.COM

# ਦੇਸ਼ ਅਜ਼ਾਦ ਕਰਾਉਣ 'ਚ ਪੰਜਾਬੀਆਂ ਦੀ ਵੱਡੀ ਭੂਮਿਕਾ : ਭਗਵੰਤ ਮਾਨ

## • ਦੇਸ਼ ਲਈ ਲੜਨ ਦਾ ਜਜ਼ਬਾ ਗੁਰੂਆਂ ਤੋਂ ਮਿਲਿਆ

• ਸ਼ਹੀਦਾਂ ਦੇ ਸੁਪਨਿਆਂ ਦੀ ਅਜ਼ਾਦੀ ਘਰ-ਘਰ ਨਹੀਂ ਪਹੁੰਚੀ • ਹੁਣ ਵਿਆਜ ਸਮੇਤ ਉਧਾਰ ਮੋੜਨਾ ਪਵੇਗਾ
• ਕੁਝ ਅਣਜਾਣ ਲੋਕ ਸਾਨੂੰ ਦੇਸ਼ ਭਗਤੀ ਸਿਖਾਉਣ ਲੱਗਦੇ ਨੇ • ਬਾਕੀ ਸਰਕਾਰਾਂ ਸਿਰਫ਼ 6 ਮਹੀਨੇ ਕੰਮ ਕਰਦੀਆਂ ਸਨ





ਪਟਿਆਲਾ : ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਆਜ਼ਾਦੀ ਦਿਹਾੜੇ ਮੌਕੇ ਇੱਥੇ ਕੌਮੀ ਝੰਡਾ ਲਹਿਰਾਇਆ ਗਿਆ। ਇਸ ਤੋਂ ਬਾਅਦ ਉਨ੍ਹਾਂ ਵੱਲੋਂ ਪਰੇਡ ਦਾ ਨਿਰੀਖਣ ਕੀਤਾ ਗਿਆ। ਇਸ ਮੌਕੇ ਸੰਬੋਧਨ ਕਰਦਿਆਂ ਮੁੱਖ ਮੰਤਰੀ ਮਾਨ ਨੇ ਕਿਹਾ ਕਿ ਆਜ਼ਾਦੀ ਖ਼ਾਤਰ ਜਿਨ੍ਹਾਂ ਲੋਕਾਂ ਨੂੰ ਕਾਲੇ ਪਾਣੀਆਂ ਦੀ ਸਜ਼ਾ ਵੀ ਮਿਲੀ ਹੈ, ਉਨ੍ਹਾਂ 'ਚ 80 ਫ਼ੀਸਦੀ ਪੰਜਾਬੀ ਸਨ। ਪੰਜਾਬੀਆਂ ਨੇ ਦੇਸ਼ ਆਜ਼ਾਦ ਕਰਵਾਇਆ ਅਤੇ ਅਸੀਂ ਇਸ ਆਜ਼ਾਦੀ ਨੂੰ ਕਾਇਮ ਰੱਖਣਾ ਵੀ ਜਾਣਦੇ ਹਨ। ਜਿਹੜੇ ਲੋਕ ਸਾਨੂੰ ਆਜ਼ਾਦੀ ਦਾ ਮਤਲਬ ਸਮਝਾਉਂਦੇ ਹਨ, ਉਨ੍ਹਾਂ ਨੂੰ ਇਹੀ ਕਹਿਣਾ ਚਾਹੁੰਦਾ ਹਾਂ ਕਿ ਸਾਨੂੰ ਨਾ ਦੱਸੋ। ਅੱਜ ਵੀ ਪੰਜਾਬ ਦੇ ਨੌਜਵਾਨ ਦੁਸ਼ਮਣ ਦੀਆਂ ਗੋਲੀਆਂ ਸਾਹਮਣੇ ਹਿੱਕਾਂ ਤਾਣ ਕੇ ਖੜ੍ਹੇ ਹਨ ਕਿਉਂਕਿ ਦੁਸ਼ਮਣ ਵਾਲੇ ਪਾਸਿਓਂ ਭਾਵੇਂ ਉਹ ਪਾਕਿਸਤਾਨ ਹੋਵੇ, ਚੀਨ ਹੋਵੇ ਜਾਂ ਅਸਾਮ ਹੋਵੇ, ਜੇ ਕੋਈ ਗੋਲੀ ਆਉਂਦੀ ਹੈ ਤਾਂ ਦੇਸ਼ ਵਾਲੇ ਪਾਸੇ ਸਭ ਤੋਂ ਪਹਿਲਾਂ ਪੰਜਾਬੀ ਸੀਨਾ ਤਾਣ ਕੇ ਖੜ੍ਹੇ ਹੁੰਦੇ ਹਨ।

ਉਨ੍ਹਾਂ ਕਿਹਾ ਕਿ ਭਾਵੇਂ ਸਾਡੇ ਸ਼ਹੀਦਾਂ ਨੇ ਸਾਨੂੰ ਆਜ਼ਾਦੀ ਲੈ ਦਿੱਤੀ ਪਰ ਸ਼ਹੀਦੇ ਆਜ਼ਮ ਭਗਤ ਸਿੰਘ ਵਰਗਿਆਂ ਨੂੰ ਇਸ ਗੱਲ ਦੀ ਚਿੰਤਾ ਵੀ ਸੀ ਕਿ ਆਜ਼ਾਦੀ ਤੋਂ ਬਾਅਦ ਮੁਲਕ ਕਿਹੜੇ ਹੱਥਾਂ 'ਚ ਜਾਵੇਗਾ। ਉਨ੍ਹਾਂ ਕਿਹਾ ਅੱਜ ਵੀ ਸਾਡੇ ਸੂਬੇ 'ਚ ਅਨਪੜ੍ਹਤਾ, ਗਰੀਬੀ, ਬੇਰੁਜ਼ਗਾਰੀ, ਭ੍ਰਿਸ਼ਟਾਚਾਰ ਵਰਗੀਆਂ ਸਮੱਸਿਆਵਾਂ ਹਨ। ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬੀਆਂ ਨੂੰ ਤਾਂ ਇਹ ਆਜ਼ਾਦੀ ਬੇਹੱਦ ਮਹਿੰਗੀ ਪਈ ਹੈ ਕਿਉਂਕਿ ਆਜ਼ਾਦੀ ਤੋਂ ਪਹਿਲਾਂ ਵਾਲੀ ਰਾਤ ਕਹਿਰ ਦੀ ਰਾਤ ਸੀ, ਜਿਸ ਦੌਰਾਨ ਵੰਡ ਦੇ ਸਮੇਂ 10 ਲੱਖ ਤੋਂ ਜ਼ਿਆਦਾ ਬੰਦਾ ਮਰ ਗਿਆ, ਜਿਨ੍ਹਾਂ 'ਚ ਸਾਡੇ ਬਜ਼ੁਰਗ ਸ਼ਾਮਲ ਸਨ। ਪੰਜਾਬ ਵੰਡਿਆ ਗਿਆ ਅਤੇ ਪੰਜਾਬ ਦੇ ਲੋਕ ਵੀ ਵੰਡੇ ਗਏ। ਉਨ੍ਹਾਂ ਨੇ ਪੰਜਾਬੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਆਪਣੇ ਵਿਰਸੇ ਨੂੰ ਯਾਦ ਰੱਖਣਾ ਬੇਹੱਦ ਜ਼ਰੂਰੀ ਹੈ।

**ਪੰਜਾਬੀਆਂ ਲਈ ਕੀਤੇ ਅਹਿਮ ਐਲਾਨ**

ਚਿੱਟੇ ਦੇ ਖ਼ਿਲਾਫ਼ ਸਾਰਾ ਤਾਣਾ-ਬਾਣਾ ਤਿਆਰ ਕਰ ਲਿਆ ਹੈ। ਹੁਣ ਅਸੀਂ ਬਹੁਤ ਵੱਡੀ ਪਲਾਨਿੰਗ ਨਾਲ ਤਿਆਰ ਹਾਂ ਅਤੇ ਲੋਕਾਂ ਸਾਹਮਣੇ ਨਤੀਜੇ ਆਉਣੇ ਸ਼ੁਰੂ ਹੋ ਜਾਣਗੇ। ਜਿਹੜੇ ਚਿੱਟਾ ਖਾਂਦੇ ਹਨ, ਉਨ੍ਹਾਂ ਨੂੰ ਹਸਪਤਾਲ ਭਰਤੀ ਕਰਾਇਆ ਜਾਵੇਗਾ। ਜਿਹੜੇ ਸਪਲਾਇਰ ਹਨ, ਉਨ੍ਹਾਂ ਨੂੰ ਗ੍ਰਿਫ਼ਤਾਰ ਕੀਤਾ ਜਾਵੇਗਾ। ਅਗਲੀ 15 ਅਗਸਤ ਤੋਂ ਪਹਿਲਾਂ ਪੰਜਾਬ 'ਚ ਚਿੱਟੇ ਦਾ ਲੱਗਿਆ ਕਲੰਕ ਧੋਣ 'ਚ ਕਾਮਯਾਬ ਹੋ ਜਾਵੇਗਾ।

ਪੰਜਾਬ ਦੇ ਲੋਕਾਂ ਨੂੰ ਅੱਜ 76 ਆਮ ਆਦਮੀ ਕਲੀਨਿਕ ਸਮਰਪਿਤ ਕਰ ਦਿੱਤੇ ਗਏ ਹਨ। ਹੁਣ ਪੰਜਾਬ 'ਚ ਕੁੱਲ ਆਮ ਆਦਮੀ ਕਲੀਨਿਕਾਂ ਦੀ ਗਿਣਤੀ 659 ਹੋ ਗਈ ਹੈ।

'ਖੇਡਾਂ ਵਤਨ ਪੰਜਾਬ ਦੀਆਂ' ਦੀ ਰਜਿਸਟ੍ਰੇਸ਼ਨ ਅੱਜ ਤੋਂ ਸ਼ੁਰੂ ਹੋ ਗਈ ਹੈ।

ਹਰ ਸਾਲ 2200 ਪੁਲਸ ਮੁਲਾਜ਼ਮਾਂ ਦੀ ਭਰਤੀ ਕੀਤੀ ਜਾਵੇਗੀ। ਪੰਜਾਬ ਦੇਸ਼ ਦਾ ਪਹਿਲਾ ਸੂਬਾ ਬਣ ਗਿਆ ਹੈ, ਜਿੱਥੇ 90 ਫ਼ੀਸਦੀ ਲੋਕਾਂ ਦੇ ਬਿਜਲੀ ਦੇ ਬਿੱਲ ਜ਼ੀਰੋ ਆਉਂਦੇ ਹਨ।
















# ਫੂਲਨ ਦੇਵੀ ਦੇ ਆਤਮ-ਸਮਰਪਣ ਦੀ ਪੂਰੀ ਕਹਾਣੀ

**ਰੇਹਾਨ ਫਜ਼ਲ**

'ਬੈਂਡਿਟ ਕਿਊਨ' ਦੇ ਨਾਂ ਨਾਲ ਜਾਣੀ ਜਾਂਦੀ ਫੂਲਨ ਦੇਵੀ ਦਾ ਜਨਮ 10 ਅਗਸਤ 1963 ਨੂੰ ਹੋਇਆ ਸੀ। ਉਹ 1980ਵਿਆਂ ਤੱਕ ਇੱਕ ਖ਼ਤਰਨਾਕ ਡਾਕੂ ਮੰਨੀ ਜਾਂਦੀ ਸੀ।

ਰੇਹਾਨ ਫਜਲ ਨੇ 2019 ਵਿਚ ਫੂਲਨ ਦੇਵੀ ਆਤਮ ਸਮਰਪਣ ਦੀ ਕਹਾਣੀ ਲਿਖੀ ਸੀ। ਜਿਸ ਨੂੰ ਉਨ੍ਹਾਂ ਦੇ ਜਨਮਦਿਨ ਦੇ ਮੌਕ ਦੁਬਾਰਾ ਹੂਬਹੂ ਛਾਪਿਆ ਜਾ ਰਿਹਾ ਹੈ।

5 ਦਸੰਬਰ 1982 ਦੀ ਰਾਤ ਮੋਟਰਸਾਈਕਲ 'ਤੇ ਸਵਾਰ ਦੋ ਲੋਕ ਭਿੰਡ ਨੇੜੇ ਬੀਹੜਾਂ ਵੱਲ ਵਧ ਰਹੇ ਸਨ। ਹਵਾ ਇੰਨੀ ਤੇਜ਼ ਸੀ ਕਿ ਭਿੰਡ ਪੁਲਿਸ ਦੇ ਐਸਪੀ ਰਾਜੇਂਦਰ ਚਤੁਰਵੇਦੀ ਠੰਢ ਨਾਲ ਕੰਬ ਰਹੇ ਸਨ।

ਉਨ੍ਹਾਂ ਨੇ ਜੀਨਜ਼ ਦੇ ਉੱਤੇ ਇੱਕ ਜੈਕੇਟ ਪਹਿਨੀ ਹੋਈ ਸੀ ਪਰ ਉਹ ਸੋਚ ਰਹੇ ਸਨ ਕਿ ਉਨ੍ਹਾਂ ਨੂੰ ਉਸਦੇ ਉੱਤੇ ਸ਼ਾਲ ਲਪੇਟ ਕੇ ਆਉਣਾ ਚਾਹੀਦਾ ਸੀ।

ਮੋਟਰਸਾਈਕਲ 'ਤੇ ਉਨ੍ਹਾਂ ਦੇ ਪਿੱਛੇ ਬੈਠੇ ਸ਼ਖਸ ਦਾ ਵੀ ਠੰਢ ਨਾਲ ਬੁਰਾ ਹਾਲ ਸੀ। ਅਚਾਨਕ ਉਸ ਨੇ ਉਨ੍ਹਾਂ ਦੇ ਮੋਢੇ 'ਤੇ ਹੱਥ ਰੱਖ ਕੇ ਕਿਹਾ, "ਖੱਬੇ ਮੁੜੋ", ਥੋੜ੍ਹੀ ਦੇਰ ਚੱਲਣ 'ਤੇ ਉਨ੍ਹਾਂ ਨੂੰ ਹੱਥ ਵਿੱਚ ਲਾਲਟੇਨ ਹਿਲਾਉਂਦਾ ਇੱਕ ਸ਼ਖਸ ਦਿਖਾਈ ਦਿੱਤਾ।

ਉਹ ਉਨ੍ਹਾਂ ਨੂੰ ਲਾਲਟੇਨ ਨਾਲ ਗਾਈਡ ਕਰਦਾ ਹੋਇਆ ਇੱਕ ਝੁੱਗੀ ਕੋਲ ਲੈ ਗਿਆ। ਜਦੋਂ ਉਹ ਆਪਣਾ ਮੋਟਰਸਾਈਕਲ ਖੜ੍ਹਾ ਕਰਕੇ ਉਸ ਝੁੱਗੀ ਵਿੱਚ ਵੜੇ ਤਾਂ ਅੰਦਰ ਗੱਲ ਕਰ ਰਹੇ ਲੋਕ ਚੁੱਪ ਹੋ ਗਏ।

ਸਪਸ਼ਟ ਸੀ ਕਿ ਉਨ੍ਹਾਂ ਲੋਕਾਂ ਨੇ ਚਤੁਰਵੇਦੀ ਨੂੰ ਪਹਿਲਾਂ ਕਦੇ ਨਹੀਂ ਦੇਖਿਆ ਸੀ ਪਰ ਉਨ੍ਹਾਂ ਨੇ ਉਨ੍ਹਾਂ ਨੂੰ ਦਾਲ, ਰੋਟੀ ਅਤੇ ਭੁੰਨੀਆਂ ਹੋਈਆਂ ਛੱਲੀਆਂ ਖਾਣ ਨੂੰ ਦਿੱਤੀਆਂ। ਉਨ੍ਹਾਂ ਦੇ ਸਾਥੀ ਨੇ ਕਿਹਾ ਕਿ ਉਨ੍ਹਾਂ ਨੂੰ ਇੱਥੇ ਇੱਕ ਘੰਟੇ ਤੱਕ ਇੰਤਜ਼ਾਰ ਕਰਨਾ ਹੋਵੇਗਾ।

**ਉਹ ਸਫ਼ਰ**

ਥੋੜ੍ਹੀ ਦੇਰ ਬਾਅਦ ਅੱਗੇ ਦਾ ਸਫਰ ਸ਼ੁਰੂ ਹੋਇਆ। ਮੋਟਰਸਾਈਕਲ 'ਤੇ ਉਨ੍ਹਾਂ ਦੇ ਪਿੱਛੇ ਬੈਠੇ ਸ਼ਖਸ ਨੇ ਕਿਹਾ, "ਕੰਬਲ ਲੈ ਲਓ ਮਹਾਰਾਜ"। ਕੰਬਲ ਵਿੱਚ ਦੋਵੇਂ ਚੰਬਲ ਦਰਿਆ ਵੱਲ ਜਾਣ ਲਈ ਕੱਚੇ ਰਾਹ 'ਤੇ ਵਧੇ ਤਾਂ ਚਤੁਰਵੇਦੀ ਲਈ ਮੋਟਰਸਾਈਕਲ 'ਤੇ ਕਾਬੂ ਕਰਨਾ ਮੁਸ਼ਕਿਲ ਹੋ ਰਿਹਾ ਸੀ।

ਰਾਹ ਵਿੱਚ ਇੰਨੇ ਟੋਏ ਸਨ ਕਿ ਮੋਟਰਸਾਈਕਲ ਦੀ ਸਪੀਡ 15 ਕਿਲੋਮੀਟਰ ਫੀ ਘੰਟੇ ਤੋਂ ਅੱਗੇ ਨਹੀਂ ਵਧ ਰਹੀ ਸੀ।

ਉਹ ਲੋਕ 6 ਕਿਲੋਮੀਟਰ ਚੱਲੇ ਹੋਣੇ ਕਿ ਅਚਾਨਕ ਪਿੱਛੇ ਬੈਠੇ ਸ਼ਖਸ ਨੇ ਕਿਹਾ, "ਰੁਕੋ ਮਹਾਰਾਜ"।

ਉੱਥੇ ਉਨ੍ਹਾਂ ਨੇ ਆਪਣਾ ਮੋਟਰਸਾਈਕਲ ਛੱਡ ਦਿੱਤਾ। ਗਾਈਡ ਨੇ ਟਾਰਚ ਕੱਢੀ ਅਤੇ ਉਹ ਉਸਦੀ ਰੋਸ਼ਨੀ ਵਿੱਚ ਸੰਘਣੇ ਰੁੱਖਾਂ ਦੇ ਪਿੱਛੇ ਵਧਣ ਲੱਗੇ। ਕਈ ਘੰਟੇ ਚੱਲਣ ਤੋਂ ਬਾਅਦ ਇਹ ਦੋਵੇਂ ਲੋਕ ਇੱਕ ਟਿੱਲੇ ਦੇ ਨੇੜੇ ਜਾ ਪਹੁੰਚੇ।

ਚਤੁਰਵੇਦੀ ਇਹ ਦੇਖ ਕੇ ਦੰਗ ਰਹਿ ਗਏ ਕਿ ਉੱਥੇ ਪਹਿਲਾਂ ਤੋਂ ਹੀ ਅੱਗ ਬਾਲਣ ਲਈ ਲੱਕੜਾਂ ਰੱਖੀਆਂ ਹੋਈਆਂ ਸਨ। ਉਨ੍ਹਾਂ ਦੇ ਸਾਥੀ ਨੇ ਉਨ੍ਹਾਂ ਨੂੰ ਅੱਗ ਲਾਈ ਅਤੇ ਉਹ ਦੋਵੇਂ ਆਪਣੇ ਹੱਥ ਸੇਕਣ ਲੱਗੇ।

ਰਾਜੇਂਦਰ ਚਤੁਰਵੇਦੀ ਨੇ ਆਪਣੀ ਘੜੀ ਵੱਲ ਦੇਖਿਆ। ਉਸ ਵੇਲੇ ਰਾਤ ਦੇ ਢਾਈ ਵੱਜ ਰਹੇ ਸਨ। ਥੋੜ੍ਹੀ ਦੇਰ ਬਾਅਦ ਉਨ੍ਹਾਂ ਨੇ ਫੇਰ ਚੱਲਣਾ ਸ਼ੁਰੂ ਕਰ ਦਿੱਤਾ।

ਅਚਾਨਕ ਉਨ੍ਹਾਂ ਨੂੰ ਇੱਕ ਆਵਾਜ਼ ਸੁਣਾਈ ਦਿੱਤੀ, ਰੁਕੋ ਇੱਕ ਵਿਅਕਤੀ ਨੇ ਉਨ੍ਹਾਂ ਦੇ ਮੂੰਹ 'ਤੇ ਟੌਰਚ ਮਾਰੀ। ਉਸ ਵੇਲੇ ਉਨ੍ਹਾਂ ਦੇ ਨਾਲ ਉੱਥੋਂ ਤੱਕ ਆਉਣ ਵਾਲਾ ਗਾਈਡ ਗਾਇਬ ਹੋ ਗਿਆ ਤੇ ਦੂਜਾ ਸ਼ਖਸ ਉਨ੍ਹਾਂ ਨੂੰ ਅੱਗੇ ਦਾ ਰਾਹ ਦਿਖਾਉਣ ਲੱਗਾ।

ਉਹ ਬਹੁਤ ਤੇਜ਼ ਚੱਲ ਰਿਹਾ ਸੀ ਅਤੇ ਚਤੁਰਵੇਦੀ ਨੂੰ ਉਸਦੇ ਨਾਲ ਚੱਲਣ ਵਿੱਚ ਦਿੱਕਤ ਹੋ ਰਹੀ ਸੀ। ਉਹ ਤਕਰੀਬਨ 6 ਕਿਲੋਮੀਟਰ ਚੱਲੇ ਹੋਣਗੇ ਕਿ ਸਵੇਰ ਹੋਣ ਲੱਗੀ ਸੀ ਅਤੇ ਉਨ੍ਹਾਂ ਨੂੰ ਬੀਹੜ ਦਿਖਾਈ ਦੇਣ ਲੱਗੇ ਸਨ।

**ਫੂਲਨ ਨਾਲ ਮੁਲਾਕਾਤ**

ਰਾਜੇਂਦਰ ਚਤੁਰਵੇਦੀ ਯਾਦ ਕਰਦੇ ਹਨ, "ਉਸ ਥਾਂ ਦਾ ਨਾਂ ਸੀ ਖੇੜਨ। ਉਹ ਟਿੱਲੇ 'ਤੇ ਚੰਬਲ ਦਰਿਆ ਦੇ ਬਿਲਕੁਲ ਕੰਢੇ 'ਤੇ ਹੈ। ਸਾਡੇ ਨਾਲ ਦਾ ਆਦਮੀ ਅੱਗੇ ਵਧ ਕੇ 400 ਮੀਟਰ ਤੱਕ ਗਿਆ। ਉਸ ਨੇ ਮੈਨੂੰ ਕਿਹਾ ਕਿ ਜਦੋਂ ਮੈਂ ਉਤੇ ਪਹੁੰਚ ਕੇ ਤੁਹਾਨੂੰ ਲਾਲ ਰੁਮਾਲ ਦਿਖਾਵਾਂ ਉਸੇ ਵੇਲੇ ਤੁਸੀਂ ਇੱਥੋਂ ਚੱਲਣਾ ਸ਼ੁਰੂ ਕਰਨਾ।"

ਚਤੁਰਵੇਦੀ ਨੇ ਕਿਹਾ, 'ਕੁਝ ਦੇਰ ਬਾਅਦ ਉਸਦਾ ਹਿਲਦਾ ਹੋਇਆ ਲਾਲ ਰੁਮਾਲ ਦਿਖਾਈ ਦਿੱਤਾ। ਮੈਂ ਹੌਲੀ-ਹੌਲੀ ਚੱਲਣਾ ਸ਼ੁਰੂ ਕੀਤਾ। ਜਦੋਂ ਮੈਂ ਟਿੱਲੇ 'ਤੇ ਪਹੁੰਚਿਆ ਤਾਂ ਬਬੂਲ (ਕਿੱਕਰ ਵਰਗਾ ਰੁੱਖ) ਦੇ ਝਾੜ ਦੇ ਪਿੱਛੋਂ ਇੱਕ ਲੰਬਾ-ਉੱਚਾ ਸ਼ਖਸ ਬਾਹਰ ਨਿਕਲਿਆ। ਉਸਦੀ ਸ਼ਕਲ ਬਿਲਕੁਲ ਜੀਸਸ ਕ੍ਰਾਈਸਟ ਨਾਲ ਮਿਲਦੀ ਜੁਲਦੀ ਸੀ। ਉਸ ਨੇ ਆਪਣਾ ਨਾਂ ਮਾਨ ਸਿੰਘ ਦੱਸਿਆ। ਉਸਨੇ ਅੱਗੇ ਆ ਕੇ ਮੇਰੇ ਪੈਰਾਂ ਨੂੰ ਹੱਥ ਲਾਇਆ ਅਤੇ ਮੈਨੂੰ ਅੱਗੇ ਵਧਣ ਦਾ ਇਸ਼ਾਰਾ ਕੀਤਾ।

ਉਸੇ ਵੇਲੇ ਝਾੜੀਆਂ ਤੋਂ ਨੀਲੇ ਰੰਗ ਦਾ ਬੈਲਬੌਟਮ ਅਤੇ ਨੀਲੇ ਰੰਗ ਦਾ ਕੁਰਤਾ ਪਹਿਨੀ ਹੋਈ ਇੱਕ ਮਹਿਲਾ ਸਾਹਮਣੇ ਆਈ। ਉਸ ਦੇ ਮੋਢੇ ਤੱਕ ਵਾਲ ਸਨ ਜਿਸ ਨੂੰ ਉਸ ਨੇ ਲਾਲ ਰੁਮਾਲ ਨਾਲ ਬੰਨ ਰੱਖਿਆ ਸੀ।

ਉਸ ਦੇ ਮੋਢੇ 'ਤੇ ਰਾਈਫਲ ਲਟਕ ਰਹੀ ਸੀ। ਉਸ ਦੀ ਸ਼ਕਲ ਨੇਪਾਲੀ ਵਾਂਗ ਲੱਗ ਰਹੀ ਸੀ। ਉਹ ਸੀ ਫੂਲਨ ਦੇਵੀ ਜਿਸਨੇ ਮੇਰੇ ਪੈਰਾਂ ਵਿੱਚ ਪੰਜ ਸੌ ਇੱਕ ਰੁਪਏ ਰੱਖ ਦਿੱਤੇ।

'ਇਸੇ ਵੇਲੇ ਤੁਹਾਨੂੰ ਗੋਲੀ ਨਾਲ ਉਡਾ ਸਕਦੀ ਹਾਂ' ਫੂਲਨ ਦੇਵੀ ਨੇ ਆਪਣੇ ਹੱਥਾਂ ਨਾਲ ਉਨ੍ਹਾਂ ਲਈ ਚਾਹ ਬਣਾਈ ਅਤੇ ਚਾਹ ਦੇ ਨਾਲ ਉਨ੍ਹਾਂ ਨੂੰ ਚੂੜਾ ਖਾਣ ਲਈ ਦਿੱਤਾ।

ਚਤੁਰਵੇਦੀ ਨੇ ਗੱਲ ਸ਼ੁਰੂ ਕੀਤੀ, "ਮੈਂ ਤੁਹਾਡੇ ਘਰ ਹੋ ਕੇ ਆ ਰਿਹਾ ਹਾਂ", ਫੂਲਨ ਨੇ ਇੱਕਦਮ ਪੁੱਛਿਆ ਕਦੋਂ ? ਰਾਜੇਂਦਰ ਚਤੁਰਵੇਦੀ ਨੇ ਕਿਹਾ ਪਿਛਲੇ ਮਹੀਨੇ। ਫੂਲਨ ਦੇਵੀ ਨੇ ਪੁੱਛਿਆ ਮੁੰਨੀ ਮਿਲੀ ? ਰਾਜੇਂਦਰ ਚਤੁਰਵੇਦੀ ਨੇ ਜਵਾਬ ਦਿੱਤਾ, "ਨਾ ਸਿਰਫ ਤੁਹਾਡੀ ਭੈਣ ਮੁੰਨੀ ਬਲਕਿ ਮੈਂ ਤੁਹਾਡੀ ਮਾਂ ਅਤੇ ਪਿਤਾ ਨੂੰ ਵੀ ਮਿਲ ਕੇ ਆਇਆ ਹਾਂ।"

ਉਨ੍ਹਾਂ ਨੇ ਫੂਲਨ ਨੂੰ ਪੋਲੋਰੋਇਡ ਕੈਮਰੇ ਨਾਲ ਲਈਆਂ ਗਈ ਆਪਣੀਆਂ ਅਤੇ ਉਸਦੇ ਪਰਿਵਾਰ ਦੀਆਂ ਤਸਵੀਰਾਂ ਦਿਖਾਈਆਂ। ਉਨ੍ਹਾਂ ਨੇ ਇਹ ਵੀ ਕਿਹਾ ਕਿ ਉਹ ਉਨ੍ਹਾਂ ਦੀਆਂ ਆਵਾਜ਼ਾਂ ਟੈਪ ਕਰਕੇ ਲਿਆਏ ਹਨ। ਜਿਵੇਂ ਹੀ ਫੂਲਨ ਨੇ ਟੇਪ ਰਿਕਾਰਡਰ ਵਿੱਚ ਆਪਣੀ ਭੈਣ ਦੀ ਆਵਾਜ਼ ਸੁਣੀ ਸਾਰਾ ਤਣਾਅ ਗਾਇਬ ਹੋ ਗਿਆ।

ਅਚਾਨਕ ਫੂਲਨ ਨੇ ਪੁੱਛਿਆ, "ਤੁਸੀਂ ਮੇਰੇ ਤੋਂ ਕੀ ਚਾਹੁੰਦੇ ਹੋ ?" ਚਤੁਰਵੇਦੀ ਨੇ ਕਿਹਾ, "ਤੁਹਾਨੂੰ ਪਤਾ ਹੈ ਕਿ ਮੈਂ ਇੱਥੇ ਕਿਉਂ ਆਇਆ ਹਾਂ। ਅਸੀਂ ਚਾਹੁੰਦੇ ਹਾਂ ਕਿ ਤੁਸੀਂ ਆਤਮ ਸਮਰਪਣ ਕਰ ਦਿਓ। ਇੰਨਾ ਸੁਣਨਾ ਸੀ ਕਿ ਫੂਲਨ ਨੂੰ ਗੁੱਸਾ ਆ ਗਿਆ।"

ਚੀਖ ਕੇ ਬੋਲੀ, "ਤੁਸੀਂ ਕੀ ਸਮਝਦੇ ਹੋ, ਮੈਂ ਸਿਰਫ਼ ਤੁਹਾਡੇ ਕਹਿਣ 'ਤੇ ਹਥਿਆਰ ਸੁੱਟ ਦੇਵਾਂਗੀ। ਮੈਂ ਫੂਲਨ ਦੇਵੀ ਹਾਂ। ਮੈਂ ਇਸੇ ਵੇਲੇ ਤੁਹਾਨੂੰ ਗੋਲੀ ਨਾਲ ਉਡਾ ਸਕਦੀ ਹਾਂ।"

ਪੁਲਿਸ ਦੇ ਐਸਪੀ ਰਾਜੇਂਦਰ ਚਤੁਰਵੇਦੀ ਨੂੰ ਲਗਿਆ ਕਿ ਮਾਮਲਾ ਉਨ੍ਹਾਂ ਦੇ ਹੱਥ ਤੋਂ ਨਿਕਲ ਰਿਹਾ ਹੈ। ਫੂਲਨ ਦਾ ਡਰਾਉਣਾ ਰੂਪ ਦੇਖ ਕੇ ਮਾਨ ਸਿੰਘ ਨੇ ਤਣਾਅ ਘੱਟ ਕਰਨ ਦੀ ਕੋਸ਼ਿਸ਼ ਕੀਤੀ।

ਉਨ੍ਹਾਂ ਨੇ ਚਤੁਰਵੇਦੀ ਨੂੰ ਕਿਹਾ, "ਆਓ ਮੈਂ ਤੁਹਾਨੂੰ ਆਪਣੇ ਗੈਂਗ ਦੇ ਦੂਜੇ ਮੈਂਬਰਾਂ ਨਾਲ ਮਿਲਵਾਉਂਦਾ ਹਾਂ।" ਇੱਕ-ਇੱਕ ਕਰਕੇ ਮੋਹਨ ਸਿੰਘ, ਗੋਵਿੰਦ, ਮਹਿੰਦੀ ਹਸਨ, ਜੀਵਨ ਅਤੇ ਮੁੰਨਾ ਨੂੰ ਚਤੁਰਵੇਦੀ ਨੂੰ ਮਿਲਵਾਇਆ ਗਿਆ।

**ਬਾਜਰੇ ਦੀਆਂ ਰੋਟੀਆਂ ਪਕਾ ਕੇ ਖੁਆਈਆਂ**

ਅਚਾਨਕ ਫੂਲਨ ਦਾ ਮੂਡ ਫਿਰ ਠੀਕ ਹੋ ਗਿਆ। ਜਦੋਂ ਦੁਪਹਿਰ ਹੋਈ ਤਾਂ ਫੂਲਨ ਨੇ ਉਨ੍ਹਾਂ ਲਈ ਖਾਣਾ ਬਣਾਇਆ। ਰੋਟੀ ਬਣਾਉਂਦੇ ਹੋਏ ਫੂਲਨ ਨੇ ਪੁੱਛਿਆ, "ਜੇ ਮੈਂ ਹਥਿਆਰ ਸੁੱਟਦੀ ਹਾਂ ਤਾਂ ਕੀ ਤੁਸੀਂ ਮੈਨੂੰ ਫਾਂਸੀ 'ਤੇ ਚੜ੍ਹਾ ਦੇਵੋਗੇ ?"

ਚਤੁਰਵੇਦੀ ਨੇ ਕਿਹਾ, "ਅਸੀਂ ਲੋਕ ਹਥਿਆਰ ਸੁੱਟਣ ਵਾਲਿਆਂ ਨੂੰ ਫਾਂਸੀ ਨਹੀਂ ਦਿੰਦੇ, ਜੇ ਤੁਸੀਂ ਭੱਜਦੇ ਹੋ ਅਤੇ ਫੜੇ ਜਾਂਦੇ ਹੋ ਤਾਂ ਗੱਲ ਦੂਜੀ ਹੈ।"

ਫੂਲਨ ਨੇ ਉਨ੍ਹਾਂ ਨੂੰ ਬਾਜਰੇ ਦੀਆਂ ਮੋਟੀਆਂ-ਮੋਟੀਆਂ ਰੋਟੀਆਂ, ਆਲੂ ਦੀ ਸਬਜ਼ੀ ਅਤੇ ਦਾਲ ਖਾਣ ਲਈ ਦਿੱਤੀ। ਚਤੁਰਵੇਦੀ ਨੇ ਸੋਚਿਆ ਕਿ ਜੇ ਉਹ ਪੋਲੇਰੌਇਡ ਕੈਮਰੇ ਤੋਂ ਫੂਲਨ ਦੀ ਤਸਵੀਰ ਖਿੱਚੇ ਤਾਂ ਸ਼ਾਇਦ ਉਸ ਨੂੰ ਚੰਗਾ ਲੱਗੇ।

ਉਨ੍ਹਾਂ ਨੇ ਤਸਵੀਰਾਂ ਖਿੱਚ ਕੇ ਜਦੋਂ ਉਨ੍ਹਾਂ ਨੂੰ ਫੂਲਨ ਨੂੰ ਦਿਖਾਇਆ ਤਾਂ ਉਹ ਖੁਸ਼ ਹੋ ਕੇ ਬੋਲੀ, "ਆਪ ਤੋ ਜਾਦੂ ਕਰਿਓ"

ਫੂਲਨ ਨੇ ਗੈਂਗ ਦੇ ਸਾਰੇ ਮੈਂਬਰਾਂ ਨੂੰ ਚੀਕ ਕੇ ਬੁਲਾਇਆ ਅਤੇ ਕੈਮਰੇ ਤੋਂ ਖਿੱਚੀ ਗਈ ਆਪਣੀ ਤਸਵੀਰ ਦਿਖਾਉਣ ਲੱਗੀ। ਚਤੁਰਵੇਦੀ ਉੱਥੇ 12 ਘੰਟੇ ਰਹੇ। ਉਨ੍ਹਾਂ ਨੇ ਫੂਲਨ ਦੇਵੀ ਅਤੇ ਸਾਥੀਆਂ ਦੀਆਂ ਤਸਵੀਰਾਂ ਖਿੱਚੀਆਂ।

ਫੂਲਨ ਨੇ ਉਨ੍ਹਾਂ ਨੂੰ ਆਪਣੀ ਮਾਂ ਦੀ ਇੱਕ ਮੁੰਦਰੀ ਦਿੱਤੀ ਜਿਸ ਵਿੱਚ ਇੱਕ ਪੱਥਰ ਹਕੀਕ ਜੜਿਆ ਹੋਇਆ ਸੀ। ਅਚਾਨਕ ਫਿਰ ਫੂਲਨ ਦਾ ਦਿਮਾਗ ਫਿਰਿਆ ਤੇ ਬੋਲੀ, ÷ਇਸ ਗੱਲ ਦਾ ਕੀ ਸਬੂਤ ਹੈ ਕਿ ਤੁਹਾਨੂੰ ਮੁੱਖ ਮੰਤਰੀ ਨੇ ਭੇਜਿਆ ਹੈ।"

ਚਤੁਰਵੇਦੀ ਯਾਦ ਕਰਦੇ ਹਨ, "ਮੈਂ ਉਨ੍ਹਾਂ ਨੂੰ ਕਿਹਾ ਕਿ ਤੁਸੀਂ ਮੇਰੇ ਨਾਲ ਆਪਣਾ ਇੱਕ ਆਦਮੀ ਭੇਜ ਦਿਓ। ਮੈਂ ਉਸ ਦੀ ਖੁਦ ਮੁੱਖ ਮੰਤਰੀ ਨਾਲ ਮੁਲਾਕਾਤ ਕਰਾ ਦੇਵਾਂਗਾ। ਫੂਲਨ ਨੇ ਇੱਕ ਵਿਅਕਤੀ ਨੂੰ ਮੇਰੇ ਨਾਲ ਭੇਜ ਦਿੱਤਾ।"

"ਅਸੀਂ ਸ਼ਾਮ ਨੂੰ ਉੱਥੋਂ ਚੱਲਣਾ ਸ਼ੁਰੂ ਕੀਤਾ ਅਤੇ ਦੋ ਵਜੇ ਰਾਤ ਨੂੰ ਭਿੰਡ ਪਹੁੰਚੇ। ਮੈਂ ਫੌਰਨ ਮੁੱਖ ਮੰਤਰੀ ਅਰਜੁਨ ਸਿੰਘ ਨੂੰ ਫੋਨ ਮਿਲਾਇਆ। ਉਹ ਮੇਰੇ ਫੋਨ ਦਾ ਇੰਤਜ਼ਾਰ ਕਰ ਰਹੇ ਸਨ। ਮੈਂ ਸਿਰਫ ਇੰਨਾ ਕਿਹਾ, ਸਰ ਟੂ ਡਾਊਨ ਇਨ।"

"ਟੂ ਡਾਊਨ ਇਨ ਸਾਡਾ ਕੋਡ ਵਰਡ ਸੀ। ਮੈਂ ਉਨ੍ਹਾਂ ਨੂੰ ਕਿਹਾ ਸਰ ਮੈਂ ਸਵੇਰੇ 6 ਵਜੇ ਗਵਾਲੀਅਰ ਤੋਂ ਦਿੱਲੀ ਦੀ ਫਲਾਈਟ ਫੜ ਰਿਹਾ ਹਾਂ। ਮੈਂ ਫੂਲਨ ਦੇ ਉਸ ਸਾਥੀ ਦਾ ਵੀ ਟਿਕਟ ਲੈ ਲਿਆ।"



"ਇੰਡੀਅਨ ਏਅਰਲਾਈਂਜ਼ ਦੇ ਅਧਿਕਾਰੀਆਂ ਨੂੰ ਮੈਂ ਬੇਨਤੀ ਕੀਤੀ ਕਿ ਸਾਨੂੰ ਬਿਜ਼ਨਸ ਕਲਾਸ ਵਿੱਚ ਅਪਗ੍ਰੇਡ ਕਰ ਦੇਣ। ਦਿੱਲੀ ਹਵਾਈ ਅੱਡੇ ਤੋਂ ਅਸੀਂ ਟੈਕਸੀ ਵਿੱਚ ਬੈਠ ਕੇ ਮੱਧ ਪ੍ਰਦੇਸ਼ ਭਵਨ ਪਹੁੰਚੇ।"

ਚਤੁਰਵੇਦੀ ਨੇ ਦੱਸਿਆ, "ਮੈਂ ਆਪਣੇ ਅਤੇ ਫੂਲਨ ਦੇ ਸਾਥੀ ਲਈ ਕਮਰਾ ਬੁੱਕ ਕਰਵਾ ਦਿੱਤਾ ਸੀ। ਅਰਜੁਨ ਸਿੰਘ ਨੇ ਆਪਣੀ ਦਾੜ੍ਹੀ ਤੱਕ ਨਹੀਂ ਬਣਾਈ ਸੀ। ਉਹ ਆਪਣੇ ਕਮਰੇ ਵਿੱਚ ਬੈਠੇ ਚਾਂਦੀ ਦੇ ਗਿਲਾਸ ਵਿੱਚ ਸੰਤਰੇ ਦਾ ਜੂਸ ਪੀ ਰਹੇ ਸਨ।"

"ਮੈਂ ਉਨ੍ਹਾਂ ਨੂੰ ਪੋਲੋਰੌਇਡ ਕੈਮਰੇ ਤੋਂ ਖਿੱਚੀਆਂ ਫੂਲਨ ਦੀਆਂ ਤਸਵੀਰਾਂ ਦਿਖਾਈਆਂ। ਮੈਂ ਕਿਹਾ ਉਨ੍ਹਾਂ ਦੇ ਇੱਕ ਆਦਮੀ ਮੇਰੇ ਨਾਲ ਆਇਆ ਹੈ ਅਤੇ ਮੇਰੇ ਕਮਰੇ ਵਿੱਚ ਬੈਠਾ ਹੈ।"

"ਉਨ੍ਹਾਂ ਨੇ ਫੌਰਨ ਉਸ ਨੂੰ ਬੁਲਾ ਲਿਆ। ਉਸ ਨੇ ਦੇਖਦੇ ਹੀ ਅਰਜੁਨ ਸਿੰਘ ਦੇ ਪੈਰਾਂ ਨੂੰ ਹੱਥ ਲਾਇਆ। ਮੈਂ ਉਨ੍ਹਾਂ ਦੇ ਸਾਹਮਣੇ ਉਸ ਨੂੰ ਕਿਹਾ ਕਿ ਹੁਣ ਤਾਂ ਤੁਹਾਨੂੰ ਵਿਸ਼ਵਾਸ ਹੋ ਗਿਆ ਕਿ ਮੈਨੂੰ ਮੁੱਖ ਮੰਤਰੀ ਨੇ ਹੀ ਭੇਜਿਆ ਸੀ।"

ਉਸ ਤੋਂ ਬਾਅਦ ਫੂਲਨ ਦੇ ਉਸ ਆਦਮੀ ਨੂੰ ਵਾਪਸ ਇੱਕ ਗਾਰਡ ਨਾਲ ਫੂਲਨ ਕੋਲ ਭਿਜਵਾਇਆ ਗਿਆ। ਇੱਕ ਵਾਰ ਅਰਜੁਨ ਸਿੰਘ ਐਸਪੀ ਚਤੁਰਵੇਦੀ ਨੂੰ ਲੈ ਕੇ ਦਿੱਲੀ ਪਹੁੰਚੇ। ਉਨ੍ਹਾਂ ਨੇ ਰਾਜੀਵ ਗਾਂਧੀ ਨੂੰ ਸੰਦੇਸ਼ ਭਿਜਵਾਇਆ ਕਿ ਉਨ੍ਹਾਂ ਕੋਲ ਚੰਗੀ ਖ਼ਬਰ ਹੈ।

ਰਾਜੇਂਦਰ ਚਤੁਰਵੇਦੀ ਨੂੰ ਅਜੇ ਤੱਕ ਯਾਦ ਹੈ, "ਅਸੀਂ ਲੋਕ ਉਨ੍ਹਾਂ ਨੂੰ ਮਿਲਣ ਇੱਕ ਸਫਦਰਜੰਗ ਰੋਡ ਗਏ ਸੀ। ਰਾਜੀਵ ਗਾਂਧੀ ਨੇ ਇਹ ਖ਼ਬਰ ਸੁਣਦਿਆਂ ਹੀ ਮੇਰੇ ਮੋਢੇ 'ਤੇ ਸ਼ਾਬਾਸ਼ੀ ਦਿੱਤੀ ਅਤੇ ਸਾਨੂੰ ਅੰਦਰ ਵਾਲੇ ਕਮਰੇ ਵਿੱਚ ਲੈ ਗਏ। ਉੱਥੇ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਗੁਲਾਬੀ ਰਿਮ ਦਾ ਪੜ੍ਹਨ ਵਾਲਾ ਚਸ਼ਮਾ ਲਾ ਕੇ ਬੈਠੇ ਹੋਏ ਸਨ।"

ਚਤੁਰਵੇਦੀ ਨੇ ਕਿਹਾ, "ਮੈਂ ਉਨ੍ਹਾਂ ਨੂੰ ਦੇਖਦੇ ਹੀ ਸਲਾਮ ਕੀਤਾ। ਅਰਜੁਨ ਸਿੰਘ ਨੇ ਉਨ੍ਹਾਂ ਨੂੰ ਮੇਰੇ ਬਾਰੇ ਦੱਸਿਆ ਅਤੇ ਬੋਲੇ ਇਹ ਤੁਹਾਡੇ ਲਈ ਕੁਝ ਲਿਆਏ ਹਨ। ਜਿਵੇਂ ਹੀ ਉਨ੍ਹਾਂ ਨੇ ਫੂਲਨ ਦੇ ਨਾਲ ਮੇਰੀਆਂ ਤਸਵੀਰਾਂ ਦੇਖੀਆਂ ਉਹ ਬੋਲੀ, ਸ਼ੀ ਇਜ਼ ਨੌਟ ਵੈਰੀ ਗੁਡ ਲੁਕਿੰਗ, ਫਿਰ ਕਿਹਾ ਤੁਸੀਂ ਅੱਗੇ ਵਧੋ ਅਸੀਂ ਤੁਹਾਡੇ ਨਾਲ ਹਾਂ।"

**ਪਤਨੀ ਨੂੰ ਵੀ ਫੂਲਨ ਨਾਲ ਮਿਲਵਾਇਆ**

ਇਸੇ ਦੌਰਾਨ ਰਾਜੇਂਦਰ ਚਤੁਰਵੇਦੀ ਦੀਆਂ ਫੂਲਨ ਦੇਵੀ ਨਾਲ ਕਈ ਮੁਲਾਕਾਤਾਂ ਹੋਈਆਂ ਸਨ। ਇੱਕ ਵਾਰ ਤਾਂ ਉਹ ਆਪਣੀ ਪਤਨੀ ਅਤੇ ਬੱਚਿਆਂ ਨੂੰ ਵੀ ਫੂਲਨ ਦੇਵੀ ਨੂੰ ਮਿਲਾਉਣ ਲੈ ਗਏ। ਫੂਲਨ ਦੇਵੀ ਆਪਣੀ ਆਤਮ ਕਥਾ ਵਿੱਚ ਲਿਖਦੀ ਹੈ, "ਚਤੁਰਵੇਦੀ ਦੀ ਪਤਨੀ ਬਹੁਤ ਸੁੰਦਰ ਅਤੇ ਦਿਆਲੂ ਸੀ। ਉਹ ਮੇਰੇ ਲਈ ਸ਼ਾਲ, ਕੱਪੜੇ ਅਤੇ ਕੁਝ ਤੋਹਫੇ ਲੈ ਕੇ ਆਈ ਸੀ। ਉਹ ਆਪਣੇ ਨਾਲ ਘਰ ਦਾ ਖਾਣਾ ਬਣਾ ਕੇ ਵੀ ਲਿਆਈ ਸੀ।"

ਮੈਂ ਰਾਜੇਂਦਰ ਚਤੁਰਵੇਦੀ ਨੂੰ ਪੁੱਛਿਆ ਕਿ ਆਪਣੀ ਪਤਨੀ ਨੂੰ ਫੂਲਨ ਦੇ ਸਾਹਮਣੇ ਲੈ ਕੇ ਜਾਣ ਦਾ ਕੀ ਕਾਰਨ ਸੀ। ਉਨ੍ਹਾਂ ਦਾ ਜਵਾਬ ਸੀ, "ਫੂਲਨ ਨੂੰ ਦਿਖਾਉਣਾ ਚਾਹੁੰਦਾ ਸੀ ਕਿ ਮੈਂ ਉਨ੍ਹਾਂ 'ਤੇ ਕਿਸ ਹੱਦ ਤੱਕ ਵਿਸ਼ਵਾਸ ਕਰਦਾ ਹਾਂ। ਬਦਲੇ ਵਿੱਚ ਕੀ ਉਹ ਵੀ ਮੇਰੇ 'ਤੇ ਇੰਨਾ ਵਿਸ਼ਵਾਸ ਕਰਨਗੇ ? ਫੂਲਨ ਉਨ੍ਹਾਂ ਨਾਲ ਮਿਲ ਕੇ ਖੁਸ਼ ਬਹੁਤ ਹੋਈ ਸੀ।"

**ਆਤਮ ਸਮਰਪਣ ਤੋਂ ਪਹਿਲਾਂ ਦਾ ਤਣਾਅ**

ਚਤੁਰਵੇਦੀ ਨੇ ਫੂਲਨ ਤੋਂ ਪੁੱਛਿਆ, "ਤੁਸੀਂ ਕਦੋਂ ਸਰੰਡਰ ਕਰਨ ਜਾ ਰਹੇ ਹੋ ?" ਫੂਲਨ ਦਾ ਜਵਾਬ ਸੀ, "6 ਦਿਨਾਂ ਦੇ ਅੰਦਰ।" ਚਤੁਰਵੇਦੀ ਦੀ ਨਜ਼ਰ ਕੈਲੰਡਰ 'ਤੇ ਪਈ। 6 ਦਿਨਾਂ ਬਾਅਦ ਤਾਰੀਖ ਸੀ 12 ਫਰਵਰੀ 1983.

ਸਰੰਡਰ ਵਾਲੇ ਦਿਨ ਫੂਲਨ ਨੇ ਘਬਰਾਹਟ ਵਿੱਚ ਕੁਝ ਨਹੀਂ ਖਾਧਾ ਅਤੇ ਨਾ ਹੀ ਇੱਕ ਪਾਣੀ ਦਾ ਗਿਲਾਸ ਪੀਤਾ। ਪੂਰੀ ਰਾਤ ਉਹ ਇੱਕ ਸਕਿੰਟ ਸੌਂ ਨਹੀਂ ਸਕੀ।

ਅਗਲੀ ਸਵੇਰ ਇੱਕ ਡਾਕਟਰ ਉਨ੍ਹਾਂ ਨੂੰ ਦੇਖਣ ਆਇਆ। ਫੂਲਨ ਦੇ ਸਾਥੀ ਮਾਨ ਸਿੰਘ ਨੇ ਉਨ੍ਹਾਂ ਤੋਂ ਪੁੱਛਿਆ, ÷ਫੂਲਨ ਨੂੰ ਕੀ ਤਕਲੀਫ਼ ਹੈ ਡਾਕਟਰ ਦਾ ਜਵਾਬ ਸੀ ਤਣਾਅ। ਇਸ ਨੂੰ ਉਹ ਬਰਦਾਸ਼ਤ ਨਹੀਂ ਕਰ ਪਾ ਰਹੀ ਹੈ।"

ਕਾਰ ਵਿੱਚ ਬੈਠਦੇ ਹੀ ਫੂਲਨ ਨੇ ਚਤੁਰਵੇਦੀ ਤੋਂ ਆਪਣੀ ਰਾਈਫਲ ਵਾਪਸ ਮੰਗੀ।

ਚਤੁਰਵੇਦੀ ਨੇ ਕਿਹਾ, "ਨਹੀਂ ਫੂਲਨ ਤੁਸੀਂ ਆਪਣੇ ਆਪ ਨੂੰ ਸ਼ਾਂਤ ਰੱਖੋ।" ਫੂਲਨ ਇੰਨੀ ਪ੍ਰੇਸ਼ਾਨ ਸੀ ਕਿ ਉਨ੍ਹਾਂ ਨੇ ਚਤੁਰਵੇਦੀ ਦੇ ਅੰਗ ਰੱਖਿਅਕ ਤੋਂ ਸਟੇਨ ਗੰਨ ਖੋਹਣ ਦੀ ਕੋਸ਼ਿਸ਼ ਕੀਤੀ।

ਉਸ ਨੇ ਫੂਲਨ ਨੂੰ ਸਮਝਾਇਆ ਕਿ ਅਜਿਹੀ ਹਿਮਾਕਤ ਫੇਰ ਨਾ ਕਰਨ ਨਹੀਂ ਤਾਂ ਚਤੁਰਵੇਦੀ ਅਤੇ ਉਨ੍ਹਾਂ ਦੋਵਾਂ ਦੀ ਬਹੁਤ ਬਦਨਾਮੀ ਹੋਵੇਗੀ।

**ਫਿਰ ਮੰਚ 'ਤੇ ਕੀ ਹੋਇਆ ?**

ਡਾਕ ਬੰਗਲੇ ਦੇ ਬਾਥਰੂਮ ਵਿੱਚ ਫੂਲਨ ਨੇ ਆਪਣੇ ਵਾਲਾਂ ਵਿੱਚ ਕੰਘੀ ਕੀਤੀ। ਆਪਣੇ ਮੱਥੇ ਤੇ ਲਾਲ ਕੱਪੜਾ ਬੰਨਿਆ ਅਤੇ ਆਪਣੇ ਮੂੰਹ 'ਤੇ ਠੰਢੇ ਪਾਣੀ ਨਾਲ ਛਿੱਟੇ ਮਾਰੇ। ਪੁਲਿਸ ਦੀ ਖਾਕੀ ਵਰਦੀ ਪਾ ਕੇ ਉਸਨੇ ਉੱਤੇ ਲਾਲ ਸ਼ਾਲ ਪਹਿਨ ਲਈ।

ਜਦੋਂ ਉਹ ਬਾਹਰ ਆਈ ਤਾਂ ਪੁਲਿਸ ਵਾਲਿਆਂ ਨੇ ਉਨ੍ਹਾਂ ਦੀ ਰਾਈਫਲ ਵਾਪਸ ਕਰ ਦਿੱਤੀ। ਉਸ ਵਿੱਚ ਕੋਈ ਗੋਲੀ ਨਹੀਂ ਸੀ ਪਰ ਉਨ੍ਹਾਂ ਦੀ ਗੋਲੀਆਂ ਦੀ ਬੈਲਟ ਵਿੱਚ ਸਾਰੀਆਂ ਗੋਲੀਆਂ ਸਲਾਮਤ ਸਨ। ਉਹ ਚਾਹੁੰਦੀ ਤਾਂ ਇੱਕ ਸਕਿੰਟ ਵਿੱਚ ਆਪਣੀ ਰਾਈਫਲ ਲੋਡ ਕਰ ਸਕਦੀ ਸੀ।

ਉਸੇ ਵੇਲੇ ਰਾਜੇਂਦਰ ਚਤੁਰਵੇਦੀ ਨੇ ਅਰਜੁਨ ਸਿੰਘ ਦੇ ਪਹੁੰਚਣ ਦਾ ਐਲਾਨ ਕੀਤਾ।

ਫੂਲਨ ਮੰਚ 'ਤੇ ਚੜ੍ਹੀ। ਉਸ ਨੇ ਆਪਣੀ ਰਾਈਫਲ ਮੋਢੇ ਤੋਂ ਉਤਾਰ ਕੇ ਅਰਜੁਨ ਸਿੰਘ ਦੇ ਹਵਾਲੇ ਕਰ ਦਿੱਤੀ। ਫਿਰ ਉਨ੍ਹਾਂ ਨੇ ਕਾਰਤੂਸ ਦੀ ਬੈਲਟ ਵੀ ਉਤਾਰ ਕੇ ਅਰਜੁਨ ਸਿੰਘ ਦੇ ਹੱਥ ਵਿੱਚ ਪਹਿਨਾ ਦਿੱਤੀ।

ਨਾਲ ਖੜ੍ਹੇ ਇੱਕ ਪੁਲਿਸ ਅਫਸਰ ਨੇ ਫੂਲਨ ਨੂੰ ਇਸ਼ਾਰਾ ਕੀਤਾ। ਉਸ ਨੇ ਆਪਣੇ ਦੋਵੇਂ ਹੱਥ ਜੋੜ ਕੇ ਮੱਥੇ ਨੂੰ ਉੱਪਰ ਚੁੱਕਿਆ।

ਪਹਿਲਾਂ ਉਸ ਨੇ ਅਰਜੁਨ ਸਿੰਘ ਨੂੰ ਨਮਸਕਾਰ ਕੀਤਾ ਅਤੇ ਫਿਰ ਸਾਹਮਣੇ ਖੜ੍ਹੀ ਭੀੜ ਨੂੰ। ਅਫਸਰ ਨੇ ਫੂਲਨ ਨੂੰ ਇੱਕ ਹਾਰ ਦਿੱਤਾ। ਫੂਲਨ ਨੇ ਉਹ ਹਾਰ ਅਰਜੁਨ ਸਿੰਘ ਦੇ ਗਲੇ ਵਿੱਚ ਪਹਿਨਾ ਦਿੱਤਾ।

ਜਦੋਂ ਉਹ ਅਜਿਹਾ ਕਰ ਰਹੀ ਸੀ ਤਾਂ ਉਸ ਅਫਸਰ ਨੇ ਉਨ੍ਹਾਂ ਨੂੰ ਰੋਕ ਕੇ ਕਿਹਾ ਕਿ ਹਾਰ ਉਨ੍ਹਾਂ ਦੇ ਗਲੇ ਵਿੱਚ ਨਾ ਪਾ ਕੇ ਉਨ੍ਹਾਂ ਦੇ ਹੱਥ ਵਿੱਚ ਦਿਓ। ਫੂਲਨ ਨੇ ਸਵਾਲ ਕੀਤਾ ਕਿਉਂ ?

ਅਰਜੁਨ ਸਿੰਘ ਮੁਸਕੁਰਾਏ ਅਤੇ ਬੋਲੇ ਉਨ੍ਹਾਂ ਦੇ ਗਲੇ ਵਿੱਚ ਹਾਰ ਪਾ ਦਿਓ ਫਿਰ ਫੂਲਨ ਨੇ ਇੱਕ ਹੋਰ ਹਾਰ ਚੁੱਕਿਆ ਅਤੇ ਮੇਜ਼ 'ਤੇ ਰੱਖੇ ਦੁਰਗਾ ਮਾਤਾ ਦੀ ਫੋਟੋ ਸਾਹਮਣੇ ਰੱਖ ਦਿੱਤਾ।

**ਬੀਬੀਸੀ 'ਚੋਂ ਧੰਨਵਾਦ ਸਹਿਤ**



ਫੂਲਨ ਦੇਵੀ ਨੇ ਆਤਮ ਸਮਰਪਣ ਤੋਂ ਬਾਅਦ ਸਿਆਸਤ ਵਿੱਚ ਵੀ ਕਦਮ ਰੱਖਿਆ

# ਗੁਰਦੁਆਰਿਆਂ ਵਿੱਚ ਖਿਡੌਣੇ ਜਹਾਜ਼ ਭੇਟ ਕਰਨ ਦੇ ਰੁਝਾਨ ਨੂੰ ਰੋਕੇਗੀ ਸ਼੍ਰੋਮਣੀ ਕਮੇਟੀ

ਅੰਮ੍ਰਿਤਸਰ : ਸ੍ਰੀ ਹਰਿਮੰਦਰ ਸਾਹਿਬ ਅਤੇ ਹੋਰ ਗੁਰਦੁਆਰਿਆਂ ਵਿੱਚ ਹਵਾਈ ਜਹਾਜ਼ ਵਰਗੇ ਖਿਡੌਣੇ ਭੇਟ ਕਰਨ ਦੇ ਰੁਝਾਨ ਨੂੰ ਰੋਕਣ ਲਈ ਹੁਣ ਸਿੱਖ ਸੰਸਥਾ ਸ਼੍ਰੋਮਣੀ ਕਮੇਟੀ ਵੱਲੋਂ ਸਿੱਖ ਸੰਗਤਾਂ ਨੂੰ ਜਾਗਰੂਕ ਕਰਨ ਲਈ ਪ੍ਰਚਾਰ ਕੀਤਾ ਜਾਵੇਗਾ। ਇਸ ਸਬੰਧ ਵਿੱਚ ਸ੍ਰੀ ਅਕਾਲ ਤਖ਼ਤ ਸਕੱਤਰੇਤ ਵਲੋਂ ਸ਼੍ਰੋਮਣੀ ਕਮੇਟੀ ਨੂੰ ਇੱਕ ਪੱਤਰ ਵੀ ਭੇਜਿਆ ਜਾ ਰਿਹਾ ਹੈ।

ਵੇਰਵਿਆਂ ਮੁਤਾਬਕ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਅੱਜ ਸ੍ਰੀ ਅਕਾਲ ਤਖ਼ਤ ਦੇ ਸਕੱਤਰੇਤ ਵਿਖੇ ਜਥੇਦਾਰ ਗਿਆਨੀ ਰਘਵੀਰ ਸਿੰਘ ਨਾਲ ਮੁਲਾਕਾਤ ਕੀਤੀ ਜਿਸ ਦੌਰਾਨ ਕਈ ਪੰਥਕ ਮਾਮਲਿਆਂ 'ਤੇ ਵਿਚਾਰ ਚਰਚਾ ਹੋਈ। ਦੱਸਣਯੋਗ ਹੈ ਕਿ ਬੀਤੇ ਦਿਨ ਇੱਕ ਤਸਵੀਰ ਸੋਸ਼ਲ ਮੀਡੀਆ ਰਾਹੀਂ ਸਾਹਮਣੇ ਆਈ ਸੀ, ਜਿਸ ਵਿੱਚ ਇੱਕ ਸ਼ਰਧਾਲੂ ਸ੍ਰੀ ਹਰਿਮੰਦਰ ਸਾਹਿਬ ਵਿਖੇ ਖਿਡੌਣੇ ਦੇ ਰੂਪ ਵਿੱਚ ਹਵਾਈ ਜਹਾਜ਼ ਭੇਟ ਕਰ ਰਿਹਾ ਸੀ ਜਿਸ ਨੂੰ ਉੱਥੇ ਬੈਠਾ ਕਰਮਚਾਰੀ ਦੇਖ ਰਿਹਾ ਸੀ। ਇਹ ਤਸਵੀਰ ਸਾਹਮਣੇ ਆਉਣ ਤੋਂ ਬਾਅਦ ਦਰਬਾਰ ਸਾਹਿਬ ਦੇ ਮੈਨੇਜਰ ਭਗਵੰਤ ਸਿੰਘ ਵਲੋਂ ਕਰਮਚਾਰੀਆਂ ਨੂੰ ਸਖ਼ਤ ਹਦਾਇਤ ਕੀਤੀ ਗਈ ਸੀ ਕਿ ਅਜਿਹੇ ਰੁਝਾਨ ਨੂੰ ਰੋਕਿਆ ਜਾਵੇ। ਦੱਸਣਾ ਬਣਦਾ ਹੈ



ਕਿ ਇਸ ਵੇਲੇ ਲੋਕਾਂ ਵਿੱਚ ਵਿਦੇਸ਼ ਜਾਣ ਦਾ ਰੁਝਾਨ ਵੱਧ ਰਿਹਾ ਹੈ। ਵਿਦੇਸ਼ ਜਾਣ ਦੇ ਚਾਹਵਾਨਾਂ ਵਲੋਂ ਇਸ ਸਬੰਧ ਵਿਚ ਗੁਰੂਧਾਮਾਂ ਤੇ ਹੋਰ ਧਾਰਮਿਕ ਥਾਵਾਂ 'ਤੇ ਮੰਨਤ ਮੰਗਦੇ ਹੋਏ ਹਵਾਈ ਜਹਾਜ਼ ਖਿਡੌਣੇ ਭੇਟ ਕੀਤੇ ਜਾ ਰਹੇ ਹਨ। ਜਲੰਧਰ ਨੇੜੇ ਇੱਕ ਗੁਰਦੁਆਰੇ ਵਿੱਚ ਤਾਂ ਅਜਿਹਾ ਰੁਝਾਨ ਤੇਜ਼ੀ ਨਾਲ ਵਧ ਰਿਹਾ ਹੈ।



ਗੁਰਦੁਆਰਾ ਸਾਹਿਬਾਨ ਚ ਜਹਾਜ ਦੇ ਚੜਦੇ ਖਿਡਾਉਣੇ ਦੇਖਦੇ। ਇਹ ਗੁਰੂਘਰ ਹੁਣ ਪੀਰਾਂ ਦੀਆਂ ਸਮਾਧਾ ਵਰਗੇ ਲਗਦੇ

# 'ਕੌਣ ਬਣੇਗਾ ਗੁਰਸਿਖ ਪਿਆਰਾ' ਦੇ ਜੇਤੂ ਬੱਚੇ ਸਨਮਾਨੇ



ਅੰਮ੍ਰਿਤਸਰ : ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਇੱਥੇ ਸ੍ਰੋਮਣੀ ਕਮੇਟੀ ਦੇ ਦਫ਼ਤਰ ਵਿੱਚ ਧਾਰਮਿਕ ਮੁਕਾਬਲੇ 'ਕੌਣ ਬਣੇਗਾ ਗੁਰਸਿੱਖ ਪਿਆਰਾ' ਵਿੱਚ ਅੱਵਲ ਰਹਿਣ ਵਾਲੇ ਬੱਚਿਆਂ ਨੂੰ ਸਨਮਾਨਿਤ ਕੀਤਾ। ਇਹ ਧਾਰਮਿਕ ਮੁਕਾਬਲਾ ਗੁਰੂ ਨਾਨਕ ਸੇਵਾ ਚੈਰੀਟੇਬਲ ਟਰੱਸਟ ਅਤੇ ਗੁਰੂ ਨਾਨਕ ਇੰਟਰਨੈਸ਼ਨਲ ਕੀਰਤਨ ਕਾਊਂਸਿਲ ਜੰਮੂ ਕਸ਼ਮੀਰ ਵੱਲੋਂ ਸ਼੍ਰੋਮਣੀ ਕਮੇਟੀ ਅਤੇ ਜੰਮੂ ਕਸ਼ਮੀਰ ਗੁਰਦੁਆਰਾ ਕਮੇਟੀਆਂ ਦੇ ਸਹਿਯੋਗ ਨਾਲ ਕਰਵਾਇਆ ਗਿਆ ਸੀ। ਇਹ ਮੁਕਾਬਲੇ ਭਾਰਤ ਦੇ 8 ਸੂਬਿਆਂ ਸਮੇਤ ਯੂਕੇ ਵਿੱਚ ਕਰਵਾਏ ਗਏ ਸਨ, ਜਿਸ ਵਿੱਚ ਲਗਭਗ 70 ਹਜ਼ਾਰ ਬੱਚਿਆਂ ਨੇ ਭਾਗ ਲਿਆ ਸੀ। ਮੁਕਾਬਲਿਆਂ ਦੌਰਾਨ ਚੰਗੀ ਕਾਰਗੁਜ਼ਾਰੀ ਵਾਲੇ 50 ਬੱਚੇ ਚੁਣੇ ਗਏ, ਜਿਨ੍ਹਾਂ ਨੂੰ ਸਨਮਾਨਿਤ ਕੀਤਾ ਗਿਆ। ਸਮਾਗਮ ਦੌਰਾਨ ਯੂਕੇ ਵਿੱਚ ਹੋਏ ਮੁਕਾਬਲੇ ਦੀਆਂ ਜੇਤੂ ਲੜਕੀਆਂ ਗੁਰਸਿਮਰ ਕੌਰ ਤੇ ਮਹਿਕਪ੍ਰੀਤ ਕੌਰ ਵੀ ਸ਼ਾਮਲ ਹੋਈਆਂ। ਸਨਮਾਨਿਤ ਰਾਸ਼ੀ ਵਿਚ ਸ਼੍ਰੋਮਣੀ ਕਮੇਟੀ ਵੱਲੋਂ ਅੱਵਲ ਬੱਚਿਆਂ ਦੀਆਂ ਫੀਸਾਂ ਲਈ 10 ਲੱਖ ਰੁਪਏ ਦਾ ਸਹਿਯੋਗ ਕੀਤਾ ਗਿਆ ਹੈ। ਇਸ ਮੌਕੇ ਸ਼ ?ਰੋਮਣੀ ਕਮੇਟੀ ਦੇ ਸਕੱਤਰ ਪ੍ਰਤਾਪ ਸਿੰਘ ਤੇ ਬਲਵਿੰਦਰ ਸਿੰਘ ਕਾਹਲਵਾਂ, ਮਹੰਤ ਮਨਜੀਤ ਸਿੰਘ ਜੰਮੂ ਕਸ਼ਮੀਰ, ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਭਗਵੰਤ ਸਿੰਘ ਧੰਗੇੜਾ, ਮੁਕਾਬਲੇ ਦੇ ਪ੍ਰਬੰਧਕ ਤੇ ਰਾਗੀ ਭਾਈ ਜਗਤਾਰ ਸਿੰਘ ਜੰਮੂ, ਸਿੱਖ ਮਿਸ਼ਨ ਜੰਮੂ ਕਸ਼ਮੀਰ ਦੇ ਇੰਚਾਰਜ ਭਾਈ ਹਰਭਿੰਦਰ ਸਿੰਘ ਸਮੇਤ ਪ੍ਰਮੁੱਖ ਸ਼ਖ਼ਸੀਅਤਾਂ ਮੌਜੂਦ ਸਨ।

# ਪੁਲਿਸ ਨੇ ਪ੍ਰਦਰਸ਼ਨਕਾਰੀਆਂ ਨੂੰ ਚੰਡੀਗੜ੍ਹ ਦਾਖ਼ਲ ਹੋਣ ਤੋਂ ਰੋਕਿਆ

ਮੁਹਾਲੀ : ਬੰਦੀ ਸਿੰਘਾਂ ਦੀ ਰਿਹਾਈ, 328 ਲਾਪਤਾ ਸਰੂਪ, ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਅਤੇ ਬਹਬਿਲ ਕਲਾਂ ਤੇ ਕੋਟਕਪੂਰਾ ਗੋਲੀਕਾਂਡ ਲਈ ਜ਼ਿੰਮੇਵਾਰ ਪੁਲੀਸ ਅਤੇ ਸਿਆਸੀ ਆਗੂਆਂ ਨੂੰ ਸਖ਼ਤ ਸਜ਼ਾਵਾਂ ਦਿਵਾਉਣ ਦੀਆਂ ਮੰਗਾਂ ਸਬੰਧੀ ਮੁਹਾਲੀ-ਚੰਡੀਗੜ੍ਹ ਦੀ ਸਾਂਝੀ ਹੱਦ 'ਤੇ ਕੌਮੀ ਇਨਸਾਫ਼ ਮੋਰਚਾ ਵੱਲੋਂ ਜਾਰੀ ਪੱਕੇ ਮੋਰਚੇ 'ਤੇ ਅੱਜ ਸੰਤ ਸਮਾਜ ਸਮੇਤ ਸੈਂਕੜੇ ਸਿੱਖ ਪ੍ਰਚਾਰਕਾਂ ਅਤੇ ਹੋਰਨਾਂ ਸਿੱਖ ਆਗੂਆਂ ਨੇ ਬਲਜੀਤ ਸਿੰਘ ਦਾਦੂਵਾਲ ਦੀ ਅਗਵਾਈ ਹੇਠ ਮੁੱਖ ਮੰਤਰੀ ਦੀ ਰਿਹਾਇਸ਼ ਵੱਲ ਮਾਰਚ ਕੀਤਾ। ਇਹ ਬੀਤੀ 7 ਜਨਵਰੀ ਤੋਂ ਲੜੀਵਾਰ ਧਰਨੇ 'ਤੇ ਬੈਠੇ ਹਨ। ਸਿੱਖ ਆਗੂ ਪੱਕੇ ਮੋਰਚੇ ਵਾਲੀ ਥਾਂ ਤੋਂ ਅਰਦਾਸ ਕਰਨ ਮਗਰੋਂ ਜੈਕਾਰੇ ਛੱਡਦੇ ਹੋਏ ਚੰਡੀਗੜ੍ਹ ਲਈ ਰਵਾਨਾ ਹੋਏ, ਪਰ ਐੱਸਐੱਸਪੀ ਦੀ ਕੋਠੀ ਨੇੜੇ ਮੁਹਾਲੀ ਤੇ ਚੰਡੀਗੜ੍ਹ ਪੁਲੀਸ ਨੇ ਜ਼ਬਰਦਸਤ ਬੈਰੀਕੇਡਿੰਗ ਕਰਕੇ ਇਸ ਮਾਰਚ ਨੂੰ ਰੋਕ ਲਿਆ। ਪੁਲੀਸ ਵੱਲੋਂ ਰੋਕੇ ਜਾਣ 'ਤੇ ਪ੍ਰਦਰਸ਼ਨਕਾਰੀਆਂ ਨੇ ਇਥੇ ਸੜਕ 'ਤੇ ਧਰਨਾ ਆਰੰਭ ਦਿੱਤਾ। ਸ਼ਾਮ ਨੂੰ ਸਾਰੇ ਪ੍ਰਦਰਸ਼ਨਕਾਰੀ ਵਾਪਸ ਪੱਕਾ ਮੋਰਚਾ ਕੈਂਪ ਵਿੱਚ ਆ ਗਏ। ਇਸ ਮੌਕੇ ਬਲਜੀਤ ਸਿੰਘ




ਦਾਦੂਵਾਲ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਆਜ਼ਾਦੀ ਦਿਹਾੜੇ 'ਤੇ 45 ਕੈਦੀਆਂ ਨੂੰ ਰਿਹਾਅ ਕਰਨ ਦੀ ਗੱਲ ਕਹੀ ਜਾ ਰਹੀ ਹੈ, ਪਰ ਜਿਹੜੇ ਸਿੱਖ ਕੈਦੀ ਆਪਣੀਆਂ ਸਜ਼ਾਵਾਂ ਭੁਗਤ ਚੁੱਕੇ ਹਨ, ਉਨ੍ਹਾਂ ਨੂੰ ਰਿਹਾਅ ਕਰਨ ਤੋਂ ਪੱਲਾ ਝਾੜਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ 15 ਅਗਸਤ ਨੂੰ ਆਜ਼ਾਦੀ ਦਿਹਾੜਾ ਕਾਲੇ ਦਿਨ ਵਜੋਂ ਮਨਾਇਆ ਜਾਵੇਗਾ ਤੇ ਜ਼ਬਰਦਸਤ ਰੋਸ ਮਾਰਚ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਜਿਵੇਂ ਪੰਜਾਬ ਦੇ ਕਿਸਾਨਾਂ ਨੇ ਖੇਤੀ ਕਾਨੂੰਨ ਵਾਪਸ ਕਰਵਾ ਕੇ ਦਿੱਲੀ ਮੋਰਚਾ ਫ਼ਤਿਹ ਕੀਤਾ ਸੀ, ਉਸੇ ਤਰ੍ਹਾਂ ਹੀ ਇਹ ਮੋਰਚਾ ਵੀ ਫ਼ਤਹਿ ਕੀਤਾ ਜਾਵੇਗਾ।

# ਰਾਜਜੀਤ ਅਤੇ ਇੰਦਰਜੀਤ ਦੇ ਹੋਰ ਪੁਲਿਸ ਅਫ਼ਸਰਾਂ ਨਾਲ ਸਬੰਧਾਂ ਦੀ ਜਾਂਚ ਹੋਵੇਗੀ

## ਅਪਰਾਧਿਕ ਗੱਠਜੋੜ ਸਬੰਧੀ ਕਾਰਵਾਈ ਦਾ ਅਮਲ ਐਸਟੀਐਫ ਦੀ 'ਸਿਟ' 'ਤੇ ਛੱਡਿਆ

ਚੰਡੀਗੜ੍ਹ : ਪੰਜਾਬ ਪੁਲਿਸ ਦੇ ਬਰਖਾਸਤ ਏਆਈਜੀ ਰਾਜਜੀਤ ਸਿੰਘ ਅਤੇ ਬਰਖਾਸਤ ਇੰਸਪੈਕਟਰ ਇੰਦਰਜੀਤ ਸਿੰਘ ਦੇ ਮਾਮਲੇ 'ਤੇ ਪੰਜਾਬ ਪੁਲੀਸ ਵੱਲੋਂ ਸੀਨੀਅਰ ਪੁਲੀਸ ਅਧਿਕਾਰੀਆਂ ਦੀ ਭੂਮਿਕਾ ਦੀ ਜਾਂਚ ਦਾ ਕੰਮ ਵਿਸ਼ੇਸ਼ ਟਾਸਕ ਫੋਰਸ ਦੀ ਐੱਸਆਈਟੀ 'ਤੇ ਛੱਡ ਦਿੱਤਾ ਹੈ। ਪੁਲੀਸ ਸੂਤਰਾਂ ਮੁਤਾਬਕ ਪੁਲੀਸ ਗ੍ਰਹਿ ਵਿਭਾਗ ਨੂੰ ਭੇਜੀ ਗਈ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਇੰਸਪੈਕਟਰ (ਬਰਖਾਸਤ) ਇੰਦਰਜੀਤ ਸਿੰਘ ਦੀ ਤਰੱਕੀ ਜਾਂ ਤਾਇ ?ਨਾਤੀ ਲਈ ਕਿਸੇ ਵੀ ਪੁਲੀਸ ਅਧਿਕਾਰੀ (ਸਿਵਾਏ ਰਾਜਜੀਤ ਸਿੰਘ) ਵੱਲੋਂ ਸਿਫ਼ਾਰਿਸ਼ ਨਹੀਂ ਕੀਤੀ ਗਈ। ਇੱਕ ਸੀਨੀਅਰ ਪੁਲੀਸ ਅਧਿਕਾਰੀ ਨੇ ਇਸ ਦੀ ਪੁਸ਼ਟੀ ਕਰਦਿਆਂ ਦੱਸਿਆ ਕਿ ਇੰਸਪੈਕਟਰ (ਬਰਖਾਸਤ) ਇੰਦਰਜੀਤ ਸਿੰਘ ਨੂੰ ਤਰੱਕੀ ਸਾਬਕਾ ਡੀਜੀਪੀ ਸੁਮੇਧ ਸਿੰਘ ਸੈਣੀ ਨੇ ਹੀ ਦਿੱਤੀ ਸੀ ਅਤੇ ਇਸ ਸਬੰਧੀ ਰਿਪੋਰਟ ਗ੍ਰਹਿ ਵਿਭਾਗ ਨੂੰ ਪਹਿਲਾਂ ਹੀ ਭੇਜੀ ਜਾ ਚੁੱਕੀ ਹੈ। ਪੁਲੀਸ ਵਿਭਾਗ ਦੇ ਰਿਕਾਰਡ ਵਿੱਚ ਅਜਿਹਾ ਕੋਈ ਦਸਤਾਵੇਜ਼ ਉਪਲੱਬਧ ਨਹੀਂ ਹੈ ਜਿਸ ਤੋਂ ਇੰਦਰਜੀਤ ਸਿੰਘ ਦੀ ਪੁਸ਼ਤ ਪਨਾਹੀ ਕਰਨ, ਤਰੱਕੀ ਦੇਣ ਜਾਂ ਹੋਰ ਲਾਭ ਦੇਣ ਦਾ ਮਾਮਲਾ ਸਾਹਮਣੇ ਆਉਂਦਾ ਹੋਵੇ। ਇਸ ਸੀਨੀਅਰ ਪੁਲੀਸ ਅਧਿਕਾਰੀ ਨੇ ਕਿਹਾ ਕਿ ਜੇਕਰ ਵਿਭਾਗੀ ਜਾਂਚ ਦੇ ਮਾਮਲੇ ਵਿੱਚ ਜ਼ਿਲ੍ਹਾ ਪੱਧਰ ਦੇ ਅਫ਼ਸਰ ਨੇ ਕੋਈ ਕਾਰਵਾਈ ਕੀਤੀ ਹੈ ਤਾਂ ਇਸ ਦਾ ਰਿਕਾਰਡ ਜ਼ਿਲ੍ਹਾ ਪੱਧਰ ਤੋਂ ਹੀ ਮਿਲ ਸਕਦਾ ਹੈ। ਇਕ ਤਰ੍ਹਾਂ ਨਾਲ ਪੰਜਾਬ ਪੁਲੀਸ ਵੱਲੋਂ ਉਨ੍ਹਾਂ ਸਾਰੇ ਪੁਲੀਸ ਅਧਿਕਾਰੀਆਂ ਨੂੰ ਕਲੀਨ ਚਿੱਟ ਦੇ ਦਿੱਤੀ ਗਈ ਹੈ ਜਿਨ੍ਹਾਂ ਅਧਿਕਾਰੀਆਂ ਦੇ ਸਮੇਂ ਇੰਦਰਜੀਤ ਸਿੰਘ ਦੀ ਤਾਇਨਾਤੀ ਸਬੰਧਤ ਜ਼ਿਲ੍ਹਿਆਂ ਵਿੱਚ ਰਹੀ ਹੈ। ਪੰਜਾਬ ਪੁਲੀਸ ਦੇ ਇਸ ਸੀਨੀਅਰ ਅਧਿਕਾਰੀ ਨੇ ਕਿਹਾ ਕਿ ਐੱਸਟੀਐੱਫ ਦੇ ਵਧੀਕ ਡੀਜੀਪੀ ਦੀ ਅਗਵਾਈ ਹੇਠ ਐੱਸਆਈਟੀ ਦਾ ਗਠਨ ਕੀਤਾ ਗਿਆ ਹੈ। ਇਸ ਲਈ ਜੇਕਰ ਰਾਜਜੀਤ ਸਿੰਘ ਅਤੇ ਇੰਦਰਜੀਤ ਸਿੰਘ ਦੇ ਮਾਮਲੇ ਵਿੱਚ ਕਿਸੇ ਆਈਪੀਐੱਸ ਜਾਂ ਪੀਪੀਐੱਸ ਅਧਿਕਾਰੀ ਦੀ ਅਪਰਾਧਿਕ ਭੂਮਿਕਾ ਸਾਹਮਣੇ ਆਉਂਦੀ ਹੈ ਤਾਂ ਐੱਸਆਈਟੀ ਕਾਨੂੰਨ ਮੁਤਾਬਕ ਕਾਰਵਾਈ ਅਮਲ ਵਿੱਚ ਲਿਆ ਸਕਦੀ ਹੈ। ਰਾਜਜੀਤ ਸਿੰਘ ਦਾ ਪੁਲੀਸ ਦੇ ਕਾਬੂ ਨਾ ਆਉਣਾ ਇੱਕ ਰਹੱਸ ਬਣਿਆ ਹੋਇਆ ਹੈ ਜੋ 5 ਮਹੀਨਿਆਂ ਤੋਂ ਰੂਪੋਸ਼ ਚੱਲ ਰਿਹਾ ਹੈ। ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਡੀਜੀਪੀ (ਸੇਵਾਮੁਕਤ) ਸਿਧਾਰਥ ਚਟੋਪਾਧਿਆਏ 'ਤੇ ਆਧਾਰਿਤ ਸਿਟ ਵੱਲੋਂ ਤਿਆਰ ਰਿਪੋਰਟਾਂ ਸਰਕਾਰ ਨੂੰ ਸੌਂਪੇ ਜਾਣ ਤੋਂ ਬਾਅਦ ਪੰਜਾਬ ਸਰਕਾਰ ਨੇ 17 ਅਪਰੈਲ ਨੂੰ




ਏਆਈਜੀ (ਬਰਖਾਸਤ) ਰਾਜਜੀਤ ਸਿੰਘ ਖ਼ ?ਲਾਫ਼ ਕਾਰਵਾਈ ਦੇ ਹੁਕਮ ਦਿੱਤੇ ਸਨ। ਵਿਸ਼ੇਸ਼ ਟਾਸਕ ਫੋਰਸ (ਐੱਸਟੀਐੱਫ) ਵੱਲੋਂ ਰਾਜਜੀਤ ਸਿੰਘ ਵਿਰੁੱਧ ਧਾਰਾ 120 ਬੀ, 218 ਅਤੇ 384 ਸਮੇਤ ਐੱਨਡੀਪੀਐੱਸ ਐਕਟ ਦੀਆਂ ਧਾਰਾਵਾਂ 59 ਅਤੇ 39 ਵੀ ਲਾਈਆਂ ਗਈਆਂ ਹਨ। ਇਨ੍ਹਾਂ ਧਾਰਾਵਾਂ ਤਹਿਤ ਉਸ ਵੱਲੋਂ ਮੁੱਢਲੇ ਤੌਰ 'ਤੇ ਫਿਰੌਤੀ ਲੈਣ ਅਤੇ ਅਪਰਾਧੀਆਂ ਨੂੰ ਸਜ਼ਾ ਤੋਂ ਬਚਾਉਣ ਵਿੱਚ ਸਹਿਯੋਗ ਕਰਨ ਦੇ ਦੋਸ਼ ਹਨ। ਇਸੇ ਤਰ੍ਹਾਂ ਐੱਨਡੀਪੀਐੱਸ ਐਕਟ ਦੀ ਧਾਰਾ ਉਦੋਂ ਕਿਸੇ ਪੁਲੀਸ ਅਫ਼ਸਰ 'ਤੇ ਲਾਈ ਜਾਂਦੀ ਹੈ ਜਦੋਂ ਮਿਲੀਭੁਗਤ ਦੇ ਦੋਸ਼ ਲਗਦੇ ਹਨ। ਮਹੱਤਵਪੂਰਨ ਤੱਥ ਇਹ ਹੈ ਕਿ ਮਾਮਲਾ ਦਰਜ ਹੋਣ ਦੇ ਢਾਈ ਮਹੀਨੇ ਬੀਤਣ ਮਗਰੋਂ ਵੀ ਰਾਜਜੀਤ ਸਿੰਘ ਪੁਲੀਸ ਦੇ ਹੱਥ ਨਹੀਂ ਆਇਆ ਹੈ। ਰਾਜਜੀਤ ਸਿੰਘ ਨੂੰ ਐੱਸਟੀਐੱਫ ਦੇ ਤਤਕਾਲੀ ਮੁਖੀ ਹਰਪ੍ਰੀਤ ਸਿੰਘ ਸਿੱਧੂ ਵੱਲੋਂ ਇੰਸਪੈਕਟਰ (ਬਰਖਾਸਤ) ਇੰਦਰਜੀਤ ਸਿੰਘ ਵਿਰੁੱਧ ਨਸ਼ਿਆਂ ਦੀ ਤਸਕਰੀ ਦੇ ਦਰਜ ਮਾਮਲੇ ਵਿੱਚ ਵੀ ਨਾਮਜ਼ਦ ਕੀਤਾ ਗਿਆ ਸੀ। ਇਹ ਬਰਖਾਸਤ ਇੰਸਪੈਕਟਰ ਹੁਣ ਤੱਕ ਜੇਲ੍ਹ ਵਿੱਚ ਹੀ ਬੰਦ ਹੈ।

# ਪਰਮਜੀਤ ਸਿੰਘ ਪੰਮਾ ਨੇ ਵਪਾਰੀਆਂ ਨਾਲ ਕੱਢਿਆ ਤਿਰੰਗਾ ਮਾਰਚ




ਨਵੀਂ ਦਿੱਲੀ : ਰਾਸ਼ਟਰੀ ਅਕਾਲੀ ਦਲ ਦੇ ਕੌਮੀ ਪ੍ਰਧਾਨ ਅਤੇ ਫੇਸਟਾ ਦੇ ਚੇਅਰਮੈਨ ਪਰਮਜੀਤ ਸਿੰਘ ਪੰਮਾ ਨੇ ਸ਼ਨੀਵਾਰ ਨੂੰ ਨਵੀਂ ਦਿੱਲੀ ਵਿੱਚ ਸੁਤੰਤਰਤਾ ਦਿਵਸ ਤੋਂ ਪਹਿਲਾਂ ਵਪਾਰੀਆਂ ਨਾਲ ਤਿਰੰਗਾ ਮਾਰਚ ਕੱਢਿਆ।

# ਪੰਜਾਬ ’ਚ ਮਹਿਲਾਵਾਂ ਲਈ ਖੁੱਲ੍ਹਿਆ ‘ਪਹਿਲਾ’ ਸ਼ਰਾਬ ਦਾ ਠੇਕਾ




ਜਲੰਧਰ ’ਚ ਪੰਜਾਬ ਦਾ ਪਹਿਲਾ Women Friendly ਸ਼ਰਾਬ ਦਾ ਠੇਕਾ ਖੁੱਲ੍ਹਿਆ ਹੈ ਜਿਸ ਦੀਆਂ ਤਸਵੀਰਾਂ ਸੋਸ਼ਲ ਮੀਡੀਆ ਉਤੇ ਵਾਇਰਲ ਹੈ। ‘ਲਿਕਰ ਸਟੂਡੀਓ’ ਨਾਮ ਦਾ ਇਹ ਸ਼ਰਾਬ ਦਾ ਠੇਕਾ ਔਰਤਾਂ ਨੂੰ ਧਿਆਨ ’ਚ ਰੱਖਕੇ ਬਣਾਉਣ ਦਾ ਦਾਅਵਾ ਕੀਤਾ ਗਿਆ ਹੈ।

ਇਸ ਨੂੰ ਲੈਕੇ ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਔਰਤਾਂ ਲਈ ਸ਼ਰਾਬ ਦੇ ਠੇਕੇ ਖੋਲ੍ਹਣ ਨੂੰ ਸ਼ਰਮਨਾਕ ਦੱਸਿਆ ਹੈ। ਉਨ੍ਹਾਂ ਕਿਹਾ ਕਿ ਪੰਜਾਬ ਨੂੰ ਤਿੰਨ ਮਹੀਨਿਆਂ ਵਿੱਚ ਨਸ਼ਾ ਮੁਕਤ ਕਰਨ ਵਾਲਿਆਂ ਨੇ ਹੁਣ ਔਰਤਾਂ ਨੂੰ ਵੀ ਸ਼ਰਾਬ ਦਾ ਆਦੀ ਬਣਾਉਣ ਦੀ ਤਿਆਰੀ ਕਰ ਲਈ ਹੈ। ਨਸ਼ਾ ਪੰਜਾਬ ਦੀਆਂ ਕਈ ਪੀੜ੍ਹੀਆਂ ਨੂੰ ਨਿਗਲ ਚੁੱਕਾ ਹੈ। ਰਾਜਾ ਵੈੜਿੰਗ ਨੇ ਪੁੱਛਿਆ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਹੁਣ ਔਰਤਾਂ ਲਈ ਸ਼ਰਾਬ ਦੇ ਠੇਕੇ ਖੋਲ੍ਹ ਕੇ ਕੀ ਕਰਨਾ ਚਾਹੁੰਦੇ ਹਨ।

# ‘ਔਰਤਾਂ ਪੱਖੀ’ ਸ਼ਰਾਬ ਸਟੂਡੀਓ ਖੁੱਲ੍ਹਣ ’ਤੇ ਰੋਸ ਜ਼ਾਹਰ

ਜਲੰਧਰ : ਇੱਥੋਂ ਦੇ ਕਿਸ਼ਨਪੁਰਾ ਚੌਕ ਨੇੜੇ ‘ਔਰਤ ਪੱਖੀ’ ਸ਼ਰਾਬ ਸਟੂਡੀਓ ਦੇ ਖੁੱਲ੍ਹਣ ਨਾਲ ਇਲਾਕਾ ਵਾਸੀਆਂ ਅਤੇ ਵੱਖ-ਵੱਖ ਸਿਆਸੀ ਪਾਰਟੀਆਂ ਦੇ ਆਗੂਆਂ ਵਿੱਚ ਭਾਰੀ ਰੋਸ ਹੈ ਜਦਕਿ ਮੱਧ ਪ੍ਰਦੇਸ਼ ਅਤੇ ਗੁਰੂਗ੍ਰਾਮ ਵਿੱਚ ‘ਔਰਤਾਂ ਦੇ ਅਨੁਕੂਲ’ ਸ਼ਰਾਬ ਸਟੂਡੀਓ ਦਾ ਸੰਕਲਪ ਪਹਿਲਾਂ ਹੀ ਮੌਜੂਦ ਹੈ ਤੇ ਅਜਿਹਾ ਹੀ ਸਟੋਰ ਪੰਜਾਬ ਵਿੱਚ ਪਹਿਲੀ ਵਾਰ ਖੁੱਲ੍ਹਿਆ ਹੈ। ਜਿਵੇਂ ਹੀ ਨੇਤਾਵਾਂ ਅਤੇ ਕਾਰਕੁਨਾਂ ਨੇ ਇਸ ਮੁੱਦੇ ’ਤੇ ਸੱਤਾਧਾਰੀ ‘ਆਪ’ ਸਰਕਾਰ ਨੂੰ ਨਿਸ਼ਾਨਾ ਬਣਾਉਂਦਿਆਂ ਸੋਸ਼ਲ ਮੀਡੀਆ ’ਤੇ ਪਾਇਆ ਤਾਂ ਐਕਸਾਈਜ਼ ਅਧਿਕਾਰੀਆਂ ਨੇ ਸਟੋਰ ਬੰਦ ਕਰਵਾ ਦਿੱਤਾ। ਇੱਥੋਂ ਤੱਕ ਕਿ ਹੋਰਡਿੰਗ ਦੇ ਉੱਪਰੋਂ ‘ਔਰਤਾਂ ਦੇ ਅਨੁਕੂਲ ਸ਼ਰਾਬ ਸਟੂਡੀਓ’ ਦੀ ਟੈਗਲਾਈਨ ਵੀ ਹਟਾ ਦਿੱਤੀ ਗਈ। ਭਾਜਪਾ ਦੀ ਪੰਜਾਬ ਇਕਾਈ ਦੇ ਮੀਡੀਆ ਇੰਚਾਰਜ ਜਨਾਰਦਨ ਸ਼ਰਮਾ ਨੇ ਕਿਹਾ ਕਿ ਇਸ ਤਰ੍ਹਾਂ ਦੀ ਟੈਗਲਾਈਨ ਨਾਲ ਦੁਕਾਨ ਖੋਲ੍ਹਣ ਨਾਲ ਗਲਤ ਸੰਦੇਸ਼ ਗਿਆ ਹੈ। ਇਹ ਸਰਕਾਰ ਪੰਜਾਬ ਦੇ ਪਰਿਵਾਰਾਂ ਨੂੰ ਬਰਬਾਦ ਕਰਨ ’ਤੇ ਤੁਲੀ ਹੋਈ ਜਾਪਦੀ ਹੈ। ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਵੀ ਅੱਜ ਟਵੀਟ ਕੀਤਾ ‘ਆਪ’ ਦੀ ਸਰਕਾਰ ਆਪਣੇ ਸ਼ਾਸਨ ਦੇ ਪਹਿਲੇ ਤਿੰਨ ਮਹੀਨਿਆਂ ਵਿੱਚ ਹੀ ਪੰਜਾਬ ਵਿੱਚੋਂ ਨਸ਼ਿਆਂ ਨੂੰ ਖਤਮ ਕਰਨ ਦੇ ਪੱਕੇ ਪੈਰੀਂ ਆ ਗਈ ਹੈ। ਇਹ ਦੁਕਾਨ ਮਹਿਲਾ ਕਾਲਜ ਦੇ ਨੇੜੇ ਖੁੱਲ੍ਹੀ ਹੈ। ਕੰਨਿਆ ਮਹਾਂ ਵਿਦਿਆਲਿਆ (ਕੇ.ਐਮ.ਵੀ.) ਦੀ ਪ੍ਰਿੰਸੀਪਲ ਡਾ. ਅਤਿਮਾ ਸ਼ਰਮਾ ਦਿਵੇਦੀ ਨੇ ਕਿਹਾ ਕਿ ਉਹ ਸ਼ਰਾਬ ਦੀ ਦੁਕਾਨ ਖੋਲ੍ਹਣ ਦੀ ਨਿੰਦਾ ਕਰਦੇ ਹਨ ਜੋ ਸਾਡੇ ਆਸ-ਪਾਸ ਔਰਤਾਂ ਦੀ ਭੀੜ ਨੂੰ ਉਤਸ਼ਾਹਿਤ ਕਰਦੀ ਹੈ। ਅਜਿਹੀ ਧਾਰਨਾ ਕਿਸੇ ਵੀ ਹਾਲਤ ਵਿੱਚ ਉਸਾਰੂ ਉਦੇਸ਼ ਲਈ ਨਹੀਂ ਹੋ ਸਕਦੀ। ਏ.ਈ.ਟੀ.ਸੀ.-1 ਹਨੂਵੰਤ ਸਿੰਘ ਨੇ ਦੱਸਿਆ ਕਿ ਸਾਰੇ ਲਾਇਸੈਂਸਧਾਰਕਾਂ ਨੂੰ ਹਰੇਕ ਜ਼ੋਨ ਵਿੱਚ ਦੋ ਮਾਡਲ ਸ਼ਰਾਬ ਦੇ ਸਟੋਰ ਸਥਾਪਤ ਕਰਨ ਦੀ ਇਜਾਜ਼ਤ ਦਿੱਤੀ ਗਈ ਹੈ। ਸ਼ਹਿਰ ਵਾਸੀਆਂ ਨੇ ਉਕਤ ਸ਼ਬਦਾਂ ’ਤੇ ਇਤਰਾਜ਼ ਜਤਾਇਆ, ਜਿਸ ਕਾਰਨ ਸ਼ਹਿਰ ਵਾਸੀਆਂ ਦੀ ਮੰਗ ’ਤੇ ਹੋਰਡਿੰਗ ਦੁਕਾਨ ਤੋਂ ਹਟਾ ਦਿੱਤਾ ਗਿਆ ਹੈ।



ਦਿੱਲੀ ਦੇ ਪੁਰਾਣੇ ਕੁਆਰਟਰਾਂ ਵਿੱਚ 77ਵੇਂ ਸੁਤੰਤਰਤਾ ਦਿਵਸ ਦੇ ਜਸ਼ਨ ਤੋਂ ਪਹਿਲਾਂ ਇੱਕ ਬਾਜ਼ਾਰ ਵਿੱਚ ਲੋਕ ਪਤੰਗਾਂ ਖਰੀਦਦੇ ਹਨ।

# ਪੰਜਾਬ ’ਚ ਮੁੜ ਹੜ੍ਹ ਆਉਣ ਦਾ ਖ਼ਤਰਾ



ਚੰਡੀਗੜ੍ਹ : ਪੰਜਾਬ ’ਤੇ ਇੱਕ ਮਹੀਨੇ ਅੰਦਰ ਦੂਸਰੀ ਵਾਰ ਹੜ੍ਹਾਂ ਦਾ ਖ਼ਤਰਾ ਮੰਡਰਾਉਣ ਲੱਗਾ ਹੈ। ਹਿਮਾਚਲ ਪ੍ਰਦੇਸ਼ ’ਚ ਦੋ ਦਿਨ ਪਏ ਮੀਂਹ ਕਾਰਨ ਡੈਮਾਂ ਵਿੱਚ ਪਾਣੀ ਵਧਣ ਲੱਗਾ ਹੈ ਅਤੇ ਭਾਖੜਾ ਤੇ ਪੌਂਗ ਡੈਮ ਵਿਚ ਪਾਣੀ ਦਾ ਪੱਧਰ ਖ਼ਤਰੇ ਦੇ ਨਿਸ਼ਾਨ ਨੇੜੇ ਪਹੁੰਚ ਗਿਆ ਹੈ। ਕਰੀਬ ਚਾਰ ਸਾਲ ਮਗਰੋਂ ਪਹਿਲੀ ਵਾਰ ਅੱਜ ਭਾਖੜਾ ਡੈਮ ਦੇ ਚਾਰ ਫਲੱਡ ਗੇਟ ਖੋਲ੍ਹਣੇ ਪਏ ਹਨ। ਭਾਖੜਾ ਬਿਆਸ ਮੈਨੇਜਮੈਂਟ ਬੋਰਡ ਦੇ ਫ਼ੈਸਲੇ ਮਗਰੋਂ ਪੰਜਾਬ ਸਰਕਾਰ ਨੇ ਸਿਰਫ਼ ਅੱਠ ਹਜ਼ਾਰ ਕਿਊਸਿਕ ਪਾਣੀ ਛੱਡਣ ਲਈ ਕਿਹਾ ਹੈ। ਸ਼ਿਮਲਾ ਤੋਂ ਹੇਠਲੇ ਪਾਸੇ ਦੋ ਦਿਨਾਂ ਅੰਦਰ ਕਰੀਬ 100 ਐੱਮਐੱਮ ਮੀਂਹ ਪਿਆ ਹੈ। ਪੰਜਾਬ ਵਿਚ ਕਿਧਰੇ ਬਹੁਤੀ ਬਾਰਸ਼ ਨਹੀਂ ਹੋਈ ਪਰ ਡੈਮਾਂ ਵਿਚ ਪਾਣੀ ਭਰਨ ਕਰਕੇ ਸੂਬੇ ’ਤੇ ਖ਼ਤਰਾ ਮੰਡਰਾਉਣ ਲੱਗਾ ਹੈ। ਭਾਖੜਾ ਡੈਮ ’ਚ ਦੁਪਹਿਰ ਤੱਕ ਪਾਣੀ ਦਾ ਪੱਧਰ 1673 ਫੁੱਟ ਪਹੁੰਚ ਗਿਆ ਜੋ ਖ਼ਤਰੇ ਦੇ ਨਿਸ਼ਾਨ ’ਤੇ 7 ਫੁੱਟ ਹੀ ਹੇਠਾਂ ਹੈ।

ਮਿਲੇ ਵੇਰਵਿਆਂ ਅਨੁਸਾਰ ਭਾਖੜਾ ਡੈਮ ’ਚੋਂ 50 ਹਜ਼ਾਰ ਕਿਊਸਿਕ ਪਾਣੀ ਚੱਲ ਰਿਹਾ ਹੈ। ਪਿਛਲੇ ਦਿਨਾਂ ਵਿਚ ਜਦੋਂ ਪੰਜਾਬ ’ਚ ਹੜ੍ਹ ਆਏ ਸਨ, ਉਦੋਂ ਵੀ ਭਾਖੜਾ ਡੈਮ ਦੇ ਫਲੱਡ ਗੇਟ ਖੋਲ੍ਹੇ ਨਹੀਂ ਗਏ ਸਨ ਪਰ ਅੱਜ ਇਹ ਗੇਟ ਖੋਲ੍ਹਣੇ ਪਏ ਹਨ। ਇਸੇ ਤਰ੍ਹਾਂ ਪੌਂਗ ਡੈਮ ’ਚ ਵੀ ਪਾਣੀ ਦਾ ਪੱਧਰ 1383 ਫੁੱਟ ’ਤੇ ਪੁੱਜ ਗਿਆ ਹੈ ਜੋ ਖ਼ਤਰੇ ਦੇ ਨਿਸ਼ਾਨ ਤੋਂ ਸੱਤ ਫੁੱਟ ਹੇਠਾਂ ਹੈ। ਪੌਂਗ ਡੈਮ ਚੋਂ 17 ਹਜ਼ਾਰ ਕਿਊਸਿਕ ਪਾਣੀ ਚੱਲ ਰਿਹਾ ਹੈ। ਅੱਜ ਦੁਪਹਿਰ ਵੇਲੇ 2.35 ਲੱਖ ਕਿਊਸਿਕ ਪਾਣੀ ਡੈਮ ਵਿਚ ਹੋਰ ਆ ਗਿਆ ਹੈ। ਹਾਲਾਤ ਇਹੋ ਰਹੇ ਤਾਂ ਪੌਂਗ ਡੈਮ ’ਚੋਂ ਵੀ ਪਾਣੀ ਛੱਡਣਾ ਪੈ ਸਕਦਾ ਹੈ। ਇਹ ਪਾਣੀ ਹਰੀਕੇ ਵੱਲ ਵਹਿਣ ਵਾਲੇ ਬਿਆਸ ਤੇ ਸਤਲੁਜ ਦਰਿਆ ’ਚ ਛੱਡਿਆ ਜਾਵੇਗਾ ਅਤੇ ਇਹ ਫ਼ਿਰੋਜ਼ਪੁਰ ਤੇ ਫ਼ਾਜ਼ਿਲਕਾ ਜ਼ਿਲ੍ਹੇ ਵਾਸਤੇ ਇਹ ਚੰਗੇ ਸੰਕੇਤ ਨਹੀਂ ਹਨ। ਰਣਜੀਤ ਸਾਗਰ ਡੈਮ ਵਿਚ ਵੀ ਪਾਣੀ ਦਾ ਪੱਧਰ ਇਸ ਵੇਲੇ 522.33 ਫੁੱਟ ਹੈ। ਮੌਸਮ ਵਿਭਾਗ ਅਨੁਸਾਰ ਪੰਜਾਬ ਵਿਚ ਕਰੀਬ 62 ਫ਼ੀਸਦੀ ਘੱਟ ਬਾਰਸ਼ ਘੱਟ ਦਰਜ ਕੀਤੀ ਗਈ ਹੈ ਤੇ ਅਗਸਤ ਮਹੀਨੇ ਵਿਚ 29.90 ਐਮਐਮ ਮੀਂਹ ਪਿਆ ਹੈ।

## ਸਥਿਤੀ ’ਤੇ ਭਗਵੰਤ ਮਾਨ ਦੀ ਨਜ਼ਰ



ਮੁੱਖ ਮੰਤਰੀ ਭਗਵੰਤ ਮਾਨ ਨੇ ਸੂਬੇ ’ਚ ਬਣ ਰਹੀ ਸਥਿਤੀ ’ਤੇ ਨਜ਼ਰ ਰੱਖੀ ਹੋਈ ਹੈ ਅਤੇ ਜਲ ਸਰੋਤ ਵਿਭਾਗ ਵੱਲੋਂ ਮੁੱਖ ਮੰਤਰੀ ਨੂੰ ਡੈਮਾਂ ਦੀ ਸਥਿਤੀ ਤੋਂ ਜਾਣੂ ਕਰਾਇਆ ਜਾ ਰਿਹਾ ਹੈ। ਪੰਜਾਬ ਵਿਚ ਘੱਗਰ ਤੇ ਸਤਲੁਜ ਦੀ ਮਾਰ ਕਰਕੇ ਹੋਏ ਨੁਕਸਾਨ ਦਾ ਜਾਇਜ਼ਾ ਕੇਂਦਰੀ ਟੀਮਾਂ ਨੇ ਲਿਆ ਹੈ। ਪੰਜਾਬ ਸਰਕਾਰ ਲਈ ਇਹ ਹੜ੍ਹ ਵਿੱਤੀ ਤੌਰ ’ਤੇ ਨੁਕਸਾਨ ਪਹੁੰਚਾਉਣ ਵਾਲੇ ਹਨ ਅਤੇ ਇਸੇ ਕਰਕੇ ਸੂਬਾ ਸਰਕਾਰ ਨੇ ਕੇਂਦਰ ਸਰਕਾਰ ਤੋਂ ਆਫ਼ਤ ਰਾਹਤ ਫ਼ੰਡਾਂ ਦੇ ਨਿਯਮਾਂ ਵਿਚ ਢਿੱਲ ਦੀ ਮੰਗ ਕੀਤੀ ਹੈ।

# ਗੁਰੂ ਨਾਨਕ ਸਕੂਲ ਵਿੱਚ ਸੱਭਿਆਚਾਰਕ ਸਮਾਗਮ ਕਰਵਾਇਆ



ਨਵੀਂ ਦਿੱਲੀ : ਗੁਰੂ ਨਾਨਕ ਪਬਲਿਕ ਸਕੂਲ ਰਾਜੌਰੀ ਗਾਰਡਨ ’ਚ ਇੱਕ ਸੱਭਿਆਚਾਰਕ ਸਮਾਗਮ ਕਰਵਾਇਆ ਗਿਆ, ਜਿਸ ਵਿੱਚ ਦਿੱਲੀ ਘੱਟ ਗਿਣਤੀ ਕਮਿਸ਼ਨ ਦੇ ਮੈਂਬਰ ਅਜੀਤਪਾਲ ਸਿੰਘ ਬਿੰਦਰਾ ਮੁੱਖ ਮਹਿਮਾਨ ਵਜੋਂ ਪੁੱਜੇ। ਸ੍ਰੀ ਬਿੰਦਰਾ ਨੇ ਬੱਚਿਆਂ ਨੂੰ ਆਜ਼ਾਦੀ ਦਿਵਸ ਦੀ ਵਧਾਈ ਦਿੱਤੀ। ਇਸ ਮੌਕੇ ਗੁਰਦੁਆਰਾ ਰਾਜੌਰੀ ਗਾਰਡਨ ਦੇ ਪ੍ਰਧਾਨ ਹਰਮਨਜੀਤ ਸਿੰਘ, ਜਨਰਲ ਸਕੱਤਰ ਮਨਜੀਤ ਸਿੰਘ ਖੰਨਾ, ਸਕੂਲ ਪ੍ਰਬੰਧਕ ਜਗਜੀਤ ਸਿੰਘ, ਪ੍ਰਿੰਸੀਪਲ ਡਾ: ਹਰਲੀਨ ਕੌਰ ਸਮੇਤ ਅਜੀਤਪਾਲ ਬਿੰਦਰਾ ਨੇ ਤਿਰੰਗਾ ਲਹਿਰਾਇਆ, ਬੱਚਿਆਂ ਵੱਲੋਂ ਕੱਢੇ ਗਏ ਫਲੈਗ ਮਾਰਚ ਨੂੰ ਸਲਾਮੀ ਦਿੱਤੀ। ਵਧੀਆ ਪ੍ਰਦਰਸ਼ਨ ਕਰਨ ਵਾਲੇ ਬੱਚਿਆਂ ਨੂੰ ਮੈਡਲ ਦਿੱਤੇ ਗਏ। ਬੱਚਿਆਂ ਵੱਲੋਂ ਦੇਸ਼ ਭਗਤੀ ਦੇ ਗੀਤ ਗਾਏ ਗਏ। ਬੱਚਿਆਂ ਨੇ ਭੰਗੜਾ ਗਿੱਧੇ ਤੋਂ ਇਲਾਵਾ ਜਿਮਨਾਸਟਿਕ, ਸਕੇਟਿੰਗ ਕੀਤੀ ਅਤੇ ਰਾਸ਼ਟਰੀ ਝੰਡਾ ਲਹਿਰਾਇਆ। ਹਰਮਨਜੀਤ ਸਿੰਘ ਨੇ ਕਿਹਾ ਕਿ ਸਾਨੂੰ ਖੁਸ਼ੀ ਹੈ ਕਿ ਸਾਡੇ ਸਕੂਲ ਦੇ ਬੱਚੇ ਭਾਰਤ ਪੱਧਰ ‘ਤੇ ਜਿਮਨਾਸਟਿਕ ਵਿਚ ਪਹਿਲੇ ਪੰਜ ਸਥਾਨਾਂ ‘ਤੇ ਆਏ ਹਨ ਅਤੇ ਉਮੀਦ ਹੈ ਕਿ ਬੱਚੇ ਅੰਤਰਰਾਸ਼ਟਰੀ ਪੱਧਰ ‘ਤੇ ਮੱਲਾਂ ਮਾਰਨਗੇ੍ਹ ਉਨ੍ਹਾਂ ਦੱਸਿਆ ਕਿ ਸਕੂਲ ਵਿੱਚ ਸਿੱਖਿਆ ਦੇ ਨਾਲ-ਨਾਲ ਬੱਚਿਆਂ ਨੂੰ ਧਾਰਮਿਕ ਗਿਆਨ ਵੀ ਦਿੱਤਾ ਜਾਂਦਾ ਹੈ। ਹਰਬੰਸ ਸਿੰਘ ਭਾਟੀਆ, ਪ੍ਰੀਤ ਪ੍ਰਤਾਪ ਸਿੰਘ, ਹਰਜੀਤ ਸਿੰਘ ਰਾਜਾ ਬਖਸ਼ੀ, ਹਰਨੇਕ ਸਿੰਘ, ਦਿਲਬਾਗ ਸਿੰਘ ਸਮੇਤ ਕਈ ਪਤਵੰਤੇ ਹਾਜ਼ਰ ਸਨ।

# ਸਕੂਲੀ ਵਿਦਿਆਰਥੀ ਨੇ 77ਵੇਂ ਸੁਤੰਤਰਤਾ ਦਿਵਸ ਦੀ ਪੂਰਵ ਸੰਧਿਆ ’ਤੇ ਮਨਾਇਆ



ਦੱਖਣੀ ਦਿਨਾਜਪੁਰ ਵਿਚ ਸੋਮਵਾਰ ਨੂੰ 77ਵੇਂ ਸੁਤੰਤਰਤਾ ਦਿਵਸ ਦੀ ਪੂਰਵ ਸੰਧਿਆ ’ਤੇ ਰਾਸ਼ਟਰੀ ਝੰਡੇ ਨੂੰ ਫੜਦੇ ਹੋਏ ਸਕੂਲੀ ਵਿਦਿਆਰਥੀ ਇਕ ਮੈਦਾਨ ਵਿਚ ਦੌੜਦੇ ਹੋਏ।

# ਮਹਾਰਾਣੀ ਜਿੰਦਾਂ: ਜਿੰਦ ਕੌਰ, ਜੋ ਰਣਜੀਤ ਸਿੰਘ ਤੋਂ ਬਾਅਦ ਪੰਜਾਬ ਲਈ 'ਸ਼ੇਰਨੀ' ਵਾਂਗ ਲੜੀ



ਖੁਸ਼ਹਾਲ ਲਾਲੀ

"ਤੁਸੀਂ ਮੈਨੂੰ ਪਿੰਜਰੇ ਵਿੱਚ ਕੈਦ ਰੱਖਿਆ, ਮੇਰੇ ਆਲ਼ੇ-ਦੁਆਲੇ ਸੰਤਰੀਆਂ ਦਾ ਪਹਿਰਾ ਬਿਠਾਈ ਰੱਖਿਆ, ਤੁਸੀਂ ਸੋਚ ਲਿਆ ਕਿ ਤੁਸੀਂ ਰਾਣੀ ਜਿੰਦਾਂ ਨੂੰ ਕੈਦ ਕਰ ਰੱਖੋਗੇ, ਪਰ ਮੈਂ ਜਾ ਰਹੀ ਹਾਂ, ਮੈਂ ਜਾਦੂਮਈ ਤਰੀਕੇ ਨਾਲ ਤੁਹਾਡੇ ਨੱਕ ਥੱਲਿਓਂ ਜਾ ਰਹੀ ਹਾਂ।"

ਲੇਖਿਕਾ ਚਿਤਰਾ ਬੈਨਰਜੀ ਦਿਵਾਕਰੁਣੀ ਨੇ ਆਪਣੀ ਕਿਤਾਬ "ਦਿ ਲਾਸਟ ਕੁਈਨ" ਵਿੱਚ ਇਸ ਇਬਾਰਤ ਨੂੰ ਮਹਾਰਾਣੀ ਜਿੰਦ ਕੌਰ (ਜਿੰਦਾਂ) ਦੀ ਜੇਲ੍ਹ ਵਾਰਡਨ ਨੂੰ ਲਿਖੀ ਤੰਜ਼ਮਈ ਚਿੱਠੀ ਵਜੋਂ ਦਰਜ ਕੀਤਾ ਹੈ। ਜੋ ਉਨ੍ਹਾਂ ਨੇ ਚੁਨਾਰ ਕਿਲ਼ੇ (ਉੱਤਰ ਪ੍ਰਦੇਸ਼) ਦੀ ਜੇਲ੍ਹ ਵਿੱਚੋਂ ਫਰਾਰ ਹੋਣ ਵੇਲੇ ਲਿਖੀ ਸੀ।

ਜਿੰਦਾਂ ਨੂੰ ਇੱਥੇ ਲਾਹੌਰ ਕਿਲੇ ਵਿੱਚ ਕੈਦੀਆਂ ਵਾਂਗ ਰੱਖਣ ਅਤੇ ਫੇਰ ਸ਼ੇਖ਼ੂਪੁਰਾ ਦੀ ਜੇਲ੍ਹ ਦੀ ਬੰਦੀ ਬਣਾਉਣ ਤੋਂ ਬਾਅਦ ਪੰਜਾਬ ਤੋਂ ਬਾਹਰ ਭੇਜਿਆ ਗਿਆ ਸੀ।

ਜਿੰਦਾਂ, ਮਹਾਰਾਜਾ ਰਣਜੀਤ ਸਿੰਘ ਦੀ ਸਭ ਤੋਂ ਛੋਟੀ ਤੇ ਆਖ਼ਰੀ ਰਾਣੀ ਸਨ। ਭਾਵੇਂ ਰਣਜੀਤ ਸਿੰਘ ਦੀਆਂ ਹੋਰ ਕਈ ਰਾਣੀਆਂ ਸਨ ਪਰ ਮਹਾਰਾਣੀ ਦਾ ਖ਼ ?ਤਾਬ ਜਿੰਦਾਂ ਨੂੰ ਮਿਲਿਆ ਹੋਇਆ ਸੀ।

ਉਨ੍ਹਾਂ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਅੰਗਰੇਜ਼ਾਂ ਦੇ ਸਿੱਖ ਰਾਜ ਨੂੰ ਹਥਿਆਉਣ ਅਤੇ ਪੰਜਾਬ ਨੂੰ ਆਪਣੇ ਅਧੀਨ ਕਰਨ ਦੀਆਂ ਕੋਸ਼ਿਸ਼ਾਂ ਦਾ ਡਟ ਕੇ ਵਿਰੋਧ ਕੀਤਾ ਸੀ।

ਰਾਣੀ ਜਿੰਦਾਂ ਉੱਤੇ ਡਾਕੂਮੈਂਟਰੀ ਫਿਲਮ "ਬਾਗ਼ੀ ਰਾਣੀ" ਬਣਾਉਣ ਵਾਲੇ ਮਸ਼ਹੂਰ ਨਿਰਮਾਤਾ ਮਾਇਕਲ ਸਿੰਘ ਨੇ ਬੀਬੀਸੀ ਨਾਲ ਗੱਲਬਾਤ ਦੌਰਾਨ ਕਿਹਾ ਸੀ, "ਮਹਾਰਾਣੀ ਜਿੰਦਾਂ ਨੇ ਆਪਣੇ ਪੁੱਤਰ ਦਲੀਪ ਸਿੰਘ ਨੂੰ ਨਾ ਸਿਰਫ਼ ਜਿਊਂਦਾ ਰੱਖਿਆ ਸਗੋਂ ਪੰਜਾਬ ਦੀ ਰਾਜਗੱਦੀ ਹਾਸਲ ਕਰਨ ਲਈ ਇੱਕ ਸ਼ੇਰਨੀ ਵਾਂਗ ਲੜਾਈ ਲੜੀ।"

**ਗ਼ਦਰ ਲ਼ਈ ਲਲਕਾਰ**

ਚਿਤਰਾ ਬੈਨਰਜੀ, ਜਿੰਦਾਂ ਦੇ ਪੰਜਾਬ ਅਤੇ ਖਾਲਸਾ ਰਾਜ ਦੀ ਰਾਖੀ ਲਈ ਲੜੀ ਜੰਗ ਪਿਛਲੇ ਜਜ਼ਬੇ ਨੂੰ ਸਮਝਾਉਣ ਲਈ ਇੱਕ ਹੋਰ ਘਟਨਾ ਬਾਰੇ ਲਿਖਦੇ ਹਨ।

ਪਹਿਲੀ ਐਂਗਲੋ ਸਿੱਖ ਜੰਗ ਹਾਰਨ ਮਗਰੋਂ ਲਾਹੌਰ ਵਿੱਚ ਖਾਲਸਾ ਦਰਬਾਰ ਲੱਗਣਾ ਬੰਦ ਹੋ ਗਿਆ ਤਾਂ ਨਿਰਾਸ਼ ਤੇ ਜੰਗ ਦੇ ਝੰਬੇ ਪੰਚਾਂ ਦਾ ਵਫ਼ਦ ਦੀਵਾਨ-ਏ-ਆਮ ਵਿੱਚ ਪਹੁੰਚਿਆ।

ਉਨ੍ਹਾਂ ਕਿਹਾ, "ਅਸੀਂ ਤੁਹਾਡੇ ਲਈ ਆਪਣੀਆਂ ਜਾਨਾਂ ਵਾਰ ਰਹੇ ਹਾਂ। ਅਸੀਂ ਤੁਹਾਨੂੰ ਮਿਲਣਾ ਚਾਹੁੰਦੇ ਹਾਂ।"

ਉਸ ਵੇਲੇ ਰਣਜੀਤ ਸਿੰਘ ਦੇ ਸਭ ਤੋਂ ਛੋਟੇ ਪੁੱਤਰ ਦਲੀਪ ਸਿੰਘ ਗੱਦੀ ਉੱਤੇ ਬੈਠੇ ਸੀ, ਸਿਰਫ਼ 5 ਸਾਲ ਦੇ ਹੋਣ ਕਾਰਨ ਇਸ ਮਾਹੌਲ ਨੂੰ ਦੇਖ ਕੇ ਡਰ ਗਏ, ਪਰ ਮਹਾਰਾਣੀ ਜਿੰਦਾਂ ਨੇ ਉਨ੍ਹਾਂ ਨੂੰ ਸੰਭਾਲਿਆ ਅਤੇ ਪਰਦੇ ਪਿੱਛਿਓਂ, ਆਪਣਾ ਕੱਪੜਾ ਉਲਾਰਦਿਆਂ ਕੜਕ ਕੇ ਕਿਹਾ, "ਮੇਰੇ ਕੱਪੜੇ ਪਾ ਲਓ ਅਤੇ ਆਪਣੇ ਮੈਨੂੰ ਦੇ ਦਿਓ, ਤੁਸੀਂ ਮਹਿਲ ਵਿੱਚ ਰਹੋ ਤੇ ਅਰਾਮ ਕਰੋ, ਤੁਹਾਡੀ ਥਾਂ ਮੈਂ ਜੰਗ ਵਿੱਚ ਜਾਵਾਂਗੀ ਅਤੇ ਸੱਚੇ ਖਾਲਸਾ ਸਿਪਾਹੀ ਦੀ ਤਰ੍ਹਾਂ ਮਰਾਂਗੀ।"

ਮਹਾਰਾਣੀ ਦੀ ਇਸ ਲਲਕਾਰ ਨੇ ਹਾਰੀ ਹੋਈ ਜੰਗ ਤੋਂ ਮਾਯੂਸ ਲੋਕਾਂ ਵਿੱਚ ਮੁੜ ਊਰਜਾ ਭਰ ਦਿੱਤੀ ਅਤੇ ਜਿਹੜੇ ਲੋਕ ਬਾਗ਼ੀ ਸੁਰ ਵਿੱਚ ਸਨ, ਉਨ੍ਹਾਂ ਵਿੱਚੋਂ ਹੀ ਕਿਸੇ ਨੇ ਕਿਹਾ, "ਅਸੀਂ ਲੜਾਂਗੇ, ਮਰਨੋਂ ਕੌਣ ਡਰਦਾ ਹੈ, ਜਦੋਂ ਇਹ ਕੁਰਬਾਨੀ ਹੋਵੇ, ਅਸੀਂ ਆਪਣੇ ਮਹਾਰਾਜੇ ਲਈ, ਆਪਣੇ ਪੰਜਾਬ ਲਈ ਅਤੇ ਆਪਣੀ ਮਾਈ ਲਈ ਜਾਨਾਂ ਵਾਰ ਦਿਆਂਗੇ।"

- ਜਿੰਦ ਕੌਰ ਦਾ ਜਨਮ 1817 ਵਿੱਚ ਸਿਆਲਕੋਟ ਦੇ ਚਾੜ ਪਿੰਡ ਵਿੱਚ ਹੋਇਆ ਸੀ
- ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਪੈਦਾ ਹੋਏ ਹਾਲਾਤ ਦੌਰਾਨ ਮਹਾਰਾਣੀ ਜਿੰਦਾਂ ਨੇ ਪੰਜਾਬ ਦੀ ਅਗਵਾਈ ਕੀਤੀ
- ਜਿੰਦਾਂ ਨੂੰ ਖਾਲਸਾ ਦਰਬਾਰ ਦੇ ਅੰਦਰੋਂ ਅਤੇ ਬਾਹਰੋਂ ਸਾਜ਼ਿਸ਼ਾਂ ਦਾ ਸਾਹਮਣਾ ਕਰਨਾ ਪਿਆ
- ਜਿੰਦਾਂ ਨੇ ਸਿੱਖਾਂ ਨੂੰ ਦੂਜੀ ਐਂਗਲੋ-ਸਿੱਖ ਜੰਗ ਲਈ ਤਿਆਰ ਕੀਤਾ ਸੀ
- ਜਿੰਦਾਂ ਅੰਗਰੇਜ਼ ਹਕੂਮਤ ਤੋਂ ਪੰਜਾਬ ਨੂੰ ਬਚਾਉਣ ਅਤੇ ਅਜ਼ਾਦੀ ਬਹਾਲ ਰੱਖਣ ਲਈ ਸ਼ੇਰਨੀ ਵਾਂਗ ਲੜੇ
- ਉਨ੍ਹਾਂ ਨੂੰ ਕਈ ਜੇਲ੍ਹਾਂ ਵਿੱਚ ਰੱਖਿਆ ਗਿਆ ਅਤੇ ਤਸੀਹੇ ਦਿੱਤੇ ਗਏ ਪਰ ਉਨ੍ਹਾਂ ਹਾਰ ਨਾ ਮੰਨੀ
- ਉਹ ਚੁਨਾਰ ਜੇਲ੍ਹ ਵਿੱਚੋਂ ਫਰਾਰ ਹੋ ਕੇ ਨੇਪਾਲ ਪਹੁੰਚੇ ਅਤੇ ਅੰਗਰੇਜ਼ ਹਕੂਮਤ ਖ਼ ?ਲਾਫ਼ ਜੱਦੋਜ਼ਹਿਦ ਕਰਦੇ ਰਹੇ

**ਜਿੰਦਾਂ: ਅਣਗੌਲੀ ਨਾਇਕਾ**

ਜਿੰਦ ਕੌਰ ਦਾ ਜਨਮ 1817 ਵਿੱਚ ਸਿਆਲਕੋਟ (ਹੁਣ ਪਾਕਿਸਤਾਨ) ਦੇ ਚਾੜ ਪਿੰਡ ਦੇ ਮੰਨਾ ਸਿੰਘ ਔਲਖ਼ ਦੇ ਘਰ ਹੋਇਆ ਸੀ।

ਭਾਰਤ ਸਰਕਾਰ ਦੀ 'ਅਜ਼ਾਦੀ ਦਾ ਅੰਮ੍ਰਿਤ ਮਹਾਉਤਸਵ' ਵੈੱਬਸਾਇਟ ਉੱਤੇ ਜਿੰਦਾਂ ਦਾ ਜ਼ਿਕਰ ਅਣਗੌਲ਼ੇ ਨਾਇਕਾਂ ਵਿੱਚ ਕੀਤਾ ਗਿਆ ਹੈ।

ਇਸ ਵੈੱਬਸਾਈਟ ਉੱਤੇ ਉਪਲੱਬਧ ਜਾਣਕਾਰੀ ਮੁਤਾਬਕ, "ਮਹਾਰਾਣੀ ਜਿੰਦ ਕੌਰ 1843 ਤੋਂ 1846 ਤੱਕ ਸਿੱਖ ਸਾਮਰਾਜ ਦੀ ਆਖ਼ਰੀ ਰਾਣੀ ਸਨ। ਉਹ ਸਿੱਖ ਸਾਮਰਾਜ ਦੇ ਪਹਿਲੇ ਮਹਾਰਾਜਾ ਰਣਜੀਤ ਸਿੰਘ ਦੇ ਸਭ ਤੋਂ ਛੋਟੀ ਪਤਨੀ ਸਨ ਅਤੇ ਆਖ਼ਰੀ ਮਹਾਰਾਜਾ ਦਲੀਪ ਸਿੰਘ ਦੀ ਮਾਂ ਸਨ।"

"ਉਨ੍ਹਾਂ ਸਵੈ ਪ੍ਰਭੁਸੱਤਾ ਤੋਂ ਹੋਰ ਸਿੱਖਾਂ ਵਾਂਗ ਦੋ ਹੀ ਚੀਜ਼ਾਂ ਸਿੱਖੀਆਂ ਸਨ, ਰਾਜ ਕਰਨਾ ਜਾਂ ਬਗ਼ਾਵਤ ਕਰਨਾ।"

ਮਹਾਰਾਣੀ ਜਿੰਦ ਕੌਰ ਨੂੰ ਰਾਣੀ ਜਿੰਦਾਂ ਦੇ ਨਾਂ ਨਾਲ ਜਾਣਿਆ ਜਾਂਦਾ ਸੀ, ਜਿਨ੍ਹਾਂ ਦੀ ਮੁੱਢਲੀ ਪਛਾਣ ਭਾਵੇਂ ਰਣਜੀਤ ਸਿੰਘ ਦੀ ਪਤਨੀ ਹੋਣਾ ਸੀ, ਪਰ ਉਨ੍ਹਾਂ ਦੀ ਆਖ਼ਰੀ ਹਸਤੀ ਸਿੱਖ ਰਾਜ ਦੀ ਪ੍ਰਭੁਸੱਤਾ ਲਈ ਲੜਨ ਅਤੇ 'ਮਾਂ' ਵਜੋਂ ਮਾਨਤਾ ਹਾਸਲ ਕਰਨ ਵਾਲੀ ਸੀ।

ਕਈ ਇਤਿਹਾਸਕਾਰਾਂ ਨੇ ਉਨ੍ਹਾਂ ਨੂੰ ਆਪਣੀਆਂ ਲਿਖਤਾਂ ਵਿੱਚ 'ਰਾਣੀ ਮਾਈ' ਜਾਂ 'ਰਾਣੀ ਮਾਂ' ਵੀ ਲਿਖਿਆ, ਪਰ ਭਾਰਤ ਵਿੱਚ ਬ੍ਰਿਟਿਸ਼ ਹਕੂਮਤ ਨੇ ਉਨ੍ਹਾਂ ਨੂੰ "ਪੰਜਾਬ ਦੀ ਮੇਸਾਲੀਨਾ" ਵਜੋਂ ਪ੍ਰਚਾਰਿਆ। ਭਾਵੇਂ ਕਿ ਭਾਰਤ ਸਰਕਾਰ ਦੀ ਅਧਿਕਾਰਤ ਜਾਣਕਾਰੀ ਵਿੱਚ ਦਾਅਵਾ ਕੀਤਾ ਗਿਆ ਕਿ ਜਿੰਦਾਂ ਦੀ ਰੋਮ ਸਮਾਰਾਜ ਦੀ ਮਹਾਰਾਣੀ ਵੈਲੇਰੀਆ ਮੇਸਾਲੀਨਾ ਨਾਲ ਬਹੁਤੀ ਸਮਾਨਤਾ ਨਹੀਂ ਸੀ।

ਚਿਤਰਾ ਬੈਨਰਜੀ ਵੀ ਆਪਣੀ ਕਿਤਾਬ "ਦਿ ਲਾਸਟ ਕੁਈਨ" ਵਿੱਚ ਜਿੰਦਾਂ ਦੇ ਮੂੰਹੋਂ ਇਹ ਬਿਆਨ ਦਰਜ ਕਰਵਾਉਂਦੇ ਹਨ, "ਬ੍ਰਿਟਿਸ਼ ਮੈਨੂੰ "ਪੰਜਾਬ ਦੀ ਮੇਸਾਲੀਨਾ" ਕਹਿੰਦੇ ਹਨ, ਇਸ ਪਿੱਛੇ ਗ਼ੁਲਾਬ ਸਿੰਘ ਦੀ ਸਾਜ਼ਿਸ਼ ਹੈ।"

ਰੋਮ ਦੇ ਮਹਾਰਾਣੀ ਮੇਸਾਲੀਨਾ ਆਪਣੇ ਸਾਮਰਾਜ ਦੀ ਬਹਾਲੀ ਲ਼ਈ ਸਾਜ਼ਿਸ਼ਾਂ ਕਰਨ ਅਤੇ ਬੇਕਾਬੂ ਜਿਨਸੀ ਭੁੱਖ ਲ਼ਈ ਮਸ਼ਹੂਰ ਸਨ।

ਅੰਮ੍ਰਿਤ ਮਹਾਉਤਸਵ ਵੈੱਬਸਾਇਟ ਉੱਤੇ ਲਿਖਿਆ ਹੈ, "ਬ੍ਰਿਟਿਸ਼ ਨੇ ਜਿੰਦਾਂ ਦੀ ਮੇਸਾਲੀਨਾ ਨਾਲ ਤੁਲਨਾ ਇਸ ਲਈ ਕੀਤੀ ਤਾਂ ਜੋ ਉਹ ਉਨ੍ਹਾਂ ਦੇ ਅਕਸ ਨੂੰ ਵਿਗਾੜ ਸਕਣ ਅਤੇ ਬਦਨਾਮ ਕਰਕੇ ਪੰਜਾਬ 'ਤੇ ਰਾਜ ਕਰ ਸਕਣ।"

**ਜਦੋਂ ਜਿੰਦਾਂ ਨੇ ਪੰਜਾਬ ਦੀ ਅਗਵਾਈ ਕੀਤੀ**

ਪੰਜਾਬ ਵਿੱਚ ਸੁਤੰਤਰਤਾ ਸੰਗਰਾਮ ਦੀਆਂ ਪ੍ਰਮੁੱਖ ਧਾਰਾਵਾਂ ਕਿਤਾਬ ਵਿੱਚ ਪ੍ਰਿਥੀਪਾਲ ਸਿੰਘ ਕਪੂਰ ਲਿਖਦੇ ਹਨ ਕਿ ਜਿੰਦ ਕੌਰ ਦੀ ਵਿਲੱਖਣ ਸੁੰਦਰਤਾ ਅਤੇ ਸਤਿਵਾਦੀ ਸੁਭਾਅ ਕਰਕੇ ਰਣਜੀਤ ਸਿੰਘ ਨੇ ਉਨ੍ਹਾਂ ਨਾਲ ਵਿਆਹ ਕਰਵਾਇਆ ਸੀ।

ਪਰ ਜਦੋਂ ਉਨ੍ਹਾਂ ਨੇ ਰਣਜੀਤ ਸਿੰਘ ਦੇ ਸਭ ਤੋਂ ਛੋਟੇ ਪੁੱਤਰ ਨੂੰ ਜਨਮ ਦਿੱਤਾ, ਉਸ ਤੋਂ 10 ਮਹੀਨੇ ਬਾਅਦ ਹੀ ਮਹਾਰਾਜਾ ਦਾ ਦੇਹਾਂਤ ਹੋ ਗਿਆ। ਜਿਸ ਤੋਂ ਬਾਅਦ ਘਟਨਾਵਾਂ ਬਹੁਤ ਤੇਜ਼ੀ ਨਾਲ ਵਾਪਰੀਆਂ।

ਰਣਜੀਤ ਸਿੰਘ ਦੇ ਵੱਡੇ ਪੁੱਤਰ ਖੜਕ ਸਿੰਘ, ਪੋਤਰੇ ਨੌਨਿਹਾਲ ਸਿੰਘ ਦੀ ਮੌਤ, ਮਹਾਰਾਜਾ ਸ਼ੇਰ ਸਿੰਘ, ਕੰਵਰ ਪ੍ਰਤਾਪ ਸਿੰਘ, ਰਾਜਾ ਧਿਆਨ ਦੇ ਕਤਲਾਂ ਪਿੱਛੋਂ ਰਾਣੀ ਜਿੰਦ ਕੌਰ ਦੇ ਪੰਜ ਸਾਲਾਂ ਦੇ ਪੁੱਤਰ ਦਲੀਪ ਸਿੰਘ ਨੂੰ ਹੀਰਾ ਸਿੰਘ ਨੇ ਸਾਹਮਣੇ ਲਿਆ ਖੜ੍ਹਾ ਕੀਤਾ ਅਤੇ ਜਿੰਦਾਂ ਨੂੰ ਸਰਪ੍ਰਸਤ ਬਣਾ ਦਿੱਤਾ।

ਕਪੂਰ ਲਿਖਦੇ ਹਨ, "ਜਿਵੇਂ ਹੀ ਜਿੰਦਾਂ ਨੇ ਸਰਪ੍ਰਸਤੀ ਸੰਭਾਲੀ, ਉਨ੍ਹਾਂ ਨੂੰ ਰਾਜ ਦੇ ਅੰਦਰੋਂ ਤੇ ਬਾਹਰੋਂ ਸਖ਼ਤ ਵਿਰੋਧ ਝੱਲਣਾ ਪਿਆ।"

ਇੱਕ ਵਿਰੋਧ ਬਰਤਾਨਵੀਂ ਹਕੂਮਤ ਦਾ ਸੀ ਅਤੇ ਦੂਜਾ ਉਨ੍ਹਾਂ ਨਾਲ ਰਲੇ ਹੋਏ ਦਰਬਾਰੀਆਂ ਦਾ ਜੋ ਰਾਣੀ ਖ਼ਿਲਾਫ਼ ਸਾਜਿਸ਼ਾਂ ਰਚ ਰਹੇ ਸਨ।

ਪਰ ਰਾਣੀ ਨੇ ਨਾ ਤਾਂ ਦਲੀਪ ਸਿੰਘ ਦੀ ਨਾਬਾਲਗ਼ੀ ਦੇ ਰਾਜਕਾਲ ਵਿੱਚ ਬਰਤਾਨਵੀਂ ਫੌਜਾਂ ਨੂੰ ਲਾਹੌਰ ਵਿੱਚ ਤੈਨਾਤ ਕਰਨ ਦੀ ਗੱਲ ਪ੍ਰਵਾਨ ਕੀਤੀ ਅਤੇ ਨਾ ਹੀ ਵੈਰੋਵਾਲ ਦੀ ਸੰਧੀ ਦਾ ਖਰੜਾ ਪਰਵਾਨ ਕੀਤਾ ਸੀ।

ਸ਼੍ਰੋਮਣੀ ਕਮੇਟੀ ਵਲੋਂ ਪ੍ਰਕਾਸ਼ਿਤ ਕਿਤਾਬ "ਪ੍ਰਮੁੱਖ ਸਿੱਖ ਸ਼ਖਸੀਅਤਾਂ" ਵਿੱਚ ਜਿੰਦ ਕੌਰ ਬਾਰੇ ਲੇਖ ਵਿੱਚ ਸਿਮਰਨ ਕੌਰ ਲਿਖਦੇ ਹਨ, "ਅੰਗਰੇਜ਼-ਸਿੱਖਾਂ ਦੀ ਪਹਿਲੀ ਜੰਗ ਮਗਰੋਂ 15 ਦਸੰਬਰ 1849 ਈਸਵੀ ਨੂੰ ਲਾਹੌਰ ਵਿੱਚ ਸੰਧੀ ਦੀਆਂ ਸ਼ਰਤਾਂ ਤੈਅ ਕਰਨ ਲਈ ਜਦ ਗੱਲਬਾਤ ਹੋ ਰਹੀ ਸੀ ਤਾਂ ਦੀਵਾਨ ਦੀਨਾ ਨਾਥ ਨੇ ਰਾਇ ਦਿੱਤੀ ਸੀ ਕਿ ਸੰਧੀ ਕਰਨ ਤੋਂ ਪਹਿਲਾਂ ਮਹਾਰਾਣੀ ਜਿੰਦਾਂ ਕੋਲੋਂ ਵੀ ਪੁੱਛ ਲਿਆ ਜਾਵੇ, ਤਾਂ ਫਰੈਡਰਿਕ ਕਿਊਰੀ ਨੇ ਕਿਹਾ ਸੀ, ਗਵਰਨਰ ਜਨਰਲ ਮਹਾਰਾਣੀ ਦੀ ਨਹੀਂ ਸਰਦਾਰਾਂ ਅਤੇ ਸਿੱਖ ਰਾਜ ਦੇ ਥੰਮਾਂ ਦੀ ਰਾਇ ਪੁੱਛਦੇ ਹਨ।"

"ਸਰਦਾਰ ਤਾਂ ਸਰਦਾਰੀਆਂ ਛੱਡਣ ਲਈ ਪਹਿਲਾਂ ਹੀ ਬੈਠੇ ਸਨ ਅਤੇ ਥੰਮ ਢਿੱਗ ਚੁੱਕੇ ਸਨ, ਅਜਿਹੇ ਹਾਲਾਤ ਵਿੱਚ ਇੱਕ ਆਸ ਜਿੰਦਾਂ ਹੀ ਸੀ।"

ਜਿੰਦਾਂ ਨੂੰ ਸੱਤਾ ਤੋਂ ਬਾਹਰ ਕਰਕੇ ਕੈਦ ਕਰਨਾ

ਰਾਜ ਦੇ ਅੰਦਰੋਂ ਤੇ ਬਾਹਰੋਂ ਹੋ ਰਹੀਆਂ ਸਾਜ਼ਿਸ਼ਾਂ ਦਾ ਜਿੰਦਾਂ ਡਟ ਕੇ ਵਿਰੋਧ ਕਰ ਰਹੇ ਸਨ। ਉਨ੍ਹਾਂ ਨੂੰ ਆਮ ਲੋਕਾਂ ਦਾ ਭਰਵਾਂ ਸਮਰਥਨ ਹਾਸਲ ਸੀ।

ਪਰ ਜਦੋਂ ਅੰਗਰੇਜ਼ਾਂ ਨੇ ਤੇਜ ਸਿੰਘ ਨੂੰ ਵਜ਼ੀਰ ਦੀ ਪਦਵੀ ਦੇ ਕੇ ਬਾਲਕ ਮਹਾਰਾਜਾ ਦਲੀਪ ਸਿੰਘ ਤੋਂ ਟਿੱਕਾ ਲਗਾਉਣ ਲਈ ਕਿਹਾ ਗਿਆ ਤਾਂ ਜਿੰਦਾਂ ਦੇ ਦਿਸ਼ਾ ਨਿਰਦੇਸ਼ ਮੁਤਾਬਕ ਮਹਾਰਾਜੇ ਨੇ ਅਜਿਹਾ ਕਰਨ ਤੋਂ ਇਨਕਾਰ ਕਰ ਦਿੱਤਾ।

ਇਸ ਤੋਂ ਬਾਅਦ ਰਾਣੀ ਅਤੇ ਦਲੀਪ ਸਿੰਘ ਨੂੰ ਸ਼ਾਹੀ ਕਿਲੇ ਅੰਦਰ ਹੀ ਕੈਦ ਕਰ ਦਿੱਤਾ ਗਿਆ।

ਪ੍ਰਿਥੀਪਾਲ ਸਿੰਘ ਕਪੂਰ ਲਿਖਦੇ ਹਨ, "ਹੈਨਰੀ ਲਾਰੈਂਸ (ਪੰਜਾਬ ਗਵਰਨਰ) ਅਤੇ ਉਸ ਨਾਲ ਰਲ਼ੇ ਦਰਬਾਰੀਆਂ ਨੇ ਨਵੀਂ ਪ੍ਰਬੰਧਕ ਵਿਵਸਥਾ ਵਿੱਚੋਂ ਰਾਣੀ ਨੂੰ ਬਾਹਰ ਰੱਖਣ ਦੀ ਯੋਜਨਾ ਬਣਾਈ।"

"ਇਸ ਦੌਰਾਨ ਰਾਣੀ ਨੂੰ ਸ਼ਾਹੀ ਕਿਲੇ ਦੇ ਸੁੰਮਨ ਬੁਰਜ ਵਿੱਚ ਕੈਦੀਆਂ ਵਾਂਗ ਰੱਖਿਆ ਗਿਆ।"

ਲੰਬਾ ਸਮਾਂ ਖਾਲਸਾ ਦਰਬਾਰ ਦੇ ਵਿਰੋਧੀ ਰਹੇ ਅਫ਼ਗਾਨੀ ਸ਼ਾਸਕ ਦੋਸਤ ਮੁਹੰਮਦ ਦੇ ਅੰਗਰੇਜ਼ਾਂ ਨੂੰ ਲਿਖੇ ਪੱਤਰ ਦੇ ਹਵਾਲੇ ਨਾਲ ਸਿਮਰਨ ਕੌਰ ਲਿਖਦੇ ਹਨ, "ਮਹਾਰਾਣੀ ਨੂੰ ਇੰਨਾ ਤੰਗ ਕੀਤਾ ਗਿਆ ਸੀ ਕਿ ਪਾਣੀ ਤੱਕ ਨਾ ਦਿੱਤਾ ਗਿਆ, ਤਲਾਸ਼ੀ ਲਈ ਗਈ।"

ਦੋਸਤ ਮੁਹੰਮਦ ਨੇ ਕਿਹਾ ਸੀ, "ਇੰਨਾ ਅਨਿਆ ਨਾ ਕਰੀਂ, ਉਸ ਨੂੰ ਕਿਹੜਾ ਤਸੀਹਾ ਹੈ, ਜੋ ਅੰਗਰੇਜ਼ ਸਰਕਾਰ ਨੇ ਨਹੀਂ ਦਿੱਤਾ।"

**ਬਗ਼ਾਵਤ ਲਈ ਪ੍ਰੇਰਣਾ**

ਮਹਾਰਾਣੀ ਜਿੰਦਾਂ ਲਗਾਤਾਰ ਚਿੱਠੀਆਂ ਲਿਖ ਕੇ ਆਪਣੇ ਉੱਤੇ ਥੋਪੇ ਜਾ ਰਹੇ ਹਾਲਾਤ ਬਾਰੇ ਖਾਲਸਾ ਦਰਬਾਰ ਦੇ ਸਮਰਥਕਾਂ ਅਤੇ ਹਮਦਰਦਾਂ ਨੂੰ ਜਾਣੂ ਕਰਵਾਉਂਦੇ ਰਹੇ।

ਇਸ ਦਾ ਲੋਕਾਂ ਉੱਤੇ ਗਹਿਰਾ ਅਸਰ ਹੁੰਦਾ ਸੀ ਅਤੇ ਇਸੇ ਕਾਰਨ ਅੰਗਰੇਜ਼ਾਂ ਨੇ ਮਹਾਰਾਣੀ ਨੂੰ ਲਾਹੌਰ ਤੋਂ ਬਾਹਰ ਭੇਜ ਦਿੱਤਾ।

ਜਿੰਦਾਂ ਨੂੰ ਦਲੀਪ ਸਿੰਘ ਤੋਂ ਵੱਖ ਕਰਨ ਲਈ ਸ਼ੇਖ਼ੂਪੁਰਾ ਜੇਲ੍ਹ ਵਿੱਚ ਬੰਦ ਕਰ ਦਿੱਤਾ ਗਿਆ, ਉੱਥੇ ਉਨ੍ਹਾਂ ਨਾਲ ਆਮ ਕੈਦੀਆਂ ਵਾਲਾ ਸਲੂਕ ਕੀਤਾ ਜਾ ਰਿਹਾ ਸੀ।

ਪਰ ਉਨ੍ਹਾਂ ਕੋਲ਼ ਇੱਕ ਸਹਾਇਕ ਸੀ ਮਾਹੀ, ਜੋ ਖਾਲਸਾ ਦਰਬਾਰ ਦੇ ਵਫ਼ਾਦਾਰ ਜਾਸੂਸ ਅਵਤਾਰ ਨੇ ਕਿਸੇ ਤਰ੍ਹਾਂ ਜੇਲ੍ਹ ਵਿੱਚ ਨੌਕਰੀ ਦੁਆ ਕੇ ਭੇਜੀ ਸੀ।

ਜਿੰਦਾਂ ਨੇ ਆਪਣੇ ਨਾਲ ਹੋ ਰਹੀਆਂ ਵਧੀਕੀਆਂ ਬਾਰੇ ਚਿੱਠੀਆਂ ਲਿਖ ਕੇ ਜਨਤਕ ਕਰ ਦਿੱਤੀਆਂ। ਜਿਸ ਤੋਂ ਬਾਅਦ ਪੰਜਾਬ ਵਿੱਚ ਅੰਗਰੇਜ਼ਾਂ ਖਿਲਾਫ਼ ਬਗ਼ਾਵਤ ਖੜ੍ਹੀ ਹੋ ਗਈ। ਖਾਲਸਾ ਆਪਣੀ 'ਮਾਈ' ਦੀ ਬੇਇੱਜ਼ਤੀ ਤੋਂ ਰੋਹ ਵਿੱਚ ਆ ਗਿਆ।

ਚਿਤਰਾ ਬੈਨਰਜੀ ਲਿਖਦੇ ਹਨ, "ਮੁਲਤਾਨ ਵਿੱਚ ਮੂਲ ਰਾਜ ਨੂੰ ਬਗ਼ਾਵਤ ਲਈ ਪ੍ਰੇਰਿਆ, ਸ਼ੇਰ ਸਿੰਘ ਅਟਾਰੀ ਵਾਲਾ ਅਤੇ ਉਨ੍ਹਾਂ ਦੇ ਪਿਤਾ ਚਤਰ ਸਿੰਘ ਨੇ ਫੌਜੀ ਲਾਮਬੰਦੀ ਕੀਤੀ ਤੇ ਅੰਗਰੇਜ਼ਾਂ ਉੱਤੇ ਰਾਮ ਨਗਰ ਵਿੱਚ ਧਾਵਾ ਬੋਲਿਆ, ਦੋਸਤ ਮੁਹੰਮਦ ਨੇ ਆਪਣੇ ਪੁੱਤਰ ਦੀ ਅਗਵਾਈ ਵਿੱਚ ਅਫ਼ਗਾਨੀ ਘੋੜ ਸਵਾਰ ਦਸਤਾ ਮਦਦ ਲਈ ਭੇਜਿਆ।"

ਇਸ ਤਰ੍ਹਾਂ ਜਾਪ ਰਿਹਾ ਸੀ ਜਿਵੇਂ ਪੰਜਾਬ ਮੁੜ ਅਜ਼ਾਦੀ ਹਾਸਲ ਕਰ ਲਏਗਾ, ਪਰ ਇਸ ਲੜਾਈ ਵਿੱਚ ਅੰਗਰੇਜ਼ਾਂ ਦੀ ਹਿੰਦੁਸਤਾਨ ਭਰ ਤੋਂ ਫੌਜਾਂ ਦੀ ਤੈਨਾਤੀ ਕਰਨ ਕਾਰਨ ਅਤੇ ਗੁਲਾਬ ਸਿੰਘ ਜੰਮੂ ਵੱਲੋਂ ਇੱਕ ਵਾਰ ਫਿਰ ਗੱਦਾਰੀ ਕਰਨ ਕਰਕੇ ਇਹ ਜਿੱਤ ਸੰਭਵ ਨਾ ਹੋ ਸਕੀ।

ਸਿੱਖ ਫੌਜਾਂ ਬਹਾਦਰੀ ਨਾਲ ਲੜੀਆਂ, ਸ਼ੇਰ ਸਿੰਘ ਦੀ ਸਵਾਰੀ ਵਾਲੇ ਤਿੰਨ ਘੋੜੇ ਲੜਦਿਆਂ ਮਾਰੇ ਗਏ, ਫੌਜ ਕੋਲ ਗੋਲ਼ਾ ਬਾਰੂਦ ਖ਼ਤਮ ਹੋ ਗਿਆ, ਆਖ਼ਰ ਅਟਾਰੀਵਾਲਾ ਨੂੰ ਆਤਮ ਸਮਰਪਣ ਕਰਨਾ ਪਿਆ।

ਇਹ ਵੀ ਜਿੰਦਾਂ ਦਾ ਹੀ ਦਿਮਾਗ਼ ਸੀ ਕਿ ਭਾਈ ਮਹਾਰਾਜ ਸਿੰਘ ਵਰਗੇ ਧਾਰਮਿਕ ਆਗੂ ਵੀ ਬਗ਼ਾਵਤ ਵਿੱਚ ਆ ਗਏ। ਇਸ ਵਿੱਚ ਹੈਨਰੀ ਲਾਰੈਂਸ ਅਤੇ ਤੇਜ ਸਿੰਘ ਨੂੰ ਮਾਰਨ ਦੀ ਸਾਜ਼ਿਸ਼ ਵੀ ਸ਼ਾਮਲ ਸੀ। ਜੋ ਜਾਣਕਾਰੀ ਲੀਕ ਹੋਣ ਕਾਰਨ ਸਿਰੇ ਨਹੀਂ ਚੜ੍ਹ ਸਕੀ ਸੀ।

ਕਪੂਰ ਲਿਖਦੇ ਹਨ, "ਅੰਗਰੇਜ਼ਾਂ ਵਿਰੁੱਧ ਪੰਜਾਬ ਵਿੱਚ ਜਿਹੜੇ ਮੁੱਢਲੇ ਵਿਦਰੋਹ ਉੱਠੇ, ਉਨ੍ਹਾਂ ਵਿੱਚ ਦਿਮਾਗ਼ ਮਹਾਰਾਣੀ ਜਿੰਦਾਂ ਦਾ ਸੀ ਅਤੇ ਆਤਮਾ ਭਾਈ ਮਹਾਰਾਜ ਸਿੰਘ ਸਨ।"

"ਉਸ ਜ਼ਮਾਨੇ ਵਿੱਚ ਬਰਤਾਨਵੀਂ ਹਕੂਮਤ ਨੇ ਭਾਈ ਮਹਾਰਾਜ ਸਿੰਘ ਨੂੰ ਗ੍ਰਿਫ਼ਤਾਰ ਕਰਨ ਲਈ ਉਨ੍ਹਾਂ ਦੇ ਸਿਰ ਦਾ ਮੁੱਲ ਇੱਕ ਲੱਖ ਰੁਪਏ ਰੱਖਿਆ ਸੀ।"

**ਆਜ਼ਾਦੀ ਦੀ ਪਹਿਲੀ ਲੜਾਈ ਦੀ ਅਗਵਾਈ**

ਸੀਨੀਅਰ ਪੱਤਰਕਾਰ ਜਗਤਾਰ ਸਿੰਘ ਅਤੇ ਗੁਰਦਰਸ਼ਨ ਸਿੰਘ ਬਾਹੀਆ ਨੇ ਆਪਣੀ ਕਿਤਾਬ "ਕਾਲਾਪਾਣੀ" ਵਿੱਚ ਪੰਜਾਬ ਜਾਂ ਪੰਜਾਬੀਆਂ ਨਾਲ ਸਬੰਧਤ ਅਜ਼ਾਦੀ ਲਹਿਰਾਂ ਦਾ ਜ਼ਿਕਰ ਕੀਤਾ ਹੈ।

ਲੇਖਕ, ਜਿੰਦਾਂ ਦੇ ਯਤਨਾਂ ਸਦਕਾ ਭਾਈ ਮਹਾਰਾਜ ਸਿੰਘ ਦੀ ਅਗਵਾਈ ਵਾਲੀ ਅੰਗਰੇਜ਼ ਹਕੂਮਤ ਵਿਰੋਧੀ ਬਗ਼ਾਵਤ ਨੂੰ ਭਾਰਤ ਦੀ ਆਜ਼ਾਦੀ ਦੀ ਪਹਿਲੀ ਲੜਾਈ ਮੰਨਦੇ ਹਨ।

ਪੰਜਾਬੀ ਅਤੇ ਸਿੱਖ ਇਤਿਹਾਸਕਾਰਾਂ ਦੇ ਇਸ ਦ੍ਰਿਸ਼ਟੀਕੋਣ ਨੂੰ ਭਾਵੇਂ ਕਿ ਭਾਰਤ ਵਿੱਚ ਕੌਮੀ ਪੱਧਰ 'ਤੇ ਮਾਨਤਾ ਨਹੀਂ ਦਿੱਤੀ ਗਈ ਹੈ। ਭਾਰਤ ਵਿੱਚ 1857 ਦੇ ਗ਼ਦਰ ਨੂੰ ਹੀ ਭਾਰਤ ਦੀ ਆਜ਼ਾਦੀ ਦੀ ਪਹਿਲੀ ਲੜਾਈ ਕਿਹਾ ਜਾਂਦਾ ਹੈ।

ਉਹ ਕਈ ਇਤਿਹਾਸਕਾਰਾਂ ਦੇ ਹਵਾਲਿਆਂ ਨਾਲ ਅੰਗਰੇਜ਼ ਹਕੂਮਤ ਖ਼ ?ਲਾਫ਼ 1849 ਵਿੱਚ ਲੜੀ ਗਈ ਜੰਗ ਨੂੰ ਮੌਜੂਦਾ ਹਿੰਦੁਸਤਾਨ, ਪਾਕਿਸਤਾਨ ਅਤੇ ਬੰਗਲਾ ਦੇਸ਼ ਦੀ ਆਜ਼ਾਦੀ ਦੀ ਪਹਿਲੀ ਲੜਾਈ ਕਰਾਰ ਦਿੰਦੇ ਹਨ।

ਉਹ ਲਿਖਦੇ ਹਨ, "1857 ਦੇ ਗ਼ਦਰ ਨੂੰ ਆਜ਼ਾਦੀ ਦੀ ਪਹਿਲੀ ਲੜਾਈ ਕਹਿਣਾ ਬਹਿਸ ਦਾ ਮੁੱਦਾ ਹੈ, ਪੰਜਾਬ ਨਾਲ ਸਬੰਧਤ ਇਤਿਹਾਸਕਾਰਾਂ ਨੇ



ਦਲੀਪ ਸਿੰਘ ਨੂੰ 5 ਸਾਲ ਦੀ ਉਮਰ ਵਿੱਚ ਲਾਹੌਰ ਦੇ ਤਖ਼ਤ ਉੱਤੇ ਬਿਠਾਇਆ ਗਿਆ ਸੀ

# ਅਜ਼ਾਦੀ ਦਿਵਸ ਤੇ ਸਿੱਖ




ਦਲੀਪ ਸਿੰਘ ਨੂੰ ਤਖ਼ਤ ਤੋਂ ਲਾਹ ਕੇ ਅੰਗਰੇਜ਼ ਲੰਡਨ ਲੈ ਗਏ ਸਨ

ਸੰਤੁਸ਼ਟੀਜਨਕ ਦਲੀਲਾਂ ਨਾਲ ਦੂਜੀ ਐਂਗਲੋਂ ਸਿੱਖ ਜੰਗ (1849) ਨੂੰ ਆਜ਼ਾਦੀ ਦੀ ਪਹਿਲੀ ਲੜਾਈ ਮੰਨਿਆ ਹੈ।

ਕਿਤਾਬ ਵਿੱਚ ਅੱਗੇ ਲਿਖਿਆ ਗਿਆ ਹੈ, "1848-1849 ਦੀ ਐਂਗਲੋ ਸਿੱਖ ਜੰਗ ਨੂੰ ਮੁਕਤੀ ਅਜ਼ਾਦੀ ਦੀ ਪਹਿਲੀ ਲੜਾਈ ਕਿਹਾ ਜਾ ਸਕਦਾ ਹੈ। ਭਾਈ ਮਹਾਰਾਜ ਸਿੰਘ ਇਸ ਜੰਗ ਦਾ ਹਿੱਸਾ ਸਨ ਅਤੇ ਭਾਈ ਮਹਾਰਾਜ ਸਿੰਘ ਮੁਕਤੀ ਦੀ ਲੜਾਈ ਦਾ ਚਿੰਨ੍ਹ ਬਣੇ ਸਨ।"

**ਨੇਪਾਲ ਤੋਂ ਗਤੀਵਿਧੀਆਂ**

ਚੁਨਾਰ ਜੇਲ੍ਹ ਵਿੱਚੋਂ ਸਾਧਵੀਂ ਦੇ ਰੂਪ ਵਿੱਚ ਫਰਾਰ ਹੋਣ ਤੋਂ ਬਾਅਦ ਜਿੰਦਾਂ ਨੇਪਾਲ ਪਹੁੰਚ ਗਏ, ਜੋ ਉਦੋਂ ਅੰਗਰੇਜ਼ ਸਾਮਰਾਜ ਦੀ ਬਸਤੀ ਨਹੀਂ ਸੀ। ਨੇਪਾਲ ਦੇ ਤਤਕਾਲੀ ਪ੍ਰਧਾਨ ਮੰਤਰੀ ਜੰਗ ਬਹਾਦਰ ਨੇ ਜਿੰਦਾਂ ਨੂੰ ਪਨਾਹ ਦੇ ਦਿੱਤੀ ਇਸ ਨਾਲ ਭਾਰਤ ਦੀ ਬਰਨਤਾਵੀ ਸਰਕਾਰ ਲਈ ਕਸੂਤੀ ਸਥਿਤੀ ਪੈਦਾ ਹੋ ਗਈ।

ਪ੍ਰਿਥੀਪਾਲ ਸਿੰਘ ਕਪੂਰ ਲਿਖਦੇ ਹਨ, "ਨੇਪਾਲ ਵਿੱਚ ਰਹਿੰਦਿਆਂ ਮਹਾਰਾਣੀ ਜਿੰਦਾਂ ਨੇ ਪੰਜਾਬ ਦੇ ਬਾਗ਼ੀਆਂ ਅਤੇ ਅਲਾਹਾਬਾਦ ਵਿੱਚ ਬੰਦ ਰਾਜਸੀ ਕੈਦੀਆਂ ਨਾਲ ਸੰਪਰਕ ਬਣਾ ਲਿਆ।"

"ਉਹ ਪੰਜਾਬ ਵਿੱਚ ਅੰਗਰੇਜ਼ ਸ਼ਕਤੀ ਨੂੰ ਢਾਹ ਲਾਉਣਾ ਚਾਹੁੰਦੀ ਸੀ। ਉਸ ਨੇ ਸਾਰੀਆਂ ਸੰਭਾਵਨਾਵਾਂ ਨੂੰ ਵਰਤਣ ਲਈ ਤਾਣ ਲਾਇਆ, ਪਰ ਹਰ ਵਾਰ ਕਿਸਮਤ ਉਸ ਦਾ ਸਾਥ ਦੇਣ ਤੋਂ ਇਨਕਾਰੀ ਰਹੀ।" ਇੱਥੋਂ ਹੀ ਉਨ੍ਹਾਂ ਦਲੀਪ ਸਿੰਘ ਨਾਲ ਸੰਪਰਕ ਸਾਧਣ ਦੀ ਕੋਸ਼ਿਸ਼ ਵੀ ਕੀਤੀ। ਉੱਦੋਂ ਤੱਕ ਰਾਣੀ ਦੇ ਜੰਗ ਬਹਾਦਰ ਨਾਲ ਸਬੰਧ ਪੇਤਲੇ ਪੈ ਗਏ ਸਨ ਅਤੇ ਉਨ੍ਹਾਂ ਦੀਆਂ ਅੱਖਾਂ ਦੀ ਜੋਤ ਵੀ ਕਮਜ਼ੋਰ ਹੋ ਗਈ, ਪਰ ਉਹ ਆਪਣੇ ਅੰਮ੍ਰਿਤਸਰ ਅਤੇ ਪਟਨਾ ਵਿਚਲੇ ਏਜੰਟਾਂ ਰਾਹੀਂ ਦਲੀਪ ਸਿੰਘ ਨਾਲ ਸੰਪਰਕ ਸਥਾਪਿਤ ਕਰਨ ਵਿੱਚ ਸਫ਼ਲ ਹੋ ਗਏ।

ਕਪੂਰ ਮੁਤਾਬਕ, "ਜਦੋਂ 1857 ਦਾ ਗ਼ਦਰ ਹੋਇਆ ਤਾਂ ਜਿੰਦਾਂ ਨੇ ਪੱਤਰ ਲਿਖ ਕੇ ਪੰਜਾਬ ਵਿੱਚ ਅੰਗਰੇਜ਼ਾਂ ਦੇ ਬਾਗ਼ੀਆਂ ਅਤੇ ਭਾਰਤੀ ਰੈਂਜਮੈਂਟਾਂ ਦੇ ਬਨਾਰਸ ਅਤੇ ਅਲਾਹਬਾਦ ਦੇ ਕਮਾਂਡਰਾਂ ਨਾਲ ਸੰਪਰਕ ਸਾਧਿਆ ਤੇ ਕਿਹਾ ਕਿ ਹਿੰਦੁਸਤਾਨ ਵਿੱਚ ਅੰਗਰੇਜ਼ਾਂ ਕੋਲ਼ ਇੰਨੀ ਫੌਜ ਨਹੀਂ ਸੀ ਕਿ ਉਹ ਆਪਣੇ ਤੌਰ ਉੱਤੇ ਹੀ ਬਗ਼ਾਵਤ ਦਾ ਮੁਕਾਬਲਾ ਕਰ ਸਕੇ।"

ਜਿੰਦਾਂ ਦੀਆਂ ਭਾਰਤ ਵਿੱਚ ਅੰਗਰੇਜ਼ ਵਿਰੋਧੀ ਗਤੀਵਿਧੀਆਂ ਤੋਂ ਤੰਗ ਆ ਕੇ ਆਖ਼ਰ 1860 ਵਿੱਚ ਦਲੀਪ ਸਿੰਘ ਨੂੰ ਆਪਣੀ ਮਾਂ ਨੂੰ ਇੰਗਲੈਂਡ ਲੈ ਜਾਣ ਦੀ ਆਗਿਆ ਦਿੱਤੀ ਗਈ।

**ਦਲੀਪ ਸਿੰਘ ਦਾ ਕਾਇਆ ਕਲਪ**

ਇਤਿਹਾਸਕ ਹਵਾਲਿਆਂ ਮੁਤਾਬਕ ਮਾਂ-ਪੁੱਤ (ਜਿੰਦਾਂ ਤੇ ਦਲੀਪ ਸਿੰਘ) ਦੀ ਅਪ੍ਰੈਲ 1861 ਵਿੱਚ ਮਿਲਣੀ ਹੋਈ ਪਰ ਜਦੋਂ ਰਾਣੀ ਨੇ ਦਲੀਪ ਸਿੰਘ ਨੂੰ ਕੱਟੇ ਹੋਏ ਕੇਸਾਂ ਨਾਲ ਦੇਖਿਆ ਤਾਂ ਉਹ ਨਿਰਾਸ਼ ਹੋ ਗਏ।

ਸਿਮਰਨ ਕੌਰ ਲਿਖਦੇ ਹਨ ਕਿ ਜਦੋਂ ਮਾਂ ਜਿੰਦਾਂ ਆਪਣੇ ਪੁੱਤ ਨੂੰ ਮਿਲੀ ਤਾਂ ਉਨ੍ਹਾਂ ਨੇ ਤਿੰਨ ਗੱਲ ਕਹੀਆਂ।

1. ਤੇਰਾ ਧਰਮ ਸਿੱਖ ਧਰਮ ਹੈ। ਤੈਨੂੰ ਅੰਮ੍ਰਿਤ ਛਕ ਕੇ ਸਿੰਘ ਸਜਣਾ ਚਾਹੀਦਾ ਹੈ।
2. ਅੰਗਰੇਜ਼ਾਂ ਨੇ ਤੇਰੇ ਨਾਲ ਧੋਖਾ ਕਰਕੇ ਰਾਜ ਖੋਹਿਆ
3. ਭੈਰੋਵਾਲ ਦੇ ਮੁਆਦੇ ਉੱਤੇ ਦਸਤਖ਼ਤ ਕਰਾਏ ਹਨ। ਉਹ ਤੇਰੇ ਸਰਪ੍ਰਸਤ ਸਨ ਤੇ ਤਖ਼ਤ ਤੋਂ ਨਹੀਂ ਲਾਹ ਸਕਦੇ ਸਨ।

ਸਿਮਰਨ ਕੌਰ ਆਪਣੀ ਲਿਖਤ ਵਿੱਚ ਦਾਅਵਾ ਕਰਦੇ ਹਨ ਕਿ ਜਿੰਦਾਂ ਦੀ ਪ੍ਰੇਰਣਾ ਸਦਕਾ ਹੀ ਦਲੀਪ ਸਿੰਘ ਮੁੜ ਕੇ ਸਿੰਘ ਸਜੇ ਅਤੇ ਉਨ੍ਹਾਂ ਅੰਮ੍ਰਿਤਪਾਨ ਕੀਤਾ ਸੀ।

ਇੰਗਲੈਂਡ ਆਉਣ ਦੇ ਬਾਵਜੂਦ ਦਲੀਪ ਸਿੰਘ ਨੂੰ ਜਿੰਦਾਂ ਨਾਲ ਬਹੁਤਾ ਮਿਲਣ ਨਹੀਂ ਦਿੱਤਾ ਜਾਂਦਾ ਸੀ। ਇਸ ਦੌਰਾਨ ਜਿੰਦਾ ਦੀ ਸਿਹਤ ਲਗਾਤਾਰ ਵਿਗੜ ਰਹੀ ਸੀ, ਜਿਸ ਕਰਕੇ ਦਲੀਪ ਸਿੰਘ ਨੇ ਕੋਰਟ ਆਫ਼ ਡਾਇਰੈਕਟਰਜ਼ ਕੋਲ਼ੋਂ ਮਹਾਰਾਣੀ ਨੂੰ ਯਾਰਕਸ਼ਾਇਰ ਵਿਖੇ ਮਲਗਰੂਵ ਕੈਸਲ ਵਿੱਚ, ਜਿਹੜਾ ਉਨ੍ਹਾਂ ਨੇ ਲਾਰਡ ਨਾਰਮੰਡੀ ਕੋਲ਼ੋਂ ਪੱਟੇ ਉੱਤੇ ਲਿਆ ਹੋਇਆ ਸੀ, ਵਿਖੇ ਲੈ ਆਉਣ ਦੀ ਇਜਾਜ਼ਤ ਮੰਗੀ, ਜੋ ਕਿ ਉਨ੍ਹਾਂ ਨੂੰ ਮਿਲ ਗਈ।

ਇੱਥੇ ਜਿੰਦਾਂ ਕੋਲ ਦਲੀਪ ਸਿੰਘ ਨੂੰ ਸਿੱਖ ਰਾਜ ਦੇ ਛਲ-ਕਪਟ ਨਾਲ ਖੋਹੇ ਜਾਣ ਦੀਆਂ ਕਹਾਣੀਆਂ ਸੁਣਾਉਣ ਦਾ ਖੁੱਲ੍ਹਾ ਸਮਾਂ ਸੀ। ਇਨ੍ਹਾਂ ਆਪਣੀ ਮਾਂ-ਪੁੱਤਰ ਦੀ ਦੁੱਖਦਾਈ ਕਹਾਣੀ ਨੂੰ ਦਲੀਪ ਸਿੰਘ ਅੱਗੇ ਰੱਖਿਆ।

ਜਿੰਦਾਂ ਨੇ ਪੁੱਤ ਨੂੰ ਨਸੀਹਤ ਦਿੱਤੀ ਕਿ ਉਨ੍ਹਾਂ ਸਸਕਾਰ ਗੋਰਿਆਂ ਦੀ ਧਰਤੀ ਉੱਤੇ ਨਾ ਕਰੇ। 1863 ਵਿੱਚ ਉਨ੍ਹਾਂ ਦੀ ਇੰਗਲੈਂਡ ਵਿੱਚ ਹੀ ਮੌਤ ਹੋ ਗਈ।

ਮਾਂ ਦੀ ਪ੍ਰੇਰਣਾ ਸਦਕਾ ਹੀ ਦਲੀਪ ਸਿੰਘ ਉਨ੍ਹਾਂ ਦੀ ਮ੍ਰਿਤਕ ਦੇਹ ਲੈ ਕੇ ਭਾਰਤ ਆਏ ਪਰ ਉਨ੍ਹਾਂ ਨੂੰ ਹਕੂਮਤ ਨੇ ਪੰਜਾਬ ਨਾ ਆਉਣ ਦਿੱਤਾ। ਇਸ ਲਈ ਉਨ੍ਹਾਂ ਦਾ ਅੰਤਿਮ ਸੰਸਕਾਰ ਨਾਸਿਕ ਵਿੱਚ ਗੋਦਾਵਰੀ ਕੰਢੇ ਕਰ ਦਿੱਤਾ ਗਿਆ ਅਤੇ ਇੱਕ ਛੋਟੀ ਜਿਹੀ ਸਮਾਧੀ ਉਸਾਰ ਦਿੱਤੀ ਗਈ।

ਬਾਅਦ ਵਿੱਚ ਦਲੀਪ ਸਿੰਘ ਦੀ ਧੀ ਸ਼ਹਿਜਾਦੀ ਬੰਬਾ ਨੇ ਆਪਣੀ ਦਾਦੀ ਦੀਆਂ ਅਸਥੀਆਂ ਉੱਥੋਂ ਕੱਢ ਕੇ ਮਹਾਰਾਜਾ ਰਣਜੀਤ ਸਿੰਘ ਦੀ ਸਮਾਧੀ ਵਿੱਚ ਰੱਖਣ ਲਈ ਲਾਹੌਰ ਲਿਆਂਦੀਆਂ।

ਬੇਸ਼ੱਕ ਜਿੰਦਾਂ ਦੀ ਸਮਾਧੀ ਪਹਿਲਾਂ ਮੁੰਬਈ ਅਤੇ ਫਿਰ ਲਾਹੌਰ ਵਿੱਚ ਬਣੀ ਪਰ ਮਹਾਰਾਣੀ ਪੰਜਾਬ ਦੇ ਇਤਿਹਾਸ ਦੀ ਅਹਿਮ ਕਿਰਦਾਰ ਹੈ ਜਿਸ ਨੂੰ ਪੰਜਾਬੀ ਬਤੌਰ ਨਾਇਕਾ ਹਮੇਸ਼ਾ ਯਾਦ ਕਰਦੇ ਹਨ।


**ਬੀਬੀਸੀ 'ਚੋਂ ਧੰਨਵਾਦ ਸਹਿਤ**



ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਵੀ ਖਾਲਸਾ ਦਰਬਾਰ ਦੀਆਂ ਫੌਜਾਂ ਨੇ ਅੰਗਰੇਜ਼ਾਂ ਨਾਲ ਦੋ ਜੰਗਾਂ ਲੜੀਆਂ







## ਭਾਰਤ ਪਾਕਿਸਤਾਨ ਨੂੰ ਅਜ਼ਾਦੀ ਦਿਵਸ ਦੀ ਲੱਖ ਲੱਖ ਵਧਾਈ ਹੋਵੇ ਸਿੱਖਾਂ ਕੋਲੋਂ ਤਾਂ ਉਨ੍ਹਾਂ ਦੀਆਂ ਅਜ਼ਾਦੀ ਤੋਂ ਬਾਅਦ ਤਿੰਨ ਰਾਜਧਾਨੀਆ ਖੋਹ ਲਈਆਂ ਲਾਹੌਰ ਸ਼ਿਮਲਾ ਤੇ ਹੁਣ ਚੰਡੀਗੜ੍ਹ

# ਇੰਗਲੈਂਡ ਦੇ ਸ਼ਹਿਰ ਮਾਨਸੈਚਟਰ ਪਾਰਕ ਵਿਖੇ ਤਿੰਨ ਰੋਜ਼ਾ ਗੁਰਮਤਿ ਸਮਾਗਮ ਹੋਏ

## ਗੁਰੂ ਸਾਹਿਬਾਨ ਦੇ ਇਤਿਹਾਸਕ ਸ਼ਸ਼ਤਰ ਤੇ ਅਨੇਕਾਂ ਨਿਸ਼ਾਨ ਬਾਬਾ ਬੁੱਢਾ ਦਲ ਪਾਸ ਮੌਜੂਦ ਹਨ : ਨਿਹੰਗ ਮੁਖੀ ਬਾਬਾ ਬਲਬੀਰ ਸਿੰਘ

ਅੰਮ੍ਰਿਤਸਰ : ਮਾਨਸੈਚਟਰ ਸਿੱਖ ਫ਼ਾਉਂਡੇਸ਼ਨ, ਸ੍ਰੀ ਗੁਰੂ ਨਾਨਕ ਦੇਵ ਜੀ ਗੁਰਦੁਆਰਾ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਗੁਰਦੁਆਰਾ, ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਗੁਰਦੁਆਰਾ, ਦਸਮੇਸ਼ ਸਿੱਖ ਐਂਮਲ, ਸ੍ਰੀ ਗੁਰੂ ਸਿੰਘ ਸਭਾ ਗੁਰਦੁਆਰਾ ਦੇ ਸਹਿਯੋਗ ਨਾਲ ਮਾਨਸੈਚਟਰ ਪਾਰਕ ਵਿਖੇ ਤਿੰਨ ਰੋਜਾ ਗੁਰਮਤਿ ਸਮਾਗਮ ਹੋਏ। ਜਿਨ੍ਹਾਂ ਦਾ ਸਾਰਾ ਪ੍ਰਬੰਧ ਸ. ਅਮਰੀਕ ਸਿੰਘ ਰਾਠੌਰ ਅਤੇ ਪ੍ਰਭਜੋਤ ਸਿੰਘ ਦੀ ਸੁਚੱਜੀ ਅਗਵਾਈ ਦਾ ਇਕ ਵਧੀਆ ਨਾਮੂਨਾ ਸੀ। ਇਨ੍ਹਾਂ ਗੁਰਮਤਿ ਸਮਾਗਮਾਂ ਸਮੇਂ ਨਿਹੰਗ ਸਿੰਘਾਂ ਦੀ ਸਿਰਮੌਰ ਸੰਸਥਾ ਸ਼ ?ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਮੁਖੀ ਸਿੰਘ ਸਾਹਿਬ ਬਾਬਾ ਬਲਬੀਰ ਸਿੰਘ 96 ਕਰੋੜੀ ਨੇ ਸੰਗਤਾਂ ਦੇ ਵਿਸ਼ਾਲ ਇਕੱਠ ਨੂੰ ਸੰਬੋਧਨ ਕਰਦਿਆਂ ਬੁੱਢਾ ਦਲ ਦੀਆਂ ਸੇਵਾਵਾਂ ਤੇ ਗੁਰੂ ਸਾਹਿਬਾਨ ਵੱਲੋਂ ਮਿਲੀਆਂ ਬਖਸ਼ਿਸ਼ਾਂ ਸਬੰਧੀ ਵਿਸਥਾਰ ਪੂਰਵਕ ਸਾਂਝ ਪਾਈ।



ਮਾਨਸੈਚਟਰ ਪਾਰਕ ਵਿਖੇ ਅਕਾਲੀ ਬੁੱਢਾ ਦਲ ਦੇ ਮੁਖੀ ਸਿੰਘ ਸਾਹਿਬ ਬਾਬਾ ਬਲਬੀਰ ਸਿੰਘ 96ਵੇਂ ਕਰੋੜੀ ਸੰਗਤਾਂ ਦੇ ਵਿਸ਼ਾਲ ਇਕੱਠ ਨੂੰ ਸੰਬੋਧਨ ਕਰਦੇ ਹੋਏ।

ਉਨ੍ਹਾਂ ਕਿਹਾ ਕਿ ਬੁੱਢਾ ਦਲ ਦੇ ਛੇਵੇਂ ਮੁਖੀ ਸਿੰਘ ਸਾਹਿਬ ਜਥੇਦਾਰ ਅਕਾਲੀ ਬਾਬਾ ਫੂਲਾ ਸਿੰਘ ਦੀ ਸ਼ਹੀਦੀ ਸ਼ਤਾਬਦੀ ਪੂਰੇ ਹਿੰਦੋਸਤਾਨ ਅਤੇ ਵੱਖ-ਵੱਖ ਦੇਸ਼ਾਂ ਵਿਚ ਗੁਰਮਤਿ ਸਮਾਗਮ ਕਰ ਕੇ ਮਨਾਈ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਅਮਰੀਕਾ ਦੇ ਇਡਿਆਨਾ ਸਟੇਟ ਵਿਚ ਅਕਾਲੀ ਬਾਬਾ ਫੂਲਾ ਸਿੰਘ ਜੀ ਦੇ ਨਾਮਪੁਰ ਬੁੱਢਾ ਦਲ ਦੀ ਛਾਉਣੀ ਸਥਾਪਤ ਕੀਤੀ ਗਈ। ਕੈਨੇਡਾ ਦੇ ਵੱਖ-ਵੱਖ ਸ਼ਹਿਰਾਂ ਵਿਚ ਇਸ ਸਬੰਧੀ ਸਮਾਗਮ ਕੀਤੇ ਗਏ ਹਨ, ਹੁਣ ਇੰਗਲੈਂਡ ਦੀਆਂ ਸੰਗਤਾਂ ਵਿਚ ਬੁੱਢਾ ਦਲ ਪਾਸ ਗੁਰੂ ਸਾਹਿਬਾਨ ਦੇ ਬਖਸ਼ਿਸ਼ ਸ਼ਸ਼ਤਰ ਤੇ ਹੁਕਮਨਾਮੇ ਮੌਜੂਦ ਹਨ, ਜਿਨ੍ਹਾਂ ਦੇ ਦਰਸ਼ਨ ਇੰਗਲੈਂਡ ਦੀਆਂ ਸੰਗਤਾਂ ਨੂੰ ਕਰਵਾਏ ਜਾ ਰਹੇ ਹਨ। ਇਹ ਇਕ ਇਤਿਹਾਸਕ ਧਰੋਹਰ ਹਨ, ਜਿਨ੍ਹਾਂ ਦੇ ਚੁਫੇਰੇ ਸਿੱਖ ਇਤਿਹਾਸ ਦੀ ਬੁਨਿਆਦ ਉਸਰੀ ਹੋਈ ਹੈ। ਇਸੇ ਸਮੇਂ ਅਕਾਲੀ ਬਾਬਾ ਫੂਲਾ ਸਿੰਘ ਦੇ ਜੀਵਨ ਤੇ ਉਨ੍ਹਾਂ ਦੀਆਂ ਮਹਾਨ ਸੇਵਾਵਾਂ ਬਾਰੇ ਗਿਆਨੀ ਭਗਵਾਨ ਸਿੰਘ ਜੌਹਲ ਨੇ ਸੰਗਤਾਂ ਨਾਲ ਸਾਂਝ ਪਾਈ। ਬੁੱਢਾ ਦਲ ਦੇ ਰਾਗੀ ਬਾਬਾ ਹਰਜੀਤ ਸਿੰਘ ਖੰਡਾ ਖੜਕੇਗਾ ਮਹਿਤਾ ਚੌਂਕ ਵਾਲੇ ਅਤੇ ਵੱਖ-ਵੱਖ ਨਾਮਵਰ ਰਾਗੀਆਂ ਨੇ ਕੀਰਤਨ ਰਾਹੀਂ ਹਾਜ਼ਰੀ ਭਰੀ। ਸਿੰਘ ਸਾਹਿਬ ਗਿਆਨੀ ਬਲਜੀਤ ਸਿੰਘ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ, ਭਾਈ ਦੇਵਿੰਦਰ ਸਿੰਘ ਖੰਨੇਵਾਲੇ, ਭਾਈ ਮਨਪ੍ਰੀਤ ਸਿੰਘ ਕਾਨਪੁਰੀ, ਭਾਈ ਦੇਵਿੰਦਰ ਸਿੰਘ ਸੋਢੀ, ਭਾਈ ਅਮਰਜੀਤ ਸਿੰਘ ਪਟਿਆਲੇ ਵਾਲੇ, ਭਾਈ ਗਗਨਜੋਤ ਸਿੰਘ ਗੰਗਾਨਗਰ, ਭਾਈ ਗੁਰਬਖਸ਼ ਸਿੰਘ ਗੁਲਸ਼ਨ ਨੇ ਗੁਰਬਾਣੀ ਕੀਰਤਨ, ਗੁਰ-ਇਤਿਹਾਸ ਦੀ ਸਾਂਝ ਪਾਈ। ਇਸ ਸਮੇਂ ਬਾਬਾ ਜਸਵਿੰਦਰ ਸਿੰਘ ਜੱਸੀ ਇੰਚਾਰਜ ਬੁੱਢਾ ਦਲ ਅਮਰੀਕਾ, ਬਾਬਾ ਹਰਜੀਤ ਸਿੰਘ ਖੰਡਾ ਖੜਕੇਗਾ ਮਹਿਤਾ ਚੌਂਕ ਵਾਲੇ ਤੇ ਹੋਰ ਬੇਅੰਤ ਸ਼ਖ਼ਸੀਅਤਾਂ ਹਾਜ਼ਰ ਸਨ।

# ਹਿਮਾਚਲ ਪ੍ਰਦੇਸ਼ ਦੇ ਅੱਠ ਜ਼ਿਲ੍ਹਿਆਂ ’ਚ ‘ਬਹੁਤ ਭਾਰੀ ਬਾਰਿਸ਼’ ਅਲਰਟ ਕੀਤਾ ਜਾਰੀ





ਮੰਡੀ : ਭਾਰਤੀ ਮੌਸਮ ਵਿਭਾਗ ਨੇ ਹਿਮਾਚਲ ਪ੍ਰਦੇਸ਼ ਦੇ ਅੱਠ ਜ਼ਿਲ੍ਹਿਆਂ ਲਈ ਇੱਕ ਸੰਤਰੀ ਚੇਤਾਵਨੀ ਜਾਰੀ ਕੀਤੀ, ਜੋ ਉੱਚ ਮੌਸਮ ਦੇ ਪ੍ਰਭਾਵ ਨੂੰ ਦਰਸਾਉਂਦਾ ਹੈ। ਸੂਬੇ ਦੇ ਸੋਲਨ ਜ਼ਿਲੇ ’ਚ ਸ਼ੁੱਕਰਵਾਰ ਤੜਕੇ ਰਾਸ਼ਟਰੀ ਰਾਜਮਾਰਗ-5 ਦੇ ਸ਼ਿਮਲਾ-ਕਾਲਕਾ ਮਾਰਗ ’ਤੇ ਜ਼ਮੀਨ ਖਿਸਕ ਗਈ। ਕਮਾਲ ਦੀ ਗੱਲ ਇਹ ਹੈ ਕਿ ਇਹ ਸੜਕ ਇੱਕ ਹਫ਼ਤੇ ਤੱਕ ਬੰਦ ਰਹਿਣ ਤੋਂ ਬਾਅਦ ਵੀਰਵਾਰ ਨੂੰ ਹੀ ਮੁੜ ਖੁੱਲ੍ਹੀ। ਅਧਿਕਾਰੀਆਂ ਨੇ ਰਿਪੋਰਟ ਦਿੱਤੀ ਹੈ ਕਿ ਰਾਜ ਵਿੱਚ ਭਾਰੀ ਬਾਰਿਸ਼ ਦੇ ਬਾਅਦ ਵੀ ਜੂਝਣਾ ਜਾਰੀ ਹੈ, ਜਿਸ ਕਾਰਨ ਕਈ ਜ਼ਮੀਨ ਖਿਸਕਣ ਅਤੇ ਮਲਬਾ ਡਿੱਗਣ ਦੀਆਂ ਘਟਨਾਵਾਂ ਵਾਪਰੀਆਂ ਹਨ। ਇਨ੍ਹਾਂ ਮਾੜੇ ਹਾਲਾਤਾਂ ਕਾਰਨ 200 ਤੋਂ ਵੱਧ ਸੜਕਾਂ ਪਹੁੰਚ ਤੋਂ ਬਾਹਰ ਹਨ।

ਏਐਨਆਈ ਦੀ ਰਿਪੋਰਟ ਅਨੁਸਾਰ, ਰਾਜ ਦੇ ਮਾਲ ਅਤੇ ਬਾਗਬਾਨੀ ਮੰਤਰੀ, ਜਗਤ ਸਿੰਘ ਨੇਗੀ ਨੇ ਦੱਸਿਆ ਕਿ ਸੜਕ ਦੀ ਬਹਾਲੀ ਅਤੇ ਬਿਜਲੀ ਸਪਲਾਈ ਦੀਆਂ ਦੋਵੇਂ ਸਕੀਮਾਂ ਚੱਲ ਰਹੀਆਂ ਹਨ। ਉਨ੍ਹਾਂ ਨੇ ਸਥਿਤੀ ਨਾਲ ਨਜਿੱਠਣ ਲਈ ਜ਼ਮੀਨੀ ਪੱਧਰ ’ਤੇ ਟੀਮਾਂ ਅਤੇ ਅਧਿਕਾਰੀਆਂ ਦੀ ਸਰਗਰਮ ਸ਼ਮੂਲੀਅਤ ’ਤੇ ਜ਼ੋਰ ਦਿੱਤਾ। ਨਵੀਨਤਮ ਅਪਡੇਟਾਂ ਲਈ ਲਾਈਵਮਿੰਟ ਦੇ ਨਾਲ ਰਹੋ

# ਜ਼ਮੀਨ ਖਿਸਕਣ ਕਾਰਨ ਬਦਰੀਨਾਥ ਨੈਸ਼ਨਲ ਹਾਈਵੇਅ ਹੋਇਆ ਬੰਦ





ਰਿਸ਼ੀਕੇਸ਼ : ਰਿਸ਼ੀਕੇਸ਼ ’ਚ ਸ਼ਨੀਵਾਰ ਨੂੰ ਕੌਡਿਆਲਾ ਅਤੇ ਟੋਟਾ ਘਾਟੀ ਨੇੜੇ ਬਦਰੀਨਾਥ ਰਾਸ਼ਟਰੀ ਰਾਜਮਾਰਗ ’ਤੇ ਬਾਰਸ਼ ਕਾਰਨ ਜ਼ਮੀਨ ਖਿਸਕਣ ਕਾਰਨ ਮਲਬਾ ਅਤੇ ਪੱਥਰ ਡਿੱਗ ਗਏ। ਟਿਹਰੀ ਗੜ੍ਹਵਾਲ ਦੇ ਜ਼ਿਲ੍ਹਾ ਅਧਿਕਾਰੀ ਬ੍ਰਿਜੇਸ਼ ਭੱਟ ਨੇ ਦੱਸਿਆ ਕਿ ਰਿਸ਼ੀਕੇਸ਼-ਚੰਬਾ ਰਾਸ਼ਟਰੀ ਰਾਜਮਾਰਗ-94 ਬਾਗਧਰ ਨੇੜੇ ਭਾਰੀ ਮਲਬੇ ਅਤੇ ਪੱਥਰਾਂ ਦੇ ਡਿੱਗਣ ਕਾਰਨ ਬੰਦ ਹੈ।

ਉਨ੍ਹਾਂ ਕਿਹਾ, ‘ਕੱਲ੍ਹ ਆਏ ਭਾਰੀ ਮਲਬੇ ਅਤੇ ਪੱਥਰਾਂ ਕਾਰਨ ਰਾਸ਼ਟਰੀ ਰਾਜਮਾਰਗ ਪਿਛਲੇ 24 ਘੰਟਿਆਂ ਤੋਂ ਬੰਦ ਹੈ।’ ਉਨ੍ਹਾਂ ਕਿਹਾ, ‘ਮਲਬੇ ਨੂੰ ਹਟਾਉਣ ਅਤੇ ਹਾਈਵੇਅ ਨੂੰ ਖੋਲ੍ਹਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ, ਜਿਸ ਨੂੰ ਪੋਕਲੈਂਡ ਅਤੇ ਲੋਡਰ ਦੁਆਰਾ ਨਰੇਂਦਰ ਨਗਰ ਅਤੇ ਅਗਰਖਲ ਵੱਲ ਬੰਦ ਕੀਤਾ ਗਿਆ ਸੀ।’ ਇਸ ਤੋਂ ਪਹਿਲਾਂ ਉੱਤਰਾਖੰਡ ਦੇ ਰੁਦਰਪ੍ਰਯਾਗ ਜ਼ਿਲੇ ’ਚ ਚੌਂਕੀ ਫਾਟਾ ਦੇ ਹੇਠਾਂ ਪਹਾੜੀ ਤੋਂ ਭਾਰੀ ਮਲਬਾ ਡਿੱਗਣ ਕਾਰਨ ਕੇਦਾਰਨਾਥ ਧਾਮ ਵੱਲ ਜਾਣ ਵਾਲੇ ਗੁਪਤਕਾਸ਼ੀ-ਗੌਰੀਕੁੰਡ ਹਾਈਵੇਅ ਨੂੰ ਆਵਾਜਾਈ ਲਈ ਬੰਦ ਕਰ ਦਿੱਤਾ ਗਿਆ ਸੀ। ਅਧਿਕਾਰੀਆਂ ਮੁਤਾਬਕ ਇਸ ਘਟਨਾ ’ਚ ਸੜਕ ਦਾ ਕਰੀਬ 60 ਮੀਟਰ ਹਿੱਸਾ ਬੁਰੀ ਤਰ੍ਹਾਂ ਨਾਲ ਨੁਕਸਾਨਿਆ ਗਿਆ ਅਤੇ ਰੁੜ੍ਹ ਗਿਆ।

ਰੁਦਰਪ੍ਰਯਾਗ ਪੁਲਿਸ ਨੇ ਦੱਸਿਆ ਕਿ ਹੇਠਲੇ ਖੇਤਰ (ਚੌਂਕੀ ਜਵਦੀ, ਕੋਤਵਾਲੀ ਰੁਦਰਪ੍ਰਯਾਗ, ਚੌਂਕੀ ਤਿਲਵਾੜਾ, ਥਾਣਾ ਅਗਸਤਿਆਮੁਨੀ, ਕੱਕਦਾਗੜ) ਦੇ ਪੁਲਿਸ ਸਟੇਸ਼ਨਾਂ ਤੋਂ ਲੋਕਾਂ ਅਤੇ ਯਾਤਰੀਆਂ ਨੂੰ ਰੁਕਾਵਟ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਰੁਦਰਪ੍ਰਯਾਗ ਸਮੇਤ ਰਾਜ ਦੇ ਕਈ ਜ਼ਿਲ੍ਹਿਆਂ ਵਿੱਚ ਲਗਾਤਾਰ ਮੀਂਹ ਪੈ ਰਿਹਾ ਹੈ।



ਸੂਰਤ ਵਿੱਚ ਰੱਖੜੀ ਬੰਧਨ ਤਿਉਹਾਰ ਤੋਂ ਪਹਿਲਾਂ ਇੱਕ ਬਾਜ਼ਾਰ ਵਿੱਚ ਔਰਤਾਂ ਰੱਖੜੀ ਖਰੀਦੀਆਂ ਹੋਈਆਂ।



(ਫੋਟੋ : ਧੰਨਵਾਦ ਸਹਿਤ ਸੋਸ਼ਲ ਮੀਡੀਆ)

ਪਟਿਆਲਾ ਵਿੱਚ, ਪਾਸੀ ਰੋਡ ਨੂੰ ਰੋਕਣ ਵਾਲੇ ਇੱਕ ਉੱਖੜੇ ਦਰੱਖਤ ਵਿੱਚੋਂ ਲੰਘਦੇ ਹੋਏ ਯਾਤਰੀ

# ਸ਼ਿਮਲਾ 'ਚ ਵੱਡਾ ਹਾਦਸਾ, 9 ਲੋਕਾਂ ਦੀ ਦਰਦਨਾਕ ਮੌਤ ! ਬਚਾਅ ਕਾਰਜ ਜਾਰੀ





ਸ਼ਿਮਲਾ : ਹਿਮਾਚਲ ਪ੍ਰਦੇਸ਼ ਦੀ ਰਾਜਧਾਨੀ ਸ਼ਿਮਲਾ ਵਿੱਚ ਇੱਕ ਵੱਡਾ ਹਾਦਸਾ ਵਾਪਰਿਆ ਹੈ। ਇੱਥੇ ਭਾਰੀ ਮੀਂਹ ਕਾਰਨ ਇੱਕ ਸ਼ਿਵ ਮੰਦਰ ਢਿੱਗਾਂ ਦੀ ਲਪੇਟ ਵਿੱਚ ਆ ਗਿਆ। ਇਸ ਵਿੱਚ 40 ਤੋਂ ਵੱਧ ਲੋਕਾਂ ਦੇ ਦੱਬੇ ਜਾਣ ਦਾ ਮਾਮਲਾ ਸਾਹਮਣੇ ਆ ਰਿਹਾ ਹੈ। ਇਹ ਘਟਨਾ ਸ਼ਿਮਲਾ ਦੇ ਸਮਰਹਿਲ ਇਲਾਕੇ ਦੀ ਹੈ।

ਜਾਣਕਾਰੀ ਮੁਤਾਬਕ ਮਲਬੇ 'ਚੋਂ ਪੰਜ ਲਾਸ਼ਾਂ ਕੱਢੀਆਂ ਗਈਆਂ ਹਨ। ਮੌਕੇ 'ਤੇ ਬਚਾਅ ਕਾਰਜ ਜਾਰੀ ਹੈ। ਸਾਵਣ ਦਾ ਸੋਮਵਾਰ ਹੋਣ ਕਾਰਨ ਵੱਡੀ ਗਿਣਤੀ 'ਚ ਲੋਕ ਮੰਦਰ 'ਚ ਪੁੱਜੇ ਹੋਏ ਸਨ। ਦੂਜੇ ਪਾਸੇ ਸ਼ਿਮਲਾ ਦੀ ਲਾਲ ਕੋਠੀ 'ਚ ਜ਼ਮੀਨ ਖਿਸਕਣ ਕਾਰਨ ਕੁਝ ਲੋਕਾਂ ਦੇ ਦੱਬੇ ਜਾਣ ਦੀ ਸੰਭਾਵਨਾ ਹੈ। ਹਿਮਾਚਲ ਦੇ ਮੁੱਖ ਮੰਤਰੀ ਸੁਖਵਿੰਦਰ ਸਿੰਘ ਸੁੱਖੂ ਨੇ ਟਵੀਟ ਕਰਕੇ ਇਸ ਘਟਨਾ 'ਤੇ ਦੁੱਖ ਪ੍ਰਗਟ ਕੀਤਾ ਹੈ।

ਸ਼ਿਮਲਾ ਦੇ ਐਸਪੀ ਸੰਜੀਵ ਕੁਮਾਰ ਗਾਂਧੀ ਨੇ ਦੱਸਿਆ ਕਿ ਜ਼ਮੀਨ ਖਿਸਕਣ ਨਾਲ ਇੱਕ ਮੰਦਰ ਢਹਿ ਗਿਆ। ਇਸ ਨਾਲ ਆਲੇ-ਦੁਆਲੇ ਦੀਆਂ ਇਮਾਰਤਾਂ ਲਈ ਵੀ ਖਤਰਾ ਬਣਿਆ ਹੋਇਆ ਹੈ। ਕਈ ਲੋਕ ਫਸੇ ਹੋਏ ਹਨ। ਬਚਾਅ ਕਾਰਜ ਜਾਰੀ ਹੈ। ਮੌਕੇ 'ਤੇ ਲੈਂਡ ਸਲਾਈਡ ਵੀ ਹੋ ਰਹੀ ਹੈ। ਸਾਵਣ ਸੋਮਵਾਰ ਹੋਣ ਕਾਰਨ ਬਹੁਤ ਸਾਰੇ ਲੋਕ ਸਵੇਰ ਤੋਂ ਹੀ ਮੰਦਰ ਪਹੁੰਚੇ ਸਨ। ਜਾਣਕਾਰੀ ਮਿਲੀ ਹੈ ਕਿ ਮੌਂਟੂ ਪੁੱਤਰ ਜਯੰਤ, ਨੀਰਜ ਪੁੱਤਰ ਸ਼ਾਂਤੀ ਸਵਰੂਪ, ਸੰਜੂ ਪੁੱਤਰ ਮੋਹਨ, ਹਰੀਸ਼ ਵਕੀਲ ਅਤੇ ਪਵਨ ਸ਼ਰਮਾ ਦੇ ਪਰਿਵਾਰ ਦੇ 7 ਲੋਕਾਂ ਨੂੰ ਸ਼ਿਵ ਮੰਦਰ 'ਚ ਦਫਨਾਇਆ ਗਿਆ। ਇਨ੍ਹਾਂ ਤੋਂ ਇਲਾਵਾ ਸ਼ੰਕਰ ਨੇਗੀ, ਪੰਡਿਤ ਰਾਜੇਸ਼ ਸਮੇਤ ਕਈ ਲੋਕ ਸ਼ਾਮਲ ਹਨ।

# ਰੁਦਰਾਪ੍ਰਯਾਗ ਜ਼ਿਲ੍ਹੇ ਦੇ ਤਰਸਾਲੀ 'ਚ ਢਿੱਗਾਂ ਡਿੱਗਣ ਕਾਰਨ ਪੰਜ ਤੀਰਥ ਯਾਤਰੀਆਂ ਦੀ ਮੌਤ

## ਕੇਦਾਰਨਾਥ ਦੇ ਦਰਸ਼ਨ ਲਈ ਜਾ ਰਹੇ ਸਨ ਸ਼ਰਧਾਲੂ







ਰੁਦਰਪ੍ਰਯਾਗ : ਰੁਦਰਪ੍ਰਯਾਗ ਜ਼ਿਲ੍ਹੇ ਦੇ ਤਰਸਾਲੀ ਵਿੱਚ ਕਾਰ ਉੱਤੇ ਢਿੱਗਾਂ ਡਿੱਗਣ ਕਾਰਨ ਪੰਜ ਤੀਰਥ ਯਾਤਰੀਆਂ ਦੀ ਮੌਤ ਹੋ ਗਈ। ਇਹ ਇਲਾਕਾ ਚੌਕੀ ਫੱਟਾ ਅਧੀਨ ਆਉਂਦਾ ਹੈ। ਪੁਲੀਸ ਨੇ ਅੱਜ ਦੱਸਿਆ ਕਿ ਇਹ ਤੀਰਥ ਯਾਤਰੀ, ਜਿਨ੍ਹਾਂ ਵਿੱਚੋਂ ਇਕ ਗੁਜਰਾਤ ਦਾ ਵਸਨੀਕ ਵੀ ਸ਼ਾਮਲ ਸੀ, ਕੇਦਰਾਨਾਥ ਧਾਮ ਦੇ ਦਰਸ਼ਨਾਂ ਲਈ ਜਾ ਰਹੇ ਸਨ। ਢਿੱਗਾਂ ਡਿੱਗਣ ਕਾਰਨ ਤਰਸਾਲੀ ਨੇੜੇ ਕੇਦਾਰਨਾਥ ਹਾਈਵੇਅ 60 ਮੀਟਰ ਤਕ ਨੁਕਸਾਨਿਆ ਗਿਆ ਹੈ। ਢਿੱਗਾਂ ਹੇਠ ਦੱਬੀ ਹੋਈ ਕਾਰ ਬਾਰੇ ਸ਼ੁੱਕਰਵਾਰ ਨੂੰ ਜਾਣਕਾਰੀ ਮਿਲੀ ਜਿਸ ਮਗਰੋਂ ਕਾਰ ਵਿੱਚੋਂ ਲਾਸ਼ਾਂ ਨੂੰ ਕੱਢਿਆ ਗਿਆ। ਮ੍ਰਿਤਕਾਂ ਵਿੱਚ ਗੁਜਰਾਤ ਦਾ ਵਸਨੀਕ ਵੀ ਸ਼ਾਮਲ ਹੈ। ਪੁਲੀਸ ਅਨੁਸਾਰ ਘਟਨਾ ਦੀ ਜਾਂਚ ਕੀਤੀ ਜਾ ਰਹੀ ਹੈ।

ਹਾਦਸੇ ਕਾਰਨ ਸ਼ੁੱਕਰਵਾਰ ਨੂੰ ਗੁਪਤਕਾਸ਼ੀ-ਗੌਰੀਕੁੰਡ ਹਾਈਵੇਅ 'ਤੇ ਆਵਾਜਾਈ 'ਚ ਵਿਘਨ ਪਿਆ। ਏ ?ਸ ਹਾਈਵੇਅ ਰਾਹੀਂ ਸ਼ਰਧਾਲੂ ਕੇਦਾਰਨਾਥ ਧਾਮ ਦੇ ਦਰਸ਼ਨ ਕਰਨ ਲਈ ਜਾਂਦੇ ਹਨ। ਪੁਲੀਸ ਅਨੁਸਾਰ ਇਸ ਕੌਮੀ ਹਾਈਵੇਅ ਦਾ 60 ਮੀਟਰ ਹਿੱਸਾ ਬੁਰੀ ਤਰ੍ਹਾਂ ਨੁਕਸਾਨਿਆ ਗਿਆ ਹੈ। ਕਾਬਿਲੇਗੌਰ ਹੈ ਕਿ ਉੱਤਰਾਖੰਡ ਦੇ ਕਈ ਜ਼ਿਲ੍ਹਿਆਂ, ਜਿਨ੍ਹਾਂ ਵਿੱਚ ਰੁਦਰਪ੍ਰਯਾਗ ਵੀ ਸ਼ਾਮਲ ਹੈ, ਵਿੱਚ ਬੀਤੇ ਕਈ ਦਿਨਾਂ ਤੋਂ ਭਾਰੀ ਮੀਂਹ ਪੈ ਰਿਹਾ ਹੈ।

# ਨਗਰ ਪੰਚਾਇਤ ਪਿੱਪਲਕੋਟੀ ਦੇ ਮਾਇਆਪੁਰ ਵਿੱਚ ਪਿਆ ਭਾਰੀ ਮੀਂਹ

ਚਮੋਲੀ (ਉਤਰਾਖੰਡ) : ਉਤਰਾਖੰਡ ਦੇ ਚਮੋਲੀ ਜ਼ਿਲ੍ਹੇ ਦੇ ਪਿੱਪਲਕੋਟੀ ਖੇਤਰ ਵਿੱਚ ਬਦਰੀਨਾਥ ਰਾਸ਼ਟਰੀ ਰਾਜਮਾਰਗ ਨੂੰ ਰੁਕ-ਰੁਕ ਕੇ ਬਾਰਿਸ਼ ਦੇ ਬਾਅਦ ਜ਼ਮੀਨ ਖਿਸਕਣ ਕਾਰਨ ਮਲਬੇ ਦੇ ਕਾਰਨ ਬੰਦ ਕਰ ਦਿੱਤਾ ਗਿਆ ਹੈ। ਮਲਬੇ ਹੇਠ ਕਈ ਵਾਹਨ ਵੀ ਦਬ ਗਏ ਹਨ।

ਚਮੋਲੀ ਦੇ ਜ਼ਿਲ੍ਹਾ ਮੈਜਿਸਟਰੇਟ, ਹਿਮਾਂਸ਼ੂ ਖ਼ੁਰਾਣਾ ਨੇ ਏਐਨਆਈ ਨੂੰ ਦੱਸਿਆ, 'ਪਿਪਲਕੋਟੀ ਵਿੱਚ ਪਹਾੜ ਤੋਂ ਭਾਰੀ ਮਲਬਾ ਡਿੱਗਣ ਕਾਰਨ, ਬਹੁਤ ਸਾਰੇ ਵਾਹਨ ਮਲਬੇ ਹੇਠਾਂ ਦੱਬ ਗਏ ਅਤੇ ਸੜਕਾਂ ਬੰਦ ਹੋ ਗਈਆਂ ਹਨ।'

ਜ਼ਿਲ੍ਹਾ ਮੈਜਿਸਟਰੇਟ ਨੇ ਦੱਸਿਆ ਕਿ ਫਿਲਹਾਲ ਮਲਬੇ ਹੇਠ ਵਾਹਨ ਦੱਬੇ ਹੋਏ ਹਨ ਅਤੇ ਪਿੱਪਲਕੋਟੀ ਵਿਖੇ ਇੱਕ ਵਿਅਕਤੀ ਦੇ ਮਲਬੇ ਹੇਠ ਦੱਬੇ ਹੋਣ ਦੀ ਸੂਚਨਾ ਮਿਲੀ ਹੈ।

ਇਸਨੇ ਦੇਹਰਾਦੂਨ, ਪੌੜੀ, ਟਿਹਰੀ, ਨੈਨੀਤਾਲ, ਚੰਪਾਵਤ ਅਤੇ ਊਧਮ ਸਿੰਘ ਨਗਰ ਵਿੱਚ ਅਲੱਗ-ਥਲੱਗ ਥਾਵਾਂ 'ਤੇ ਬਿਜਲੀ ਦੇ ਨਾਲ ਬਹੁਤ ਭਾਰੀ ਤੋਂ ਬਹੁਤ ਜ਼ਿਆਦਾ ਭਾਰੀ ਮੀਂਹ/ਗਰਜ਼-ਤੂਫ਼ਾਨ ਦੀ ਭਵਿੱਖਬਾਣੀ ਕੀਤੀ ਹੈ ਅਤੇ ਬਹੁਤ ਹੀ ਤੀਬਰ ਤੋਂ ਬਹੁਤ ਤੀਬਰ ਸਪੈੱਲ ਹੋਣ ਦੀ ਸੰਭਾਵਨਾ ਹੈ।

ਅਧਿਕਾਰਤ ਅਨੁਮਾਨਾਂ ਅਨੁਸਾਰ ਇਸ ਮਾਨਸੂਨ ਸੈਸ਼ਨ ਦੌਰਾਨ ਮੀਂਹ ਨਾਲ ਸਬੰਧਤ ਘਟਨਾਵਾਂ ਕਾਰਨ 52 ਲੋਕਾਂ ਦੀ ਮੌਤ ਹੋ ਗਈ ਸੀ ਜਦਕਿ 37 ਲੋਕ ਜ਼ਖਮੀ ਹੋ ਗਏ ਸਨ। ਉੱਤਰਾਖੰਡ 'ਚ ਭਾਰੀ ਮੀਂਹ ਕਾਰਨ ਕਈ ਥਾਵਾਂ 'ਤੇ ਜ਼ਮੀਨ ਖਿਸਕਣ ਅਤੇ ਹੜ੍ਹ ਦੀ ਸਥਿਤੀ ਪੈਦਾ ਹੋ ਗਈ ਹੈ।

ਮੁੱਖ ਮੰਤਰੀ ਦੀਆਂ ਹਦਾਇਤਾਂ 'ਤੇ ਮੀਂਹ ਨਾਲ ਪ੍ਰਭਾਵਿਤ ਥਾਵਾਂ 'ਤੇ ਐਸਡੀਆਰਐਫ ਅਤੇ ਐਨਡੀਆਰਐਫ ਦੇ ਜਵਾਨ ਤਾਇਨਾਤ ਕੀਤੇ ਗਏ ਹਨ।



(ਫੋਟੋ : ਧੰਨਵਾਦ ਸਹਿਤ ਸੋਸ਼ਲ ਮੀਡੀਆ)

# ਹਾਕੀ:ਭਾਰਤ ਨੇ ਏਸ਼ੀਅਨ ਚੈਂਪੀਅਨਜ਼ ਟਰਾਫੀ ਜਿੱਤੀ

## ਮਲੇਸ਼ੀਆ ਨੂੰ 4-3 ਗੋਲਾਂ ਨਾਲ ਹਰਾ ਕੇ ਰਿਕਾਰਡ ਚੌਥੀ ਵਾਰ ਜਿੱਤਿਆ ਖਿਤਾਬ









ਚੇਨੱਈ : ਭਾਰਤੀ ਹਾਕੀ ਟੀਮ ਨੇ ਏਸ਼ੀਅਨ ਚੈਂਪੀਅਨਸ ਟਰਾਫੀ ਦਾ ਖਿਤਾਬ ਜਿੱਤ ਲਿਆ ਹੈ। ਭਾਰਤੀ ਟੀਮ ਨੇ ਫਾਈਨਲ ’ਚ ਮਲੇਸ਼ੀਆ ਨੂੰ 4-3 ਨਾਲ ਹਰਾ ਕੇ ਖ਼ਿਤਾਬ ਜਿੱਤਿਆ। ਟੂਰਨਾਮੈਂਟ ਦਾ ਖ਼ਿਤਾਬੀ ਮੁਕਾਬਲਾ ਚੇਨਈ ਦੇ ਮੇਅਰ ਰਾਧਾਕ੍ਰਿਸ਼ਣਨ ਸਟੇਡੀਅਮ ’ਚ ਖੇਡਿਆ ਗਿਆ। ਭਾਰਤ ਦੀ ਜਿੱਤ ਤੋਂ ਬਾਅਦ ਮੈਦਾਨ ‘ਵੰਦੇ ਮਾਤਰਮ’ ਨਾਲ ਗੂੰਜ ਉੱਠਿਆ। ਭਾਰਤੀ ਹਾਕੀ ਟੀਮ ਚੈਂਪੀਅਨਸ ਟਰਾਫੀ ਦੌਰਾਨ ਸ਼ਾਨਦਾਰ ਲੈਅ ’ਚ ਨਜ਼ਰ ਆਈ।

ਇਸ ਦੇ ਨਾਲ ਹੀ ਸਟੇਡੀਅਮ ’ਚ ‘ਵੰਦੇ ਮਾਤਰਮ’ ਦੇ ਜੈਕਾਰੇ ਗੂੰਜਣ ਦੀ ਵੀਡੀਓ ਹਾਕੀ ਇੰਡੀਆ ਦੇ ਅਧਿਕਾਰਤ ਸੋਸ਼ਲ ਮੀਡੀਆ ਰਾਹੀਂ ਵਾਇਰਲ ਕੀਤੀ ਗਈ। ਵੀਡੀਓ ’ਚ ਦੇਖਿਆ ਜਾ ਸਕਦਾ ਹੈ ਕਿ ਭਾਰਤ ਦੀ ਜਿੱਤ ਤੋਂ ਬਾਅਦ ਪ੍ਰਸ਼ੰਸਕ ਹੱਥਾਂ ’ਚ ਤਿਰੰਗਾ ਲਹਿਰਾਉਂਦੇ ਹੋਏ ਵੰਦੇ ਮਾਤਰਮ ਗਾਉਂਦੇ ਨਜ਼ਰ ਆ ਰਹੇ ਹਨ। ਇਹ ਵੀਡੀਓ ਸੱਚਮੁੱਚ ਦੇਖਣ ਯੋਗ ਹੈ। ਭਾਰਤੀ ਟੀਮ ਨੇ ਚੌਥੀ ਵਾਰ ਏਸ਼ੀਅਨ ਚੈਂਪੀਅਨਸ ਟਰਾਫੀ ਦਾ ਖਿਤਾਬ ਜਿੱਤਿਆ ਹੈ। ਭਾਰਤ ਨੇ ਫਾਈਨਲ ’ਚ ਹਾਰ ਨੂੰ ਉਲਟਾ ਦਿੱਤਾ।

ਭਾਰਤੀ ਟੀਮ ਪਹਿਲੇ ਹਾਫ ’ਚ 2 ਗੋਲਾਂ ਨਾਲ ਪਿੱਛੇ ਸੀ, ਫਿਰ ਮੈਚ ਦਾ ਸਕੋਰ 3-1 ਸੀ। ਇਸ ਤੋਂ ਬਾਅਦ ਭਾਰਤ ਵੱਲੋਂ ਮੈਚ ਦੇ ਆਖਰੀ ਦੋ ਕੁਆਰਟਰਾਂ ’ਚ ਤਿੰਨ ਗੋਲ ਕੀਤੇ ਗਏ ਅਤੇ ਮੈਚ 4-3 ਨਾਲ ਜਿੱਤ ਲਿਆ। ਭਾਰਤ ਲਈ ਜੁਗਰਾਜ ਸਿੰਘ ਨੇ 9ਵੇਂ ਮਿੰਟ ’ਚ ਪਹਿਲਾ ਗੋਲ ਕੀਤਾ। ਇਸ ਤੋਂ ਬਾਅਦ 45ਵੇਂ ਮਿੰਟ ’ਚ ਕਪਤਾਨ ਹਰਮਨਪ੍ਰੀਤ ਸਿੰਘ ਅਤੇ ਗੁਰਜੰਟ ਸਿੰਘ ਨੇ 1-1 ਗੋਲ ਕੀਤਾ। ਫਿਰ 56ਵੇਂ ਮਿੰਟ ’ਚ ਅਕਾਸ਼ਦੀਪ ਸਿੰਘ ਨੇ ਚੌਥਾ ਗੋਲ ਕਰਕੇ ਟੀਮ ਨੂੰ ਬੜ੍ਹਤ ਦਿਵਾਈ ਅਤੇ ਜਿੱਤ ਦਰਜ ਕਰਵਾਈ।

ਦੱਸ ਦੇਈਏ ਕਿ ਭਾਰਤੀ ਹਾਕੀ ਟੀਮ ਏਸ਼ੀਅਨ ਚੈਂਪੀਅਨਸ ਟਰਾਫੀ ’ਚ ਕੋਈ ਵੀ ਮੈਚ ਨਹੀਂ ਹਾਰੀ ਹੈ। ਟੀਮ ਦਾ ਇਕ ਮੈਚ ਡਰਾਅ ਰਿਹਾ। ਭਾਰਤ ਨੇ ਪਹਿਲਾ ਮੈਚ ਚੀਨ ਨਾਲ ਖੇਡਿਆ, ਜਿਸ ’ਚ ਭਾਰਤ ਨੇ 7-2 ਨਾਲ ਜਿੱਤ ਦਰਜ ਕੀਤੀ। ਇਸ ਤੋਂ ਬਾਅਦ ਜਾਪਾਨ ਖ਼ ?ਲਾਫ਼ ਮੈਚ 1-1 ਨਾਲ ਡਰਾਅ ਰਿਹਾ। ਇਸ ਤੋਂ ਬਾਅਦ ਭਾਰਤ ਨੇ ਤੀਜੇ ਮੈਚ ’ਚ ਮਲੇਸ਼ੀਆ ਨੂੰ 5-0 ਨਾਲ, ਚੌਥੇ ਮੈਚ ’ਚ ਕੋਰੀਆ ਨੂੰ 3-2 ਨਾਲ ਅਤੇ ਫਿਰ ਗਰੁੱਪ ਸਟੇਜ਼ ਦੇ ਆਖਰੀ ਮੈਚ ’ਚ ਪੰਜਵੇਂ ਮੈਚ ’ਚ ਪਾਕਿਸਤਾਨ ਨੂੰ 4-0 ਨਾਲ ਹਰਾਇਆ।


















# ਕੈਨੇਡਾ ਦੇ ਸ਼ਹਿਰ ਵਿਨੀਪੈਗ ਵਿੱਚ ਸੰਪੰਨ ਹੋਈਆਂ 'ਵਰਲਡ ਪੁਲਿਸ ਤੇ ਫਾਇਰ ਗੇਮਜ਼' ਦੌਰਾਨ ਪੰਜਾਬ ਦੇ ਦੋ ਨੌਜਵਾਨ




ਅਬੋਹਰ ਨਿਵਾਸੀ ਲਖਵਿੰਦਰ ਸਿੰਘ ਪੁੱਤਰ ਸ.ਫ਼ੌਜਾ ਸਿੰਘ ਨੇ ਜੈਵਲਿਨ ਥਰੋ ਵਿੱਚ ਅਤੇ ਅਥਲੀਟ ਹਰਪ੍ਰੀਤ ਸਿੰਘ ਸਪੁੱਤਰ ਸ.ਜਸਵੰਤ ਸਿੰਘ ਨੰਬਰਦਾਰ ਪਿੰਡ ਚੱਕ ਸ਼ਿਕਾਰ ਗਾਹ (ਫਿਰੋਜ਼ਪੁਰ) ਨੇ ਡਿਸਕਿਸ ਥਰੋ ਈਵੈਂਟ ਵਿੱਚ ਪਹਿਲੇ ਸਥਾਨ 'ਤੇ ਕਾਬਜ਼ ਰਹਿਕੇ ਗੋਲਡ ਮੈਡਲ ਜਿੱਤ ਨਾ ਕੇਵਲ ਪੰਜਾਬ ਸਗੋਂ ਪੂਰੇ ਦੇਸ਼ ਦਾ ਮਾਣ ਵਧਾਇਆ ਹੈ। ਹਰਪ੍ਰੀਤ ਸਿੰਘ ਅਤੇ ਲਖਵਿੰਦਰ ਸਿੰਘ ਦੇ ਨਾਲ ਨਾਲ ਉਨ੍ਹਾਂ ਦੀ ਸਫਲਤਾ ਲਈ ਸਮੁੱਚੇ ਪਰਿਵਾਰ ਅਤੇ ਕੋਚ ਸਹਿਬਾਨਾਂ ਨੂੰ ਵੀ ਮੁਬਾਰਕਬਾਦ

# ਆਜ਼ਾਦੀ ਦੇ ਅੰਮ੍ਰਿਤ ਕਾਲ 'ਚ ਦੇਸ਼ ਨੂੰ ਮਹਾਨ ਬਣਾਉਣ ਲਈ ਖ਼ੁਦ ਨੂੰ ਭਾਰਤ ਮਾਤਾ ਨੂੰ ਸਮਰਪਿਤ ਕਰਨ ਨੌਜਵਾਨ: ਸ਼ਾਹ



ਅਹਿਮਦਾਬਾਦ : ਭਾਰਤ ਦੇ 77ਵੇਂ ਸੁਤੰਤਰਤਾ ਦਿਹਾੜੇ ਤੋਂ ਪਹਿਲਾਂ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਅੱਜ ਇੱਥੇ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹ ਦੇਸ਼ ਨੂੰ ਮਹਾਨ ਰਾਸ਼ਟਰ ਬਣਾਉਣ ਲਈ 'ਆਜ਼ਾਦੀ ਦੇ ਅੰਮ੍ਰਿਤ ਕਾਲ' ਦੇ 25 ਸਾਲਾਂ ਦੌਰਾਨ ਆਪਣੇ ਆਪ ਨੂੰ ਸਮਰਪਿਤ ਕਰਨ। ਸ਼ਾਹ ਅਤੇ ਗੁਜਰਾਤ ਦੇ ਮੁੱਖ ਮੰਤਰੀ ਭੂਪੇਂਦਰ ਪਟੇਲ ਨੇ ਇੱਥੇ ਅਹਿਮਦਾਬਾਦ ਮਿਊਂਸੀਪਲ ਕਾਰਪੋਰੇਸ਼ਨ (ਏ.ਐੱਮ.ਸੀ.) ਵੱਲੋਂ ਆਯੋਜਿਤ 'ਤਿਰੰਗਾ ਯਾਤਰਾ' ਨੂੰ ਹਰੀ ਝੰਡੀ ਦਿਖਾ ਕੇ ਰਵਾਨਾ ਕੀਤਾ। ਸ਼ਾਹ ਨੇ ਕਿਹਾ, "ਸਾਨੂੰ ਹੁਣ ਦੇਸ਼ ਲਈ ਆਪਣੀਆਂ ਜਾਨਾਂ ਕੁਰਬਾਨ ਕਰਨ ਦੀ ਲੋੜ ਨਹੀਂ ਹੈ, ਕਿਉਂਕਿ ਅਸੀਂ ਆਜ਼ਾਦ ਹਾਂ ਪਰ ਸਾਨੂੰ ਆਪਣੇ ਦੇਸ਼ ਲਈ ਜਿਊਣ ਤੋਂ ਕੋਈ ਨਹੀਂ ਰੋਕ ਸਕਦਾ।"

ਸ਼ਾਹ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਪੀਲ 'ਤੇ 15 ਅਗਸਤ 2022 ਨੂੰ ਹਰ ਘਰ 'ਚ ਰਾਸ਼ਟਰੀ ਝੰਡਾ ਲਹਿਰਾਇਆ ਗਿਆ। ਕੇਂਦਰੀ ਮੰਤਰੀ ਨੇ ਕਿਹਾ ਕਿ ਜੇਕਰ ਗੁਜਰਾਤ 'ਚ ਇਕ ਕਰੋੜ ਪਰਿਵਾਰ 'ਚੋਂ ਹਰ ਇਕ ਆਪਣੇ ਘਰ ਤਿਰੰਗਾ ਲਹਿਰਾਉਂਦਾ ਹੈ ਤਾਂ ਪੂਰਾ ਸੂਬਾ ਅਤੇ ਦੇਸ਼ 'ਤਿਰੰਗੇ ਦੇ ਰੰਗ 'ਚ ਰੰਗਿਆ' ਜਾਵੇਗਾ।

# 24 ਸਾਲਾ ਦੇ ਗੁਜਰਾਤੀ ਮੂਲ ਦੇ ਨੌਜਵਾਨ ਦੀ ਕਾਰਾਂ ਦੀ ਲਪੇਟ ਵਿੱਚ ਆ ਕੇ ਮੌਤ

## ਬੇਸੁੱਧ ਬੇਧਿਆਨ ਫੋਨ ਉਪਰ ਗੱਲਬਾਤ ਭਿਆਨਕ ਮੌਤ ਦਾ ਕਾਰਨ ਬਣੀ

ਹਿਊਸਟਨ/ ਟੈਕਸਾਸ : ਬੀਤੇ ਦਿਨ ਟੈਕਸਾਸ ਸੂਬੇ ਦੇ ਹਿਊਸਟਨ ਸ਼ਹਿਰ ਵਿੱਚ ਵਾਪਰੇ ਇਕ ਭਿਆਨਕ ਸੜਕ ਹਾਦਸੇ ਵਿੱਚ ਇਕ ਭਾਰਤੀ ਮੂਲ ਦੇ ਗੁਜਰਾਤ ਨਾਲ ਸੰਬੰਧਤ ਨੌਜਵਾਨ ਦੀ ਮੌਤ ਹੋ ਗਈ ਹੈ। ਮਾਰੇ ਗਏ ਨੌਜਵਾਨ ਦੀ ਪਹਿਚਾਣ ਗੁਜਰਾਤ ਦੇ ਪਾਟਨ ਦੇ ਨਿਵਾਸੀ ਦਰਸ਼ੀਲ ਠੱਕਰ ਪੁੱਤਰ ਰਮੇਸ਼ਭਾਈ ਠੱਕਰ ਦੇ ਵਜੋ ਹੋਈ ਹੈ। ਇਹ 24 ਸਾਲਾ ਦਾ ਨੌਜਵਾਨ ਜਿੱਥੇ ਸੜਕ ਪਾਰ ਕਰਦੇ ਸਮੇਂ ਆਪਣੇ ਮਾਪਿਆ ਦੇ ਨਾਲ ਵੀਡੀਓ ਕਾਲ ਤੇ ਗੱਲ ਕਰਦੇ ਸਮੇਂ ਰੋਡ ਪਾਰ ਕਰ ਰਿਹਾ ਸੀ ਜਿਸ ਉਪਰੋ 14 ਦੇ ਕਰੀਬ ਕਾਰਾਂ ਉਸ ਦੇ ਉਪਰੋਂ ਲੰਘ ਗਈਆਂ ਅਤੇ ਉਸ ਦੀ ਲਾਸ਼ ਦੇ ਚਿਥੜੇ ਉੱਡ ਗਏ ਭਾਰਤ ਤੋ ਦੋ ਹਫਤੇ ਦੇ ਕਰੀਬ ਪਹਿਲੇ ਉਹ ਅਮਰੀਕਾ ਦੀ ਯਾਤਰਾ ਲਈ ਇਥੇ ਆਇਆ ਸੀ।ਅਤੇ ਉਸ ਕੋਲੋ ਵਿਜ਼ਟਰ ਵੀਜ਼ਾ ਸੀ। ਅਤੇ ਉਸ ਨੇ 26 ਸਤੰਬਰ ਨੂੰ ਭਾਰਤ ਪਰਤਣਾ ਸੀ। ਅਤੇ ਬੀਤੇਂ




ਦਿਨੀਂ ਨੂੰ ਉਹ ਅਮਰੀਕਾ ਦੇ ਸੂਬੇ ਟੈਕਸਾਸ ਦੇ ਸ਼ਹਿਰ ਹਿਊਸਟਨ ਵਿਖੇਂ ਸੈਰ ਕਰਨ ਗਿਆ ਸੀ ਅਤੇ ਆਪਣੇ ਮਾਪਿਆਂ ਨਾਲ ਵੀਡੀਓ ਕਾਲ 'ਤੇ ਗੱਲ ਕਰ ਰਿਹਾ ਸੀ। ਸੜਕ ਪਾਰ ਕਰਦੇ ਸਮੇਂ, ਉਸਨੇ ਦੇਖਿਆ ਕਿ ਸਿਗਨਲ ਬੰਦ ਸੀ, ਪਰ ਜਦੋਂ ਉਹ ਸੜਕ ਦੇ ਵਿਚਕਾਰ ਸੀ ਤਾਂ ਗਰੀਬ ਲਾਇਟ ਦਾ ਸ਼ਿਗਨਲ ਦੁਬਾਰਾ ਖੁੱਲ੍ਹ ਗਿਆ। ਅਤੇ ਬਦਕਿਸਮਤੀ ਦੇ ਨਾਲ, ਸਿਗਨਲ ਦੁਬਾਰਾ ਖੁੱਲ੍ਹਣ 'ਤੇ 14 ਦੇ ਕਰੀਬ ਤੇਜ਼ ਰਫਤਾਰ ਕਾਰਾਂ ਉਸ ਦੇ ਉਪਰੋਂ ਲੰਘ ਗਈਆਂ, ਅਤੇ ਇਸ ਦਰਦਨਾਇਕ ਹਾਦਸੇ 'ਚ ਦਰਸ਼ੀਲ ਠੱਕਰ ਦੀ ਮੌਤ ਹੋ ਗਈ। ਉਸ ਦੀ ਮੌਤ ਬਾਰੇ ਪਤਾ ਲੱਗਣ 'ਤੇ ਉਸ ਦੇ ਪਰਿਵਾਰ ਨੇ ਸਰਕਾਰ ਨੂੰ ਉਸ ਦੀ ਮ੍ਰਿਤਕ ਦੇਹ ਨੂੰ ਭਾਰਤ ਵਾਪਸ ਲਿਆਉਣ ਦੀ ਅਪੀਲ ਕੀਤੀ ਸੀ ।ਹਾਲਾਂਕਿ, ਅਮਰੀਕਾ ਵਿੱਚ ਡਾਕਟਰਾਂ ਨੇ ਉਨ੍ਹਾਂ ਨੂੰ ਦੱਸਿਆ ਕਿ ਉਸਦੀ ਲਾਸ਼ ਭਾਰਤ ਵਾਪਸ ਆਉਣ ਦੀ ਸਥਿਤੀ ਵਿੱਚ ਨਹੀਂ ਹੈਹੈ।ਅਤੇ ਉਸ ਦਾ ਅੰਤਿਮ ਸੰਸਕਾਰ ਐਤਵਾਰ ਨੂੰ ਅਮਰੀਕਾ 'ਚ ਕਰ ਦਿੱਤਾ ਗਿਆ ਹੈ।

# ਅਮਰੀਕਾਦੇ ਸੂਬੇ ਯੂਟਾਹ ਆਉਣ ਤੇ ਰਾਸ਼ਟਰਪਤੀ ਨੂੰ ਸਿਝ ਲੈਣ ਦੀਆਂ ਧਮਕੀਆਂ ਦੇਣ ਵਾਲਾ ਵਿਅਕਤੀ ਐਫ ਬੀ ਆਈ ਹੱਥੋਂ ਮਾਰਿਆ ਗਿਆ

## ਇਸ ਤੋਂ ਕੁਝ ਘੰਟੇ ਬਾਅਦ ਬਾਈਡਨ ਯੂਟਾਹ ਪੁੱਜੇ

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਅਮਰੀਕਾ ਦੇ ਯੂਟਾਹ ਰਾਜ ਦਾ ਇਕ ਵਿਅਕਤੀ ਜਿਸ ਨੇ ਰਾਸ਼ਟਰਪਤੀ ਜੋ ਬਾਈਡਨ ਵਿਰੁੱਧ ਧਮਕੀ ਭਰੇ ਬਿਆਨ ਦਿੱਤੇ ਸਨ, ਐਫ ਬੀ ਆਈ ਏਜੰਟਾਂ ਹੱਥੋਂ ਉਸ ਵੇਲੇ ਮਾਰਿਆ ਗਿਆ ਜਦੋਂ ਉਹ ਉਸ ਨੂੰ ਗ੍ਰਿਫਤਾਰ ਕਰਨ ਦੀ ਕੋਸ਼ਿਸ਼ ਕਰ ਰਹੇ ਸਨ। ਉਟਾਹ ਦੇ ਪ੍ਰੋਵੋ ਸ਼ਹਿਰ ਦੇ ਵਾਸੀ 75 ਸਾਲਾ ਕਰੈਗ ਡੇਲੀਊ ਰਾਬਰਟਸਨ ਨੇ ਰਾਸ਼ਟਰਪਤੀ ਦੇ ਯੂਟਾਹ ਦੌਰੇ 'ਤੋਂ ਪਹਿਲਾਂ ਧਮਕੀ ਭਰੇ ਬਿਆਨ ਦਿੱਤੇ ਸਨ ਜਿਨਾਂ ਵਿਚ ਰਾਸ਼ਟਰਪਤੀ ਨਾਲ ਸਿਝ ਲੈਣ ਦੀ ਗੱਲ ਕਹੀ ਗਈ ਸੀ। ਉਸ ਵਿਰੁੱਧ ਬੀਤੇ ਮੰਗਲਵਾਰ ਰਾਸ਼ਟਰਪਤੀ ਨੂੰ ਧਮਕੀਆਂ ਦੇਣ ਨਾਲ ਸਬੰਧਤ ਦੋਸ਼ ਆਇਦ ਕੀਤੇ ਗਏ ਸਨ। ਪ੍ਰਾਪਤ ਵੇਰਵੇ ਅਨੁਸਾਰ ਜਦੋਂ ਐਫ ਬੀ ਆਈ ਏਜੰਟ ਵਾਰੰਟ ਲੈ ਕੇ ਰਾਬਰਟਸਨ ਨੂੰ ਗ੍ਰਿਫਤਾਰ ਕਰਨ ਲਈ ਉਸ ਦੇ ਘਰ ਪੁੱਜੇ ਤਾਂ ਇਸ ਦੌਰਾਨ ਗੋਲੀਬਾਰੀ ਦੀ ਘਟਨਾ ਵਾਪਰੀ ਜਿਸ ਦੌਰਾਨ ਰਾਬਰਟਸਨ ਮਾਰਿਆ ਗਿਆ। ਐਫ ਬੀ ਆਈ ਨੇ ਗੋਲੀ ਚੱਲਣ ਸਬੰਧੀ ਕੋਈ ਵੇਰਵਾ ਜਾਰੀ ਨਹੀਂ ਕੀਤਾ ਹੈ। ਗੋਲੀਬਾਰੀ ਦੀ ਜਾਂਚ ਐਫ ਬੀ ਆਈ ਦੀ ਇੰਸਪੈਕਸ਼ਨ ਡਵੀਜਨ ਕਰੇਗੀ। ਰਾਬਰਟਸਨ ਵਿਰੁੱਧ ਆਇਦ ਕੀਤੇ ਦੋਸ਼ਾਂ ਅਨੁਸਾਰ ਉਸ ਨੇ ਆਪਣੇ ਫੇਸ ਬੁੱਕ ਖਾਤੇ 'ਤੇ ਲੰਘੇ ਐਤਵਾਰ ਲਿਖਿਆ ਸੀ " ਮੈ ਸੁਣਿਆ ਹੈ ਬਾਈਡਨ ਯੂਟਾਹ ਆ ਰਿਹਾ ਹੈ। ਮੈ ਐਮ 24 ਸਨਾਈਪਰ ਰਾਈਫਲ ਤੋਂ ਮਿੱਟੀ ਝਾੜ ਰਿਹਾ ਹਾਂ। ਜੀ ਆਇਆਂ ਨੂੰ।"



ਪ੍ਰੋਵੋ , ਯੂਟਾਹ ਵਿਚ ਉਹ ਘਰ ਜਿਥੇ ਗੋਲੀਬਾਰੀ ਹੋਈ। ਤਸਵੀਰ ਵਿਚ ਲਾਅ ਇਨਫੋਰਸਮੈਂਟ ਦੀਆਂ ਗੱਡੀਆਂ ਵੀ ਨਜ਼ਰ ਆ ਰਹੀਆਂ ਹਨ।

ਰਾਸ਼ਟਰਪਤੀ ਯੂਟਾਹ ਪੁੱਜੇ--ਐਫ ਬੀ ਆਈ ਏਜੰਟਾਂ ਹੱਥੋਂ ਪ੍ਰੋਵੋ ਸ਼ਹਿਰ ਵਿਚ ਰਾਬਰਟਸਨ ਦੀ ਹੋਈ ਮੌਤ ਤੋਂ ਕੁਝ ਘੰਟੇ ਬਾਅਦ ਰਾਸ਼ਟਰਪਤੀ ਦੁਪਹਿਰ ਬਾਅਦ ਉਟਾਹ ਪੁੱਜੇ। ਏਅਰ ਫੋਰਸ ਦਾ ਜਹਾਜ਼ ਪ੍ਰੋਵੋ ਤੋਂ ਤਕਰੀਬਨ 50 ਮੀਲ ਦੂਰ ਸਾਲਟ ਲੇਕ ਸਿਟੀ ਵਿਚ ਰੋਲੈਂਡ ਆਰ ਰਾਈਟ ਏਅਰ ਨੈਸ਼ਨਲ ਗਾਰਡ ਬੇਸ 'ਤੇ ਰਾਸ਼ਟਰਪਤੀ ਨੂੰ ਲੈ ਕੇ ਸ਼ਾਮ 4.24 ਵਜੇ ਉਤਰਿਆ। ਫੌਜੀ ਅਧਿਕਾਰੀਆਂ ਨੇ ਉਨਾਂ ਨੂੰ ਜੀ ਆਇਆਂ ਕਿਹਾ।

# ਖਾਲਸਾ ਕਾਲਜ ਫਾਰ ਵੂਮੈਨ ਦੇ ਵਿਦਿਆਰਥੀ ਤੀਜ ਤਿਉਹਾਰ ਦੇ ਜਸ਼ਨਾਂ ਵਿੱਚ ਹਿਸਾ ਲੈਂਦੇ ਹੋਏ





ਅੰਮ੍ਰਿਤਸਰ: ਖ਼ਾਲਸਾ ਕਾਲਜ ਫ਼ਾਰ ਵੂਮੈਨ ਦੇ ਫੈਕਲਟੀ ਮੈਂਬਰਾਂ ਅਤੇ ਵਿਦਿਆਰਥੀਆਂ ਨੇ ਸੋਮਵਾਰ ਨੂੰ ਅੰਮ੍ਰਿਤਸਰ ਵਿੱਚ ਤੀਜ ਤਿਉਹਾਰ ਮੌਕੇ ਲੋਕ ਨਾਚ ਗਿੱਧਾ ਪੇਸ਼ ਕੀਤਾ। ਇਹ ਤਿਉਹਾਰ ਸਾਵਣ ਮਹੀਨੇ ਦੌਰਾਨ ਮਨਾਇਆ ਜਾਂਦਾ ਹੈ ਜੋ ਜੁਲਾਈ-ਅਗਸਤ ਵਿੱਚ ਪੈਂਦਾ ਹੈ। ਕੁੜੀਆਂ ਅਤੇ ਔਰਤਾਂ ਪੰਜਾਬ ਦਾ ਗਿੱਧਾ ਲੋਕ ਨਾਚ ਪੇਸ਼ ਕਰਦੀਆਂ ਹਨ ਅਤੇ ਆਪਣੇ ਪਤੀਆਂ ਜਾਂ ਹੋਣ ਵਾਲੇ ਪਤੀਆਂ ਨੂੰ ਸਮਰਪਿਤ ਸੁਹਾਗਣਾ ਵਾਲੇ ਲੋਕ ਗੀਤ ਗਾਉਂਦੀਆਂ ਹਨ।

# ਸਨਫਰਾਂਸਿਸਕੋ ਵਿਖੇ ਸੇਵਾਵਾਂ ਸੰਭਾਲਣ ਤੋਂ ਪਹਿਲਾਂ ਭਾਰਤੀ ਦੂਤਾਵਾਸ ਡਾ. ਕੇ ਸਰੀਕਰ ਰੈਡੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਹੋਏ ਨਤਮਸਤਕ







ਅੰਮ੍ਰਿਤਸਰ : ਕੌਂਸਲੇਟ ਜਨਰਲ ਆਫ਼ ਇੰਡੀਆ ਡਾ. ਕੇ ਸਰੀਕਰ ਰੈਡੀ ਜੋ ਕਿ ਸਨਫਰਾਂਸਿਸਕੋ ਵਿਖੇ ਸੇਵਾਵਾਂ ਦੇਣ ਲਈ ਆ ਰਹੇ ਹਨ। ਪਰਿਵਾਰ ਸਮੇਤ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਨਤਮਸਤਕ ਹੋਏ ਅਤੇ ਇਸ ਦੌਰਾਨ ਉਨ੍ਹਾਂ ਨੇ ਜਿੱਥੇ ਇਲਾਹੀ ਬਾਣੀ ਦਾ ਕੀਰਤਨ ਸੁਣਿਆ ਉੱਥੇ ਹੀ ਸਰਬੱਤ ਦੇ ਭਲੇ ਦੀ ਅਰਦਾਸ ਵੀ ਕੀਤੀ। ਇਥੇ ਇਹ ਜਿਕਰਯੋਗ ਹੈ ਕਿ ਡਾ. ਕੇ ਸਰੀਕਰ ਰੈਡੀ Dr. T.V. Nagendra Prasad ਦੀ ਥਾਂ ਲੈਣਗੇ ਜੋ ਪਿਛਲੇ ਦਿਨੀਂ ਆਪਣੀ ਸਨਫਰਾਂਸਿਸਕੋ ਅਮਰੀਕਾ ਵਿਖੇ ਤਿੰਨ ਸਾਲ ਦੀ ਡਿਊਟੀ ਪੂਰੀ ਕਰਕੇ ਕਿਸੇ ਹੋਰ ਦੇਸ਼ ਜਾ ਭਾਰਤ 'ਚ ਸੇਵਾ ਕਰਨਗੇ। ਡਾ: ਕੇ ਸਰੀਕਰ ਰੈਡੀ ਇੱਕ ਦੂਰਅੰਦੇਸ਼ੀ ਠੰਡੇ ਸੁਭਾਅ ਵਾਲੇ ਅਤੇ ਨਿਹਾਇਤ ਇਮਾਨਦਾਰ ਉੱਚ ਅਧਿਕਾਰੀ ਹਨ ਉਨ੍ਹਾਂ ਨੇ ਪਰਿਵਾਰ ਸਮੇਤ ਗੁਰੂਘਰ ਵਿਖੇ ਸੇਵਾ ਕੀਤੀ ਅਤੇ ਸਮੇਤ ਪਰਿਵਾਰ ਗੁਰੂ ਕਾ ਲੰਗਰ ਛਕਿਆ। ਇਸ ਤੋਂ ਉਪਰੰਤ ਉਨ੍ਹਾਂ ਨੂੰ ਸੂਚਨਾ ਕੇਂਦਰ ਵਿਖੇ ਸੂਚਨਾ ਅਧਿਕਾਰੀ ਅੰਮ੍ਰਿਤਪਾਲ ਸਿੰਘ ਅਤੇ ਸਰਬਜੀਤ ਸਿੰਘ ਵਲੋਂ ਧਾਰਮਿਕ ਪੁਸਤਕਾਂ ਦਾ ਸੈੱਟ ਦੇ ਕੇ ਸਨਮਾਨਿਤ ਕੀਤਾ ਗਿਆ।

## ਭਾਰਤੀ ਆਪਣੀਆਂ ਗੱਡੀਆਂ ਅਤੇ ਘਰਾਂ 'ਤੇ ਤਿਰੰਗੇ ਝੰਡੇ ਲਾ ਕੇ ਅਜ਼ਾਦੀ ਦੀ ਖੁਸ਼ੀ ਮਨਾ ਰਹੇ ਹਨ

*ਪਰ ਅਜ਼ਾਦੀ ਦੀ ਰਾਤ ਮਾਰੇ ਗਏ ਲੋਕਾਂ ਨੂੰ ਯਾਦ ਕਿਉਂ ਨਹੀਂ ਕਰ ਰਹੇ*





ਅੰਮ੍ਰਿਤਸਰ:- ਗਿਆਨੀ ਰਘਬੀਰ ਸਿੰਘ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਨੇ ਪ੍ਰੈਸ ਨੋਟ ਜਾਰੀ ਕਰਦਿਆਂ ਕਿਹਾ ਕਿ ਅੱਜ ਸਾਰਾ ਭਾਰਤ ਦੇਸ਼ ਅਤੇ ਪਰਦੇਸਾਂ ਵਿਚ ਵੱਸਦੇ ਭਾਰਤੀ ਆਪਣੀਆਂ ਗੱਡੀਆਂ ਅਤੇ ਘਰਾਂ 'ਤੇ ਤਿਰੰਗੇ ਝੰਡੇ ਲਾ ਕੇ ਅਜ਼ਾਦੀ ਦੀ ਖੁਸ਼ੀ ਮਨਾ ਰਹੇ ਹਨ। ਅੱਜ ਤੋਂ 76 ਸਾਲ ਪਹਿਲਾਂ 15 ਅਗਸਤ 1947 ਨੂੰ ਭਾਰਤ ਦੇਸ਼ ਆਜ਼ਾਦ ਹੋਇਆ ਸੀ ਜਦੋਂ ਕਿ ਇਸ ਤੋਂ ਇਕ ਦਿਨ ਪਹਿਲਾਂ 14 ਅਗਸਤ 1947 ਨੂੰ ਪਾਕਿਸਤਾਨ ਹੋਂਦ ਵਿਚ ਆਇਆ ਸੀ। ਹਿੰਦੁਸਤਾਨ ਵਿਚੋਂ ਮਜ਼ਹਬ ਦੇ ਆਧਾਰ 'ਤੇ ਇਕੋ ਧਰਤੀ ਦੀ ਹਿੱਕ 'ਤੇ ਲਕੀਰਾਂ ਖਿੱਚ ਕੇ ਭਾਰਤ ਅਤੇ ਪਾਕਿਸਤਾਨ ਦੇ ਜਨਮ ਦੇ ਬਦਲੇ 10 ਲੱਖ ਲੋਕਾਂ ਨੂੰ ਆਪਣੀਆਂ ਜਾਨਾਂ ਗੁਆਉਣੀਆਂ ਪਈਆਂ ਅਤੇ ਡੇਢ ਕਰੋੜ ਨੂੰ ਉਜਾੜੇ ਦਾ ਸਾਹਮਣਾ ਕਰਨਾ ਪਿਆ। ਹਰ ਸਾਲ ਭਾਰਤ ਤੇ ਪਾਕਿਸਤਾਨ ਦੇ ਲੋਕ ਆਜ਼ਾਦੀ ਦੇ ਦਿਹਾੜੇ ਦੇ ਜਸ਼ਨ ਤਾਂ ਮਨਾਉਂਦੇ ਹਨ ਪਰ ਅਸੀਂ ਸੋਚੀਏ ਕਿ ਅੱਜ ਦੇ ਦਿਨ ਪੰਜਾਬ ਲਹੂ-ਲੁਹਾਨ ਹੋਇਆ ਸੀ ਤੇ 10 ਲੱਖ ਦੇ ਕਰੀਬ ਬੇਕਸੂਰ ਲੋਕ ਮਾਰੇ ਗਏ ਸਨ, ਅੱਜ ਦੇ ਦਿਨ ਉਨ੍ਹਾਂ ਮਾਰੇ ਗਏ ਲੋਕਾਂ ਨੂੰ ਕੋਈ ਯਾਦ ਕਿਉਂ ਨਹੀਂ ਕਰ ਰਿਹਾ? ਸਭ ਆਜ਼ਾਦੀ ਦਾ ਜਸ਼ਨ ਮਨਾ ਰਹੇ ਹਨ ਤੇ ਇਹ ਕਿੰਨੀ ਕਿ ਹੈ ਰਾਜ-ਭਾਗ ਮਾਣ ਰਹੇ ਲੋਕ ਵੀ ਭਾਰਤ ਤੇ ਪਾਕਿਸਤਾਨ ਦੀ ਵੰਡ ਵੇਲੇ ਮਾਰੇ ਗਏ ਅਤੇ ਉਜਾੜੇ ਗਏ ਲੋਕਾਂ ਲਈ ਦੋ ਸ਼ਬਦ ਸ਼ਰਧਾਜਲੀ ਦੇ ਵੀ ਨਹੀ ਆਖਦੇ। ਆਉ 1947 ਦੀ ਵੰਡ ਵੇਲੇ ਮਾਰੇ ਗਏ ਪੰਜਾਬੀਆਂ, ਸਿੱਖ ਕੌਮ ਤੋਂ ਵਿਛੜੇ ਜਾਨੋਂ ਪਿਆਰੇ ਗੁਰਧਾਮਾਂ ਨਨਕਾਣਾ ਸਾਹਿਬ, ਡੇਹਰਾ ਸਾਹਿਬ ਲਾਹੌਰ, ਕਰਤਾਰਪੁਰ ਸਾਹਿਬ, ਪੰਜਾ ਸਾਹਿਬ ਤੇ ਗੁਰਧਾਮਾਂ ਨੂੰ ਯਾਦ ਕਰਕੇ ਅਤੀਤ ਵਿੱਚ ਨਜ਼ਰ ਮਾਰੀਏ ਕਿ ਅਸੀਂ ਆਪਣਾ ਕਿੰਨਾ ਕੁਝ ਪਿੱਛੇ ਛੱਡ ਆਏ ਹਾਂ। ਆਓ! ਭਾਰਤ-ਪਾਕਿਸਤਾਨ ਦੀ ਵੰਡ ਵੇਲੇ ਮਾਰੇ ਗਏ ਲੱਖਾਂ ਬੇਗੁਨਾਹਾਂ ਨੂੰ ਯਾਦ ਕਰਕੇ ਵਾਹਿਗੁਰੂ ਅੱਗੇ ਅਰਦਾਸ ਕਰੀਏ ਕਿ ਮੁੜ ਕਦੇ ਵੀ ਸੌੜੀ ਰਾਜਨੀਤੀ ਦੀ ਭੇਟ ਬੇਗੁਨਾਹ ਲੋਕਾਈ ਨਾ ਚੜ੍ਹੇ ਅਤੇ ਸਭ ਲੋਕਾਈ ਸੁਖਾਲੀ ਵੱਸੇ।

## 15 ਅਗਸਤ ਵਿਛੋੜੇ ਦੀ ਪੀੜ ਦਾ ਦਿਨ

*ਪੂਰੇ ਭਾਰਤ 'ਚ ਵਜਦੇ ਬਾਜੇ ਤੂਤੀਆਂ ਦੀਆਂ ਅਵਾਜ਼ਾਂ ਨਾਲੋਂ 10 ਲੱਖ ਪੰਜਾਬੀਆਂ ਦੇ ਹਾਉਂਕੇ ਦੀਆਂ ਅਵਾਜ਼ਾਂ ਕਿਤੇ ਜ਼ਿਆਦਾ ਉੱਚੀਆਂ ਸੁਣਦੀਆਂ ਹਨ : ਜਥੇਦਾਰ ਗਿਆਨੀ ਹਰਪ੍ਰੀਤ ਸਿੰਘ*



ਅੰਮ੍ਰਿਤਸਰ, (ਸਾਡੇ ਲੋਕ) : 15 ਅਗਸਤ ਉਪਰ ਕੌਮ ਦੇ ਨਾਮ ਸੰਦੇਸ਼ ਜਾਰੀ ਕਰਦਿਆਂ ਜਥੇਦਾਰ ਸਾਹਿਬ ਨੇ ਇਸਨੂੰ ਇੱਕ ਸਦੀਵੀ ਵਿਛੋੜੇ ਦੀ ਪੀੜ ਦਾ ਦਿਨ ਦੱਸਿਆ। ਜਥੇਦਾਰ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਅੱਜ ਨਨਕਾਣਾ ਸਾਹਿਬ ਦੇ ਵਿਛੋੜੇ ਦੀ ਪੀੜ ਦਾ ਦਿਨ ਹੈ। ਅੱਜ ਦੇ ਦਿਨ ਪੰਜਾ ਸਾਹਿਬ ਦੇ ਸਰੋਵਰ 'ਚ ਵਗਦੇ ਨਿਰਮਲ ਜਲ 'ਚ ਇਸ਼ਨਾਨ ਤੋਂ ਮਹਿਰੂਮ ਹੋਣ ਦਾ ਦਿਨ ਹੈ। ਅੱਜ ਦੇ ਦਿਨ, ਪੂਰੇ ਭਾਰਤ 'ਚ ਵਜਦੇ ਬਾਜੇ ਤੂਤੀਆਂ ਦੀਆਂ ਅਵਾਜ਼ਾਂ ਨਾਲੋਂ 10 ਲੱਖ ਪੰਜਾਬੀਆਂ ਦੇ ਹਾਉਂਕੇ ਦੀਆਂ ਅਵਾਜ਼ਾਂ ਕਿਤੇ ਜ਼ਿਆਦਾ ਉੱਚੀਆਂ ਸੁਣਦੀਆਂ ਹਨ।

ਸਿਰਫ ਉਨ੍ਹਾਂ ਨੂੰ ਜਿਨ੍ਹਾਂ ਨੂੰ ਗੁਰਧਾਮਾਂ ਤੋਂ ਵਿਛੋੜੇ ਦੀ ਪੀੜ ਦਾ ਅਹਿਸਾਸ ਹੈ ਤੇ ਜਿਨ੍ਹਾਂ 'ਚ ਪੰਜਾਬੀ ਲਹੂ ਦਾ ਕਣ ਹੈ ਇਹ ਪੀੜ ਉਹੀ ਲੋਕ ਸਮਝ ਸਕਦੇ ਹਨ। ਇਸ ਲਈ ਅੱਜ ਅਸੀ ਅਰਦਾਸ ਕਰਦੇ ਹਾਂ ਉਨ੍ਹਾਂ ਲੱਖਾਂ ਪੰਜਾਬੀਆਂ ਲਈ ਜਿਹੜੇ ਸਿਆਸਤਦਾਨਾਂ ਵਲੋਂ ਬਾਲੀ ਨਫਰਤ ਦੀ ਅੱਗ ਵਿਚ ਝੁਲਸ ਕੇ ਲੱਖਾਂ ਹੀ ਜਾਨਾਂ ਗਵਾ ਬੈਠੇ, ਅਰਦਾਸ ਹੈ ਕਿ ਹੇ ਅਕਾਲ ਪੁਰਖ! ਨਨਕਾਣਾ ਸਾਹਿਬ ਤੇ ਹੋਰ ਗੁਰਦਵਾਰਿਆਂ, ਗੁਰਧਾਮਾਂ ਜਿਨ੍ਹਾਂ ਤੋਂ ਪੰਥ ਨੂੰ ਵਿਛੋੜਿਆ ਗਿਆ ਹੈ, ਖੁੱਲ੍ਹੇ ਦਰਸ਼ਨ ਦੀਦਾਰੇ ਕਰਨ ਦਾ ਬਲ ਬਖਸ਼ਿਸ਼ ਕਰਨਾ ਜੀ।

## ਡਾ. ਵਿਜੈ ਸਤਬੀਰ ਸਿੰਘ ਜੀ ਬਾਠ ਨੇ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਦੇ ਮੁੱਖ ਪ੍ਰਬੰਧਕ ਵਜੋਂ ਅਹੁਦਾ ਸੰਭਾਲਿਆ





ਸਿੰਘ ਜੀ ਨੂੰ ਰਵਾਇਤੀ ਦਸਤਾਰ, ਚੋਲਾ, ਹਾਰ, ਸ੍ਰੀ ਸਾਹਿਬ ਨਾਲ ਅਹੁਦਾ ਸੰਭਾਲਣ 'ਤੇ ਤਖ਼ਤ ਸਾਹਿਬ ਵਲੋਂ ਸਨਮਾਨਿਆ ।

ਚੰਡੀਗੜ੍ਹ : ਮਹਾਰਾਸ਼ਟਰ ਸਰਕਾਰ ਵੱਲੋਂ ਬਹੁਤ ਹੀ ਇਮਾਨਦਾਰ ਅਤੇ ਕਾਬਿਲ ਸਾਬਕਾ ਆਈ.ਏ.ਐੱਸ. ਅਧਿਕਾਰੀ ਡਾ. ਵਿਜੈ ਸਤਬੀਰ ਸਿੰਘ ਬਾਠ ਜੋ ਕਿ ਪੰਜਾਬ ਦੀ ਮਾਝੇ ਦੀ ਧਰਤੀ ਦੇ ਜੰਮਪਲ ਅਤੇ ਕਿਸਾਨੀ ਪਰਿਵਾਰ ਨਾਲ ਸਬੰਧਤ ਹਨ, ਨੂੰ ਸਿੱਖਾਂ ਦੇ ਅਹਿਮ ਮੰਨੇ ਜਾਂਦੇ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਦੇ ਗੁਰਦੁਆਰਾ ਬੋਰਡ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਅਬਿਚਲਨਗਰ ਸਾਹਿਬ ਨਾਂਦੇੜ ਦਾ ਪ੍ਰਸ਼ਾਸ਼ਕ ਨਿਯੁਕਤ ਕੀਤਾ ਗਿਆ ਹੈ।


ਡਾ. ਵਿਜੈ ਸਤਬੀਰ ਸਿੰਘ ਬਾਠ ਨੇ ਅੱਜ ਯਾਨੀ ਸੋਮਵਾਰ ਨੂੰ ਤਖਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਵਿਖੇ ਨਮਸਤਕ ਹੋ ਕੇ ਆਪਣੀ ਜ਼ਿੰਮੇਵਾਰੀ ਸੰਭਾਲ ਲਈ ਹੈ। ਸਿੰਘ ਸਾਹਿਬ ਜੱਥੇਦਾਰ ਸੰਤ ਬਾਬਾ ਕੁਲਵੰਤ ਸਿੰਘ ਜੀ ਅਤੇ ਸਮੂੰਹ ਪੰਜ ਪਿਆਰੇ ਸਾਹਿਬਾਨ ਨੇ ਡਾ. ਵਿਜੈ ਸਤਬੀਰ ਸਿੰਘ ਜੀ ਨੂੰ ਰਵਾਇਤੀ ਦਸਤਾਰ, ਚੋਲਾ, ਹਾਰ, ਸ੍ਰੀ ਸਾਹਿਬ ਨਾਲ ਅਹੁਦਾ ਸੰਭਾਲਣ 'ਤੇ ਤਖ਼ਤ ਸਾਹਿਬ ਵਲੋਂ ਸਨਮਾਨਿਆ ।

ਦੱਸ ਦੇਈਏ ਕਿ ਡਾ. ਵਿਜੈ ਸਤਬੀਰ ਸਿੰਘ ਬਾਠ ਪੰਜਾਬ ਦੀ ਧਰਤੀ ਪਿੰਡ ਕੈਲੇ ਕਲਾਂ (ਨਜ਼ਦੀਕ ਬਟਾਲਾ) ਜ਼ਿਲ੍ਹਾ ਗੁਰਦਾਸਪੁਰ ਦੇ ਜੰਮਪਲ ਹਨ, ਪੜ੍ਹੇ ਲਿਖੇ ਕਿਸਾਨੀ ਪਰਿਵਾਰ ਨਾਲ ਸੰਬੰਧਤ ਹਨ। ਸ੍ਰੀ ਅੰਮ੍ਰਿਤਸਰ ਸਾਹਿਬ ਮੈਡੀਕਲ ਕਾਲਜ ਤੋਂ ਐੱਮ.ਬੀ.ਬੀ.ਐੱਸ. ਦੀ ਡਿਗਰੀ ਪ੍ਰਾਪਤ ਕਰਨ ਉਪਰੰਤ ਹਾਰਵਰਡ ਯੂਨੀਵਰਸਿਟੀ (ਅਮਰੀਕਾ), ਮਨਚੈਸਟਰ ਯੂਨੀਵਰਸਿਟੀ (ਇੰਗਲੈਂਡ) ਤੋਂ ਉਚੇਰੀ ਵਿਦਿਆ ਹਾਸਲ ਕੀਤੀ। ਡਾ. ਵਿਜੈ ਸਤਬੀਰ ਸਿੰਘ ਬਾਠ ਮਹਾਰਾਸ਼ਟਰ ਸਰਕਾਰ 'ਚ ਚੇਅਰਮੈਨ ਰੇਰਾ, ਐਡੀਸ਼ਨਲ ਚੀਫ ਸੈਕਟਰੀ ਮਹਾਰਾਸ਼ਟਰ ਸਰਕਾਰ ਤੋਂ ਸੇਵਾ ਮੁਕਤ ਹੋਏ ਹਨ। ਉਹ ਪਹਿਲਾਂ ਵੀ ਸ੍ਰੀ ਹਜ਼ੂਰ ਸਾਹਿਬ ਵਿਖੇ ਆਪਣੀ ਨੌਕਰੀ ਦੌਰਾਨ ਸੰਨ 2014 ਵਿੱਚ ਮੁੱਖ ਪ੍ਰਬੰਧਕ ਦੇ ਤੌਰ 'ਤੇ ਸ਼ਲਾਘਾਯੋਗ ਸੇਵਾਵਾਂ ਨਿਭਾ ਚੁੱਕੇ ਹਨ ।

**Partition Horrors Remembrance Day** ਇੰਚਾਰਜਾਂ ਦੀਆਂ ਗਲਤ ਨੀਤੀਆਂ ਨੇ ਭਾਰਤ ਦੀ ਵੰਡ ਕੀਤੀ। ਮੇਰੇ ਮਾਤਾ-ਪਿਤਾ ਇਸ ਸਭ ਤੋਂ ਵੱਡੀ ਮਨੁੱਖੀ ਤ੍ਰਾਸਦੀ ਤੇ ਤਬਾਹੀ ਦੇ ਸ਼ਿਕਾਰ ਸਨ। 1952 ਵਿੱਚ ਪੈਦਾ ਹੋਇਆ, ਮੈਂ ਇਹ ਸੁਣਦਿਆਂ ਵੱਡਾ ਹੋਇਆ ਕਿ ਕਿਵੇਂ ਮੇਰੇ ਪਿਤਾ ਚਮਤਕਾਰੀ ਢੰਗ ਨਾਲ ਕਤਲੇਆਮ ਤੋਂ ਬਚਿਆ ਅਤੇ ਲਾਹੌਰ ਤੋਂ ਆਖਰੀ ਫਰੰਟੀਅਰ ਮੇਲ ਵਿੱਚ ਸਵਾਰ ਹੋ ਗਿਆ। ਮੇਰੇ ਮਾਤਾ-ਪਿਤਾ ਅਤੇ ਪਰਿਵਾਰ ਦੇ ਕਈ ਹੋਰ ਮੈਂਬਰਾਂ ਨੂੰ ਆਪਣੀ ਜ਼ਿੰਦਗੀ ਨਵੇਂ ਸਿਰੇ ਤੋਂ ਸ਼ੁਰੂ ਕਰਨੀ ਪਈ ਤੇ ਮੈਂ ਉਸ ਦਹਿਸ਼ਤ ਦੇ ਪੀੜਤਾਂ ਨੂੰ ਸ਼ਰਧਾਂਜਲੀ ਭੇਟ ਕਰਦਾ ਹਾਂ ਅਤੇ ਜਿਸ ਹੌਂਸਲੇ ਨਾਲ ਉਨ੍ਹਾਂ ਨੇ ਇਸ ਦੇ ਛੱਡੇ ਗਏ ਦਾਗਾਂ ਨੂੰ ਦੂਰ ਕੀਤਾ।

ਸ ਹਰਦੀਪ ਸਿੰਘ ਪੁਰੀ ਕੇਂਦਰੀ ਕੈਬਨਿਟ ਮੰਤਰੀ

# ਮੈਂ ਹਿੰਦੂ ਦੀ ਹੈਸੀਅਤ ਨਾਲ ਆਇਆ ਹਾਂ...
# ਰਾਮ ਕਥਾ ਸੁਣਨ ਪਹੁੰਚੇ ਬ੍ਰਿਟਿਸ਼ ਪ੍ਰਧਾਨ ਮੰਤਰੀ ਰਿਸ਼ੀ ਸੁਨਕ





(ਫੋਟੋ : ਧੰਨਵਾਦ ਸਹਿਤ ਸੋਸ਼ਲ ਮੀਡੀਆ)

ਕੈਂਬ੍ਰਿਜ : ਯੂਕੇ ਦੀ ਕੈਂਬ੍ਰਿਜ ਯੂਨੀਵਰਸਿਟੀ ’ਚ ਮੰਗਲਵਾਰ ਨੂੰ ਭਾਰਤੀ ਸੁਤੰਤਰਤਾ ਦਿਵਸ ਮੌਕੇ ਮੋਰਾਰੀ ਬਾਪੂ ਨੇ ਰਾਮ ਕਥਾ ਦੀ ਸ਼ੁਰੂਆਤ ਕੀਤੀ। ਰਾਮ ਕਥਾ ਸੁਣਨ ਲਈ ਬ੍ਰਿਟੇਨ ਦੇ ਪ੍ਰਧਾਨ ਮੰਤਰੀ ਰਿਸ਼ੀ ਸੁਨਕ ਵੀ ਪਹੁੰਚੇ। ਇਸ ਮੌਕੇ ਸੁਨਕ ਨੇ ਕਿਹਾ ਕਿ ਉਹ ਰਾਮ ਕਥਾ ਸੁਣਨ ਲਈ ਪ੍ਰਧਾਨ ਮੰਤਰੀ ਦੀ ਹੈਸੀਅਤ ਨਾਲ ਨਹੀਂ ਆਏ, ਉਹ ਇਕ ਹਿੰਦੂ ਹੋਣ ਦੇ ਨਾਤੇ ਇੱਥੇ ਪਹੁੰਚੇ ਹਨ। ਰਿਸ਼ੀ ਸੁਨਕ ਨੇ ਜੈ ਸੀਆਰਾਮ ਕਹਿ ਕੇ ਆਪਣੇ ਸੰਬੋਧਨ ਦੀ ਸ਼ੁਰੂਆਤ ਕੀਤੀ। ਇਸ ਦੇ ਜਵਾਬ ’ਚ ਰਾਮ ਕਥਾ ਸੁਣਨ ਲਈ ਆਏ ਲੋਕਾਂ ਨੇ ਵੀ ਜੈ ਸੀਆਰਾਮ ਕਿਹਾ। ਇਸ ਘਟਨਾ ਦੀ ਵੀਡੀਓ ਸੋਸ਼ਲ ਮੀਡੀਆ ’ਤੇ ਵਾਇਰਲ ਹੋ ਰਹੀ ਹੈ।

ਰਿਸ਼ੀ ਸੁਨਕ ਨੇ ਕਿਹਾ ਕਿ ਅੱਜ ਭਾਰਤ ਦਾ ਸੁਤੰਤਰਤਾ ਦਿਵਸ ਹੈ। ਇਸ ਮੌਕੇ ਕੈਂਬ੍ਰਿਜ ਯੂਨੀਵਰਸਿਟੀ ’ਚ ਮੋਰਾਰੀ ਬਾਪੂ ਦੀ ਰਾਮ ਕਥਾ ਵਿੱਚ ਹਾਜ਼ਰ ਹੋਣਾ ਮੇਰੇ ਲਈ ਮਾਣ ਅਤੇ ਖੁਸ਼ੀ ਦੀ ਗੱਲ ਹੈ। ਬਾਪੂ, ਮੈਂ ਇੱਥੇ ਪ੍ਰਧਾਨ ਮੰਤਰੀ ਦੇ ਤੌਰ ’ਤੇ ਨਹੀਂ ਸਗੋਂ ਇਕ ਹਿੰਦੂ ਦੇ ਰੂਪ ’ਚ ਆਇਆ ਹਾਂ।

ਸੁਨਕ ਨੇ ਕਿਹਾ ਕਿ ਭਗਵਾਨ ਰਾਮ ਹਮੇਸ਼ਾ ਉਨ੍ਹਾਂ ਲਈ ਪ੍ਰੇਰਨਾਦਾਇਕ ਹਸਤੀ ਬਣੇ ਰਹਿਣਗੇ। ਮੈਂ ਅੱਜ ਇੱਥੇ ਉਸ ਰਾਮਾਇਣ ਨੂੰ ਯਾਦ ਕਰ ਰਿਹਾ ਹਾਂ, ਜਿਸ ’ਤੇ ਬਾਪੂ ਬੋਲਦੇ ਹਨ, ਨਾਲ ਹੀ ਭਗਵਦ ਗੀਤਾ ਅਤੇ ਹਨੂੰਮਾਨ ਚਾਲੀਸਾ ਨੂੰ ਵੀ ਯਾਦ ਕਰਦਾ ਹਾਂ। ਮੇਰੇ ਲਈ ਭਗਵਾਨ ਰਾਮ ਹਮੇਸ਼ਾ ਜੀਵਨ ਦੀਆਂ ਚੁਣੌਤੀਆਂ ਦਾ ਸਾਹਸ, ਨਿਮਰਤਾ ਨਾਲ ਰਾਜ ਕਰਨ ਅਤੇ ਨਿਰਸਵਾਰਥ ਕੰਮ ਕਰਨ ਲਈ ਇਕ ਪ੍ਰੇਰਣਾਦਾਇਕ ਹਸਤੀ ਹੋਣਗੇ।

**ਮੋਰਾਰੀ ਬਾਪੂ ਨੇ ਪ੍ਰਧਾਨ ਮੰਤਰੀ ਨੂੰ ਭੇਟ ਕੀਤਾ ਸ਼ਿਵਲਿੰਗ :** ਰਿਸ਼ੀ ਸੁਨਕ ਨੇ ਮੰਚ ’ਤੇ ਆਰਤੀ ’ਚ ਵੀ ਹਿੱਸਾ ਲਿਆ। ਮੋਰਾਰੀ ਬਾਪੂ ਨੇ ਉਨ੍ਹਾਂ ਨੂੰ ਸੋਮਨਾਥ ਮੰਦਰ ਤੋਂ ਜਯੋਤਿਰਲਿੰਗ ਰਾਮ ਕਥਾ ਯਾਤਰਾ ਲਈ ਪਵਿੱਤਰ ਭੇਟ ਵਜੋਂ ਇਕ ਪਵਿੱਤਰ ਸ਼ਿਵਲਿੰਗ ਭੇਟ ਕੀਤਾ।

# ਮੈਂ ਜਦ ਦੁਨੀਆਂ ਤੋਂ ਜਾਵਾਂ-ਮੁੜ ਫੇਰ ਦੁਬਾਰਾ ਆਵਾਂ ਮੈਂ ਜੋ ਵੀ ਜੂਨ ਹੰਢਾਵਾਂ ਮੇਰਾ ਦੇਸ਼ ਹੋਵੇ ਪੰਜਾਬ






ਦੁਨੀਆ ਭਰ ਵਿਚੋਂ ਪਹੁੰਚੀਆਂ ਸੰਗਤਾਂ ਭਾਈ ਅਵਤਾਰ ਸਿੰਘ ਖੰਡਾ ਦੇ ਅੰਤਿਮ ਦਰਸ਼ਨ ਕਰਦੀਆਂ ਹੋਈਆਂ



ਮੌਜੂਦਾ ਦੌਰ ਦੌਰਾਨ ਖਾੜਕੂ ਸੰਘਰਸ਼ ਦੇ ਆਗੂ ਭਾਈ ਦਲਜੀਤ ਸਿੰਘ ਬਿੱਟੂ, ਭਾਈ ਅਵਤਾਰ ਸਿੰਘ ਖੰਡਾ ਦੇ ਗ੍ਰਹਿ ਵਿਖੇ ਪਰਿਵਾਰ ਨਾਲ ਦੁੱਖ ਸਾਂਝਾ ਕਰਦੇ ਹੋਏ।



ਭਾਈ ਅਵਤਾਰ ਸਿੰਘ ਖੰਡਾ ਦੀ ਮਾਤਾ, ਭੈਣ ਅਤੇ ਹੋਰ ਰਿਸ਼ਤੇਦਾਰ ਅੰਤਿਮ ਸੰਸਕਾਰ ਅਤੇ ਆਪਣੇ ਬੱਚੇ ਦੇ ਆਖਰੀ ਦਰਸ਼ਨ ਪੰਜਾਬ 'ਚੋਂ ਆਨਲਾਈਨ ਦੇਖਦੇ ਹੋਏ।







# ਭਾਈ ਖੰਡਾ ਦੇ ਅੰਤਿਮ ਸੰਸਕਾਰ ’ਚ ਹਜ਼ਾਰਾਂ ਸੰਗਤਾਂ ਹੋਏ ਸ਼ਾਮਲ



ਨਵੀਂ ਦਿੱਲੀ : ਭਾਈ ਅਵਤਾਰ ਸਿੰਘ ਖੰਡਾ ਨੂੰ 11 ਜੂਨ 2023 ਨੂੰ ਅਚਾਨਕ ਬਿਮਾਰ ਹੋਣ ਕਾਰਨ ਬਰਮਿੰਘਮ ਸਿਟੀ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਸੀ ਅਤੇ 15 ਜੂਨ ਦੇ ਸ਼ੁਰੂਆਤੀ ਘੰਟਿਆਂ ਵਿੱਚ ਉਸਦੀ ਮੌਤ ਹੋ ਗਈ ਸੀ। ਉਨ੍ਹਾਂ ਦੀ ਅਚਾਨਕ ਹੋਈ ਮੌਤ ਤੇ ਯੂਕੇ ਦੇ ਸਿੱਖਾਂ ਵਲੋਂ ਹਿੰਦ ਏਜੰਸੀਆਂ ਤੇ ਉਂਗਲਾਂ ਚੁਕੀਆਂ ਸਨ ਕਿ ਉਨ੍ਹਾਂ ਵਲੋਂ ਇਕ ਸਾਜ਼ਿਸ਼ ਤਹਿਤ ਭਾਈ ਖੰਡਾ ਨੂੰ ਜ਼ਹਿਰ ਦਿੱਤਾ ਗਿਆ ਸੀ । ਉਨ੍ਹਾਂ ਦੇ ਅੰਤਿਮ ਸੰਸਕਾਰ ਦੀ ਰਸਮਾਂ ਦੀ ਸ਼ੁਰੂਆਤ ਬਰਮਿੰਘਮ ਦੇ ਨੇੜੇ ਸਮੈਥਵਿਕ ਦੇ ਗੁਰੂ ਨਾਨਕ ਗੁਰਦੁਆਰੇ ਤੋਂ ਉਸਦੇ ਨਜ਼ਦੀਕੀ ਦੋਸਤਾਂ ਅਤੇ ਸਮਰਥਕਾਂ ਦੇ ਨਾਲ ਹੋਈ, ਪਰ ਉਸਦਾ ਨਜ਼ਦੀਕੀ ਪਰਿਵਾਰ ਹਜ਼ਾਰਾਂ ਮੀਲ ਦੂਰ ਇੱਕ ਟੈਲੀਵਿਜ਼ਨ ਸਕ੍ਰੀਨ ਤੋਂ ਦੇਖ ਰਿਹਾ ਸੀ । ਭਾਈ ਖੰਡਾ ਦਾ ਅੰਤਿਮ ਸਸਕਾਰ ਪਹਿਲਾਂ 5 ਅਗਸਤ ਨੂੰ ਹੋਣਾ ਸੀ ਪਰ ਉਨ੍ਹਾਂ ਦੇ ਮਾਤਾ ਚਰਨਜੀਤ ਕੌਰ ਵਲੋਂ ਕੀਤੀ ਗਈ ਅਪੀਲ ਤੇ 12 ਅਗਸਤ ਨੂੰ ਕੀਤਾ ਗਿਆ । ਉਨ੍ਹਾਂ ਦੇ ਅੰਤਿਮ ਦਰਸ਼ਨਾਂ ਨੂੰ ਹਜਾਰਾਂ ਦੀ ਤਾਦਾਦ ਅੰਦਰ ਸਿੱਖ ਪੰਜਾਬੀ ਭਾਈਚਾਰੇ ਦੇ ਲੋਕ ਸ਼ਾਮਿਲ ਸਨ ਤੇ ਖਾਲਿਸਤਾਨ ਜਿੰਦਾਬਾਦ ਦੇ ਨਾਹਰੇ ਲਗਾ ਰਹੇ ਸਨ। ਗੁਰਦੁਆਰਾ ਸਾਹਿਬ ਦੇ ਬਾਹਰ ਇਕ ਬਹੁਤ ਵੱਡਾ ਉਨ੍ਹਾਂ ਦੀ ਫੋਟੋ ਦਾ ਫਲੈਕਸ ਟੰਗਿਆ ਹੋਇਆ ਸੀ ਤੇ ਉਨ੍ਹਾਂ ਦੀ ਦੇਹ ਨੂੰ ਘੋੜਾ ਬੱਘੀ ਤੇ ਲੈ ਜਾਇਆ ਗਿਆ ਸੀ ।

ਜਿਕਰਯੋਗ ਹੈ ਕਿ ਭਾਈ ਖੰਡਾ ਦੇ ਮਾਤਾ ਅਤੇ ਭੈਣ ਜੀ ਜੋ ਭਾਰਤ ਵਿੱਚ ਰਹਿੰਦੇ ਹਨ ਨੂੰ ਗ੍ਰਹਿ ਦਫਤਰ ਦੁਆਰਾ ਉਸਦੇ ਅੰਤਿਮ ਸੰਸਕਾਰ ਵਿੱਚ ਸ਼ਾਮਲ ਹੋਣ ਲਈ ਵੀਜ਼ਾ ਦੇਣ ਤੋਂ ਇਨਕਾਰ ਕਰ ਦਿੱਤਾ ਗਿਆ ਸੀ। ਇਨਕਾਰ ਪੱਤਰ ਜੋ ਵਿਸ਼ੇਸ਼ ਤੌਰ ’ਤੇ 19 ਮਾਰਚ 2023 ਦੀ ਇੱਕ ਘਟਨਾ ਦਾ ਜ਼ਿਕਰ ਕਰਦਾ ਹੈ ਜਿਸ ਵਿੱਚ ਲੰਡਨ ਵਿੱਚ ਭਾਰਤੀ ਹਾਈ ਕਮਿਸ਼ਨ ਦੀ ਇਮਾਰਤ ਦੀ ਭੰਨਤੋੜ ਕੀਤੀ ਗਈ ਸੀ ਅਤੇ ਇਸ ਨੂੰ ਖਾਲਿਸਤਾਨੀ ਝੰਡੇ ਨਾਲ ਬਦਲਣ ਲਈ ਭਾਰਤੀ ਝੰਡੇ ਨੂੰ ਝੁਕਾਇਆ ਗਿਆ ਸੀ। ਵੀਜ਼ਾ ਦੇਣ ਤੋਂ ਇਨਕਾਰ ਕਰਨ ਦੇ ਇੱਕ ਕਾਰਨ ਵਜੋਂ, ਗ੍ਰਹਿ ਦਫ਼ਤਰ ਦੇ ਪੱਤਰ ਵਿੱਚ ਤਿੰਨ ਭਾਰਤੀ ਮੀਡੀਆ ਲੇਖਾਂ ਦੇ ਲਿੰਕ ਸ਼ਾਮਲ ਸਨ ਜਿਨ੍ਹਾਂ ਵਿੱਚ ਦਾਅਵਾ ਕੀਤਾ ਗਿਆ ਸੀ ਕਿ ਭਾਈ ਖੰਡਾ ਨੂੰ ਭਾਰਤੀ ਝੰਡਾ ਉਤਾਰਨ ਲਈ ਗ੍ਰਿਫਤਾਰ ਕੀਤਾ ਗਿਆ ਸੀ। ਜਦਕਿ ਯੂਕੇ ਦੀ ਮੈਟਰੋਪੋਲੀਟਨ ਪੁਲਿਸ ਨੇ ਦੱਸਿਆ ਕਿ ਭਾਈ ਖੰਡਾ ਨੂੰ ਇਸ ਜਾਂਚ ਦੇ ਹਿੱਸੇ ਵਜੋਂ ਗ੍ਰਿਫ਼ਤਾਰ ਨਹੀਂ ਕੀਤਾ ਗਿਆ ਅਤੇ ਨਾ ਹੀ ਦੋਸ਼ ਲਾਇਆ ਗਿਆ ਹੈ। ਭਾਰਤ ਵਿੱਚ ਮੀਡੀਆ ਲੇਖਾਂ ਕਾਰਨ ਭਾਈ ਖੰਡਾ ਦੀ ਮਾਤਾ ਅਤੇ ਭੈਣ ਨੂੰ ਦੇਸ਼ ਵਿੱਚ ਪੁਲਿਸ ਦੁਆਰਾ ਪੁੱਛਗਿੱਛ ਲਈ ਹਿਰਾਸਤ ਵਿੱਚ ਲਿਆ ਗਿਆ ਸੀ, ਜਿਸਦਾ ਹਵਾਲਾ ਇਨਕਾਰ ਪੱਤਰ ਵਿੱਚ ਵੀ ਦਿੱਤਾ ਗਿਆ ਸੀ। ਭਾਈ ਖੰਡਾ ਦੇ ਮਾਤਾ ਅਤੇ ਭੈਣ ਨੂੰ ਪੱਤਰ ਵਿੱਚ ਇਨਕਾਰ ਕਰਨ ਦੇ ਹੋਰ ਕਾਰਨਾਂ ਵਿੱਚ ਪਿਛਲੀਆਂ ਅਰਜ਼ੀਆਂ ਵਿੱਚ ਮਤਭੇਦ ਅਤੇ ਇਹ ਜੋਖਮ ਸ਼ਾਮਲ ਸੀ ਕਿ ਉਹ ਦੋਵੇਂ ਸਮੇਂ ਤੋਂ ਵੱਧ ਰਹਿਣਗੇ ਅਤੇ ਪੰਜਾਬ ਵਾਪਸ ਨਹੀਂ ਆਉਣਗੇ। ਦਾਅਵਿਆਂ ਦਾ ਜਵਾਬ ਦਿੰਦੇ ਹੋਏ, ਹੋਮ ਆਫਿਸ ਦੇ ਬੁਲਾਰੇ ਨੇ ਦੱਸਿਆ ਕਿ ‘ਸਾਰੇ ਵੀਜ਼ਾ ਅਰਜ਼ੀਆਂ ਨੂੰ ਉਨ੍ਹਾਂ ਦੇ ਵਿਅਕਤੀਗਤ ਗੁਣਾਂ ਦੇ ਆਧਾਰ ’ਤੇ, ਪ੍ਰਦਾਨ ਕੀਤੇ ਗਏ ਸਬੂਤਾਂ ਦੇ ਆਧਾਰ ’ਤੇ ਅਤੇ ਇਮੀਗ੍ਰੇਸ਼ਨ ਨਿਯਮਾਂ ਦੇ ਅਨੁਸਾਰ ਧਿਆਨ ਨਾਲ ਵਿਚਾਰਿਆ ਜਾਂਦਾ ਹੈ।’ ਜਦਕਿ ਮੇਟ ਪੁਲਿਸ ਦੇ ਬਿਆਨ ਬਾਰੇ ਪੁੱਛੇ ਜਾਣ ’ਤੇ ਉਨ੍ਹਾਂ ਨੇ ਭਾਰਤੀ ਮੀਡੀਆ ਲੇਖਾਂ ਦੇ ਹਵਾਲੇ ਨਾਲ ਕੋਈ ਹੋਰ ਟਿੱਪਣੀ ਕਰਨ ਤੋਂ ਇਨਕਾਰ ਕਰ ਦਿੱਤਾ।

ਜਸ ਸਿੰਘ, ਸਿੱਖ ਫੈਡਰੇਸ਼ਨ ਯੂਕੇ - ਜੋ ਕਿ ਸ੍ਰੀ ਖੰਡਾ ਦੇ ਪਰਿਵਾਰ ਦਾ ਸਮਰਥਨ ਕਰ ਰਹੀ ਹੈ, ਦੇ ਸਲਾਹਕਾਰ ਨੇ ਕਿਹਾ ‘ਗ੍ਰਹਿ ਦਫ਼ਤਰ ਨੇ ਅਵਤਾਰ ਪ੍ਰਤੀ ਆਪਣੇ ਫਰਜ਼ ਨੂੰ ਪੂਰੀ ਤਰ੍ਹਾਂ ਅਣਗੌਲਿਆ ਕੀਤਾ ਹੈ ਅਤੇ ਬੁਨਿਆਦੀ ਮਾਨਵਤਾਵਾਦੀ ਸਿਧਾਂਤਾਂ ਅਤੇ ਮਿਆਰਾਂ ਨੂੰ ਬਰਕਰਾਰ ਰੱਖਣ ਵਿੱਚ ਉਨ੍ਹਾਂ ਨੇ ਭਾਰਤ ਸਰਕਾਰ ਦੀ ਲਾਈਨ ਅਤੇ ਬਿਰਤਾਂਤ ਨੂੰ ਅਪਣਾਇਆ ਹੈ। ਅਤੇ ਇੱਕ ਨੌਜਵਾਨ ਸਿੱਖ ਦੀ ਸੱਚਾਈ ਅਤੇ ਮੌਤ ਤੋਂ ਪਹਿਲਾਂ ਇਸ ਦੀਆਂ ਝੂਠੀਆਂ ਖ਼ਬਰਾਂ ਫੈਲਾਈਆਂ ਸਨ । ਉਨ੍ਹਾਂ ਕਿਹਾ ਕਿ ÷ਇਸ ਦੁਖਦਾਈ ਮਾਮਲੇ ਨੂੰ ਜਿਸ ਤਰੀਕੇ ਨਾਲ ਨਜਿੱਠਿਆ ਗਿਆ ਹੈ, ਉਸ ਲਈ ਸਿੱਖ ਭਾਈਚਾਰੇ ਵਿੱਚ ਅਜੇ ਵੀ ਭਾਰੀ ਚਿੰਤਾ ਅਤੇ ਗੁੱਸਾ ਹੈ।’

ਭਾਈ ਖੰਡਾ ਨੇ ਆਖਰੀ ਵਾਰ 2010 ਵਿੱਚ ਆਪਣੀ ਮਾਂ ਅਤੇ ਭੈਣ ਨੂੰ ਦੇਖਿਆ ਸੀ, ਜਦੋਂ ਉਹ ਆਪਣੀ ਉਚ ਪੜਾਈ ਲਈ ਉਨ੍ਹਾਂ ਅਤੇ ਪਰਿਵਾਰ ਤੇ ਪੰਜਾਬ ਪੁਲਿਸੀਆ ਅਤਿਆਚਾਰ ਕਰਨ ਕਰਕੇ ਸ਼ਰਣ ’ਤੇ ਯੂਕੇ ਚਲੇ ਗਏ ਸਨ। ਭਾਈ ਖੰਡਾ ਦੇ ਪਿਤਾ ਕੁਲਵੰਤ ਸਿੰਘ ਖੁਖਰਾਣਾ ਨੂੰ 1992 ਵਿੱਚ ਭਾਰਤ ਵਿੱਚ ਪੰਜਾਬ ਪੁਲਿਸ ਵਲੋਂ ਗੋਲੀ ਮਾਰ ਕੇ ਸ਼ਹੀਦ ਕਰ ਦਿੱਤਾ ਗਿਆ ਸੀ। ਜਸ ਸਿੰਘ ਨੇ ਕਿਹਾ ਕਿ ‘ਅਵਤਾਰ ਇੱਕ ਬਹੁਤ ਹੀ ਸੂਝਵਾਨ ਅਤੇ ਹਰਮਨਪਿਆਰੇ ਸਿੱਖ ਨੌਜਵਾਨ ਕਾਰਕੁਨ ਅਤੇ ਨੇਤਾ ਸਨ, ਉਸਨੂੰ ਸਾਰੇ ਵੱਖ-ਵੱਖ ਵਰਗਾਂ ਦੇ ਭਾਈਚਾਰੇ ਵਿੱਚ ਬਹੁਤ ਸਾਰੇ ਲੋਕ ਪਿਆਰ ਅਤੇ ਸਤਿਕਾਰ ਕਰਦੇ ਸਨ। ÷ਉਸ ਦਾ ਘਾਟਾ ਨਾ ਪੂਰਾ ਹੋਣ ਵਾਲਾ ਹੈ ਅਤੇ ਸਮਾਜ ਵਿੱਚ ਇੱਕ ਵੱਡਾ ਖਲਾਅ ਛੱਡ ਦੇਵੇਗਾ ਪਰ ਅਸੀਂ ਕੁਰਬਾਨੀਆਂ ਵਿੱਚੋਂ ਪੈਦਾ ਹੋਇਆ ਇੱਕ ਭਾਈਚਾਰਾ ਹਾਂ ਅਤੇ ਉਸਦੇ ਯੋਗਦਾਨ ਅਤੇ ਕਾਰਜ ਪੀੜ੍ਹੀਆਂ ਲਈ ਇੱਕ ਵਿਰਾਸਤ ਛੱਡ ਕੇ ਜਾਣਗੇ, ਜਿਸ ਤੋਂ ਸਿੱਖ ਨਿਆਂ ਅਤੇ ਆਜ਼ਾਦੀ ਦੇ ਸੱਚ ਲਈ ਸੰਘਰਸ਼ ਨੂੰ ਹਮੇਸ਼ਾ ਜਾਰੀ ਰੱਖਣਗੇ।’






# ਦੇਸ਼ ਨੂੰ ਮਹਾਨ ਬਣਾਉਣ ਲਈ ਸਮਰਪਿਤ ਹੋਣ ਨੌਜਵਾਨ: ਅਮਿਤ ਸ਼ਾਹ

## 'ਤਿਰੰਗਾ ਯਾਤਰਾ' ਨੂੰ ਹਰੀ ਝੰਡੀ ਦਿਖਾਈ; ਆਜ਼ਾਦੀ ਦਿਹਾੜੇ ਮੌਕੇ ਘਰਾਂ 'ਤੇ ਤਿਰੰਗਾ ਲਹਿਰਾਉਣ ਦੀ ਅਪੀਲ






ਨਵੀਂ ਦਿੱਲੀ : ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਇੱਥੇ ਨੌਜਵਾਨਾਂ ਨੂੰ ਦੇਸ਼ ਨੂੰ ਇੱਕ ਮਹਾਨ ਰਾਸ਼ਟਰ ਬਣਾਉਣ ਲਈ 'ਆਜ਼ਾਦੀ ਦੇ ਅੰਮ੍ਰਿਤ ਕਾਲ' ਦੇ 25 ਸਾਲਾਂ ਦੌਰਾਨ ਖ਼ੁਦ ਨੂੰ ਭਾਰਤ ਮਾਤਾ ਪ੍ਰਤੀ ਸਮਰਪਿਤ ਕਰਨ ਦੀ ਅਪੀਲ ਕੀਤੀ। ਸ਼ਾਹ ਅਤੇ ਗੁਜਰਾਤ ਦੇ ਮੁੱਖ ਮੰਤਰੀ ਭੁਪੇਂਦਰ ਪਟੇਲ ਨੇ ਇਥੇ ਅਹਿਮਦਾਬਾਦ ਨਗਰ ਨਿਗਮ ਵੱਲੋਂ ਕਰਵਾਈ 'ਤਿਰੰਗਾ ਯਾਤਰਾ' ਨੂੰ ਹਰੀ ਝੰਡੀ ਦਿਖਾਈ। ਇਸ ਮੌਕੇ ਸ਼ਾਹ ਨੇ ਕਿਹਾ, "ਹੁਣ ਸਾਨੂੰ ਦੇਸ਼ ਲਈ ਜਾਨ ਦੇਣ ਦੀ ਲੋੜ ਨਹੀਂ ਹੈ ਕਿਉਂਕਿ ਅਸੀਂ ਆਜ਼ਾਦ ਹਾਂ। ਪਰ, ਸਾਨੂੰ ਆਪਣੇ ਦੇਸ਼ ਲਈ ਜਿਊਣ ਤੋਂ ਕੋਈ ਨਹੀਂ ਰੋਕ ਸਕਦਾ।"

ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਪੀਲ 'ਤੇ 15 ਅਗਸਤ 2022 ਨੂੰ ਹਰ ਘਰ 'ਤੇ ਤਿਰੰਗਾ ਲਹਿਰਾਇਆ ਗਿਆ ਸੀ। ਕੇਂਦਰੀ ਮੰਤਰੀ ਨੇ ਆਖਿਆ ਕਿ ਗੁਜਰਾਤ ਵਿੱਚ ਇੱਕ ਕਰੋੜ ਪਰਿਵਾਰ ਆਪਣੇ ਘਰਾਂ 'ਤੇ ਤਿਰੰਗਾ ਲਹਿਰਾਉਣਗੇ ਤਾਂ ਪੂਰਾ ਰਾਜ ਤੇ ਦੇਸ਼ 'ਤਿਰੰਗਾ' ਹੋ ਜਾਵੇਗਾ। ਸ਼ਾਹ ਮੁਤਾਬਕ, "ਇਹ "ਆਜ਼ਾਦੀ ਦਾ ਅੰਮ੍ਰਿਤ ਕਾਲ" (15 ਅਗਸਤ 2047 ਤੱਕ) ਸਾਡੀ ਨੌਜਵਾਨ ਪੀੜ੍ਹੀ ਲਈ ਖਾਸ ਮਹੱਤਵ ਰੱਖਦਾ ਹੈ। ਨੌਜਵਾਨ ਪੀੜ੍ਹੀ ਨੂੰ ਖ਼ੁਦ ਨੂੰ 2047 ਤੱਕ 25 ਸਾਲਾਂ ਵਾਸਤੇ ਭਾਰਤ ਮਾਤਾ ਲਈ ਸਮਰਪਿਤ ਕਰਨਾ ਪਵੇਗਾ ਅਤੇ ਭਾਰਤ ਨੂੰ ਮਹਾਨ ਬਣਾਉਣਾ ਪਵੇਗਾ।"



ਦੇਹਰਾਦੂਨ ਵਿੱਚ ਸੁਤੰਤਰਤਾ ਦਿਵਸ ਤੋਂ ਪਹਿਲਾਂ ਇੱਕ ਸੜਕ ਕਿਨਾਰੇ ਵਿਕਰੀ ਲਈ ਸਜਾਏ ਗਏ ਰਾਸ਼ਟਰੀ ਝੰਡੇ



ਅਹਿਮਦਾਬਾਦ ਵਿੱਚ ਸੁਤੰਤਰਤਾ ਦਿਵਸ ਤੋਂ ਪਹਿਲਾਂ ਇੱਕ ਤਿਰੰਗਾ ਯਾਤਰਾ ਵਿੱਚ ਵਲੰਟੀਅਰਾਂ ਨੇ ਹਿੱਸਾ ਲਿਆ।



ਅੰਮ੍ਰਿਤਸਰ 'ਚ ਆਜ਼ਾਦੀ ਦਿਵਸ ਪਰੇਡ ਦੀ ਰਿਹਰਸਲ

## ਆਜ਼ਾਦੀ ਦਿਹਾੜੇ ਤੋਂ ਪਹਿਲਾਂ ਪਟਿਆਲਾ 'ਚ ਸੁਰੱਖਿਆ ਦੇ ਸਖ਼ਤ ਪ੍ਰਬੰਧ



ਪੰਜਾਬ ਪੁਲਿਸ ਦੇ ਕਰਮਚਾਰੀਆਂ ਨੂੰ ਕਿਸੇ ਵੀ ਕਿਸਮ ਦੇ ਵਿਰੋਧ ਪ੍ਰਦਰਸ਼ਨ ਨਾਲ ਨਜਿੱਠਣ ਲਈ ਹਦਾਇਤਾਂ ਮਿਲਦੀਆਂ ਹਨ, ਕਿਉਂਕਿ ਐਤਵਾਰ ਨੂੰ ਪਟਿਆਲਾ ਵਿੱਚ ਸੁਤੰਤਰਤਾ ਦਿਵਸ ਤੋਂ ਪਹਿਲਾਂ ਸੁਰੱਖਿਆ ਸਖਤ ਕਰ ਦਿੱਤੀ ਗਈ ਹੈ।

# ਸੇਬਾਂ ਨਾਲ ਭਰੇ ਟਰੱਕ ਦੀ ਜੀਪ ਨਾਲ ਟੱਕਰ 'ਚ ਦੋ ਮੌਤਾਂ



ਸ਼ਿਮਲਾ (ਹਿਮਾਚਲ ਪ੍ਰਦੇਸ਼) : ਸ਼ਿਮਲਾ ਵਿੱਚ ਸੇਬਾਂ ਨਾਲ ਭਰੇ ਇੱਕ ਟਰੱਕ ਦੀ ਇੱਕ ਪਿਕਅੱਪ ਜੀਪ ਨਾਲ ਟੱਕਰ ਹੋਣ ਕਾਰਨ ਘੱਟੋ-ਘੱਟ ਦੋ ਲੋਕਾਂ ਦੀ ਮੌਤ ਹੋ ਗਈ। ਮੰਗਲਵਾਰ ਤੜਕੇ ਢੱਲੀ ਵਿਖੇ ਹੋਈ ਟੱਕਰ ਵਿੱਚ ਤਿੰਨ ਤੋਂ ਚਾਰ ਵਾਹਨਾਂ ਦਾ ਨੁਕਸਾਨ ਹੋ ਗਿਆ।

ਸੇਬਾਂ ਨਾਲ ਭਰਿਆ ਟਰੱਕ ਸ਼ਿਮਲਾ-ਕਿਨੌਰ ਰਾਸ਼ਟਰੀ ਰਾਜਮਾਰਗ 'ਤੇ ਮਸ਼ੋਬਰਾ ਦੋਫਾੜ ਨੇੜੇ ਸੁੰਨੀ, ਤੱਤਪਾਨੀ ਅਤੇ ਕਾਰਸੋਗ ਨੂੰ ਜੋੜਨ ਵਾਲੀ ਸੜਕ 'ਤੇ ਪਲਟ ਗਿਆ।

ਘਟਨਾ ਦੀ ਇੱਕ ਕਥਿਤ ਵੀਡੀਓ ਜੋ ਵਾਇਰਲ ਹੋਈ ਹੈ, ਵਿੱਚ ਦਿਖਾਇਆ ਗਿਆ ਹੈ ਕਿ ਟਰੱਕ ਦਾ ਡਰਾਈਵਰ ਵਾਹਨ ਤੋਂ ਕੰਟਰੋਲ ਗੁਆ ਲੈਂਦਾ ਹੈ, ਜੋ ਫਿਰ ਪਿਕਅੱਪ ਜੀਪ ਨੂੰ ਦਰੜਦਾ ਹੈ ਅਤੇ ਆਪਣੇ ਨਾਲ ਘਸੀਟਦਾ ਹੈ।

ਐਮਰਜੈਂਸੀ ਰਿਸਪਾਂਸ ਟੀਮਾਂ ਤੁਰੰਤ ਸਹਾਇਤਾ ਪ੍ਰਦਾਨ ਕਰਨ ਅਤੇ ਬਚਾਅ ਕਾਰਜਾਂ ਨੂੰ ਅੰਜਾਮ ਦੇਣ ਲਈ ਮੌਕੇ 'ਤੇ ਪਹੁੰਚੀਆਂ। ਹਾਦਸੇ ਵਿੱਚ ਜ਼ਖ਼ਮੀ ਹੋਏ ਦੋ ਵਿਅਕਤੀਆਂ ਨੂੰ ਇਲਾਜ ਅਤੇ ਦੇਖਭਾਲ ਲਈ ਨੇੜਲੇ ਮੈਡੀਕਲ ਹਸਪਤਾਲਾਂ ਵਿੱਚ ਲਿਜਾਇਆ ਗਿਆ। ਹਾਦਸੇ ਤੋਂ ਬਾਅਦ, ਅਧਿਕਾਰੀਆਂ ਨੇ ਘਨਹੱਟੀ ਦੇ ਰਸਤੇ ਸੁੰਨੀ, ਤਾਤਾਪਾਨੀ ਅਤੇ ਕਾਰਸੋਗ ਨੂੰ ਜੋੜਨ ਵਾਲੀ ਸੜਕ 'ਤੇ ਆਵਾਜਾਈ ਨੂੰ ਮੋੜ ਦਿੱਤਾ ਹੈ।

# ਹਿਮਾਚਲ ਪ੍ਰਦੇਸ਼: ਮੰਡੀ 'ਚ ਸਰਕਾਰੀ ਬੱਸ 100 ਫੁੱਟ ਡੂੰਘੇ ਟੋਏ 'ਚ ਡਿੱਗਣ ਕਾਰਨ 13 ਯਾਤਰੀ ਜ਼ਖ਼ਮੀ

ਮੰਡੀ : ਹਿਮਾਚਲ ਪ੍ਰਦੇਸ਼ ਦੇ ਮੰਡੀ ਦੇ ਸੁੰਦਰਨਗਰ 'ਚ ਕੰਗੂ-ਦੇਹਰ ਰੋਡ 'ਤੇ ਐੱਚਆਰਟੀਸੀ ਬੱਸ ਹਾਦਸੇ ਦਾ ਸ਼ਿਕਾਰ ਹੋ ਗਈ, ਜਿਸ ਕਾਰਨ 13 ਯਾਤਰੀ ਜ਼ਖਮੀ ਹੋ ਗਏ। ਬੱਸ ਸੁੰਦਰਨਗਰ ਤੋਂ ਸ਼ਿਮਲਾ ਜਾ ਰਹੀ ਸੀ ਤੇ ਉਹ ਸਵੇਰੇ 5.30 ਵਜੇ 100 ਫੁੱਟ ਡੂੰਘੇ ਟੋਏ ਵਿੱਚ ਜਾ ਡਿੱਗੀ। ਪ੍ਰਾਪਤ ਜਾਣਕਾਰੀ ਮੁਤਾਬਕ ਸਰੋਸ ਵਿਖੇ ਅਚਾਨਕ ਸੜਕ ਧੱਸ ਗਈ ਤੇ ਬੱਸ ਉਸ ਵਿੱਚ ਡਿੱਗ ਗਈ। ਜ਼ਖਮੀਆਂ ਨੂੰ ਸੁੰਦਰਨਗਰ ਦੇ ਹਸਪਤਾਲ 'ਚ ਭਰਤੀ ਕਰਵਾਇਆ ਗਿਆ ਹੈ, ਜਦੋਂ ਕਿ ਗੰਭੀਰ ਜ਼ਖਮੀ 5 ਯਾਤਰੀਆਂ ਨੂੰ ਨੇਰਚੌਕ ਸਥਿਤ ਮੈਡੀਕਲ ਕਾਲਜ 'ਚ ਰੈਫਰ ਕਰ ਦਿੱਤਾ ਗਿਆ ਹੈ।



# ਐਸਡੀਆਰਐਫ ਦੇ ਜਵਾਨ ਭਾਰੀ ਮੀਂਹ ਕਾਰਨ ਪਾਣੀ ਭਰੇ ਰਾਏਵਾਲਾ ਖੇਤਰ ਵਿੱਚ ਬਚਾਅ ਕਾਰਜ ਕਰਦੇ ਹੋਏ




ਦੇਹਰਾਦੂਨ: ਸਟੇਟ ਡਿਜ਼ਾਸਟਰ ਰਿਸਪਾਂਸ ਫੋਰਸ (ਐਸਡੀਆਰਐਫ) ਦੇ ਕਰਮਚਾਰੀ ਐਤਵਾਰ ਨੂੰ ਦੇਹਰਾਦੂਨ ਵਿੱਚ ਮੀਂਹ ਤੋਂ ਬਾਅਦ ਰਾਏਵਾਲਾ ਖੇਤਰ ਵਿੱਚ ਪਾਣੀ ਭਰਨ ਕਾਰਨ ਪ੍ਰਭਾਵਿਤ ਲੋਕਾਂ ਲਈ ਬਚਾਅ ਕਾਰਜ ਕਰਦੇ ਹਨ।

# ਮਨੀਪੁਰ ਹਿੰਸਾ ਵਿਰੁੱਧ ਪੰਜਾਬ 'ਚ ਬੰਦ, ਕਈ ਥਾਈਂ ਮਾਮੂਲੀ ਹਿੰਸਕ ਝੜਪਾਂ

## ਇਸਾਈ ਜਥੇਬੰਦੀਆਂ ਵੱਲੋਂ ਦਿੱਤੇ ਬੰਦ ਦੇ ਸੱਦੇ ਦਾ ਮਾਝਾ ਤੇ ਦੋਆਬਾ 'ਚ ਵਧੇਰੇ ਅਸਰ ਦਿਸਿਆ




ਚੰਡੀਗੜ੍ਹ : ਪੰਜਾਬ ਵਿੱਚ ਇਸਾਈ ਜਥੇਬੰਦੀਆਂ ਵੱਲੋਂ ਮਨੀਪੁਰ ਵਿੱਚ ਪਿਛਲੇ ਸਵਾ ਤਿੰਨ ਮਹੀਨਿਆਂ ਤੋਂ ਚੱਲ ਰਹੀ ਜਾਤੀ ਹਿੰਸਾ ਦੇ ਰੋਸ ਵਜੋਂ ਬੰਦ ਦੇ ਦਿੱਤੇ ਸੱਦੇ ਦੌਰਾਨ ਮੋਗਾ ਸਮੇਤ ਕਈ ਥਾਈਂ ਹਿੰਸਾ ਦੀਆਂ ਮਾਮੂਲੀ ਘਟਨਾਵਾਂ ਵਾਪਰੀਆਂ। ਮੋਗਾ ਜ਼ਿਲ੍ਹੇ ਦੇ ਕੋਟ ਈਸੇ ਖਾਂ ਵਿੱਚ ਦੁਕਾਨ ਬੰਦ ਕਰਾਉਣ ਨੂੰ ਲੈ ਕੇ ਚੱਲੀ ਗੋਲੀ ਨਾਲ ਇੱਕ ਵਿਅਕਤੀ ਜ਼ਖ਼ਮੀ ਹੋ ਗਿਆ ਜਿਸ ਕਰ ਕੇ ਕਸਬੇ ਵਿੱਚ ਸਥਿਤੀ ਤਣਾਅਪੂਰਨ ਬਣ ਗਈ। ਗੁਰਪ੍ਰੀਤ ਸਿੰਘ ਵੱਲੋਂ ਚਲਾਈ ਗੋਲੀ ਨਾਲ ਨਿਹੰਗ ਬਲਵੰਤ ਸਿੰਘ ਜ਼ਖ਼ਮੀ ਹੋ ਗਿਆ ਤੇ ਪੁਲੀਸ ਨੇ ਇਰਾਦਾ ਕਤਲ ਦਾ ਮਾਮਲਾ ਦਰਜ ਕਰ ਲਿਆ ਹੈ। ਪੰਜਾਬ ਦੇ ਕਈ ਸ਼ਹਿਰਾਂ ਵਿੱਚ ਦੁਕਾਨਾਂ ਤੇ ਵਪਾਰਕ ਅਦਾਰੇ ਬੰਦ ਕਰਾਉਣ ਨੂੰ ਲੈ ਕੇ ਮਾਮੂਲੀ ਤਕਰਾਰ ਦੀਆਂ ਰਿਪੋਰਟਾਂ ਵੀ ਮਿਲੀਆਂ ਹਨ ਪਰ ਪੁਲੀਸ ਦੇ ਦਖ਼ਲ ਕਰਕੇ ਹਿੰਸਕ ਘਟਨਾਵਾਂ ਦਾ ਬਚਾਅ ਹੋ ਗਿਆ। ਪੁਲੀਸ ਅਧਿਕਾਰੀਆਂ ਨੇ ਦਾਅਵਾ ਕੀਤਾ ਹੈ ਕਿ ਸਥਿਤੀ ਇਸ ਵੇਲੇ ਪੂਰੀ ਤਰ੍ਹਾਂ ਕੰਟਰੋਲ ਹੇਠ ਹੈ।




# ਸੂਰਤ ਵਿੱਚ ਵਿਸ਼ਵ ਦੇ ਆਦਿਵਾਸੀ ਲੋਕਾਂ ਨੇ ਅੰਤਰਰਾਸ਼ਟਰੀ ਦਿਵਸ 'ਚ ਲਿਆ ਹਿੱਸਾ

ਸੂਰਤ: ਸੂਰਤ ਵਿੱਚ ਵਿਸ਼ਵ ਦੇ ਆਦਿਵਾਸੀ ਲੋਕਾਂ ਦੇ ਅੰਤਰਰਾਸ਼ਟਰੀ ਦਿਵਸ (ਵਿਸ਼ਵ ਆਦਿਵਾਸੀ ਦਿਵਸ) ਦੀ ਯਾਦ ਵਿੱਚ ਇੱਕ ਰੈਲੀ ਵਿੱਚ ਸ਼ਾਮਲ ਹੋਏ।

ਵਿਸ਼ਵ ਦੇ ਆਦਿਵਾਸੀ ਲੋਕਾਂ ਦਾ ਅੰਤਰਰਾਸ਼ਟਰੀ ਦਿਵਸ ਹਰ ਸਾਲ 9 ਅਗਸਤ ਨੂੰ ਵਿਸ਼ਵ ਦੀ ਆਦਿਵਾਸੀ ਆਬਾਦੀ ਦੇ ਅਧਿਕਾਰਾਂ ਨੂੰ ਉਤਸ਼ਾਹਿਤ ਕਰਨ ਅਤੇ ਉਨ੍ਹਾਂ ਦੀ ਸੁਰੱਖਿਆ ਲਈ ਮਨਾਇਆ ਜਾਂਦਾ ਹੈ। ਵਿਸ਼ਵ ਕਬਾਇਲੀ ਦਿਵਸ ਵਜੋਂ ਵੀ ਜਾਣਿਆ ਜਾਂਦਾ ਹੈ, ਇਹ ਸਮਾਗਮ ਉਹਨਾਂ ਪ੍ਰਾਪਤੀਆਂ ਅਤੇ ਯੋਗਦਾਨਾਂ ਨੂੰ ਵੀ ਮਾਨਤਾ ਦਿੰਦਾ ਹੈ ਜੋ ਸਵਦੇਸ਼ੀ ਲੋਕ ਵਾਤਾਵਰਣ ਸੁਰੱਖਿਆ ਵਰਗੇ ਵਿਸ਼ਵ ਮੁੱਦਿਆਂ ਨੂੰ ਸੁਧਾਰਨ ਲਈ ਕਰਦੇ ਹਨ।

ਸਵਦੇਸ਼ੀ ਅਤੇ ਕਬਾਇਲੀ ਸੱਭਿਆਚਾਰ ਅਤੇ ਭਾਈਚਾਰੇ, ਸਾਨੂੰ ਆਪਣੀਆਂ ਜੜ੍ਹਾਂ ਵੱਲ ਮੁੜ ਕੇ ਦੇਖਣ ਦੀ ਇਜਾਜ਼ਤ ਦਿੰਦੇ ਹਨ। ਸਵਦੇਸ਼ੀ ਲੋਕਾਂ ਦੁਆਰਾ ਹਾਸਲ ਕੀਤੇ ਗਏ ਗਿਆਨ ਨੂੰ ਸਮਝਣਾ ਸੱਭਿਆਚਾਰਕ ਅਤੇ ਵਿਗਿਆਨਕ ਤੌਰ 'ਤੇ ਵੀ ਬਹੁਤ ਜ਼ਰੂਰੀ ਹੈ। ਪ੍ਰਾਚੀਨ ਸਭਿਆਚਾਰਾਂ ਨੇ ਸਦੀਆਂ ਤੋਂ ਆਪਣੀਆਂ ਬਚਾਅ ਦੀਆਂ ਰਣਨੀਤੀਆਂ ਨੂੰ ਸੰਪੂਰਨ ਕੀਤਾ ਸੀ ਅਤੇ ਬਿਮਾਰੀਆਂ ਦੇ ਉਪਚਾਰਾਂ ਦੀ ਖੋਜ ਕੀਤੀ ਸੀ ਜਿਨ੍ਹਾਂ ਨੇ ਆਧੁਨਿਕ ਵਿਗਿਆਨੀਆਂ ਦੀ ਬਹੁਤ ਮਦਦ ਕੀਤੀ ਹੈ। ਵਿਗਿਆਨ ਤੋਂ ਇਲਾਵਾ, ਦੇਸੀ ਭਾਸ਼ਾਵਾਂ ਦੀ ਸਮਝ ਅਤੇ ਸੰਭਾਲ, ਉਨ੍ਹਾਂ ਦੇ ਅਧਿਆਤਮਿਕ ਅਭਿਆਸਾਂ, ਅਤੇ ਦਰਸ਼ਨ ਵੀ ਬਹੁਤ ਜ਼ਰੂਰੀ ਹਨ।



ਦਸੰਬਰ 1994 ਵਿੱਚ, ਸੰਯੁਕਤ ਰਾਸ਼ਟਰ ਜਨਰਲ ਅਸੈਂਬਲੀ ਨੇ ਫੈਸਲਾ ਕੀਤਾ ਕਿ ਵਿਸ਼ਵ ਦੇ ਆਦਿਵਾਸੀ ਲੋਕਾਂ ਦਾ ਅੰਤਰਰਾਸ਼ਟਰੀ ਦਿਵਸ ਹਰ ਸਾਲ 9 ਅਗਸਤ ਨੂੰ ਮਨਾਇਆ ਜਾਣਾ ਚਾਹੀਦਾ ਹੈ। 1982 ਵਿੱਚ ਜਿਨੀਵਾ ਵਿੱਚ ਮਨੁੱਖੀ ਅਧਿਕਾਰਾਂ ਦੇ ਪ੍ਰੋਤਸਾਹਨ ਅਤੇ ਸੁਰੱਖਿਆ ਬਾਰੇ ਉਪ-ਕਮਿਸ਼ਨ ਦੀ ਸਵਦੇਸ਼ੀ ਆਬਾਦੀ ਬਾਰੇ ਸੰਯੁਕਤ ਰਾਸ਼ਟਰ ਦੇ ਕਾਰਜ ਸਮੂਹ ਦੀ ਪਹਿਲੀ ਮੀਟਿੰਗ ਨੂੰ ਮਾਨਤਾ ਦੇਣ ਲਈ ਇਸ ਤਾਰੀਖ ਦੀ ਚੋਣ ਕੀਤੀ ਗਈ ਸੀ। ਇਸ ਦਿਨ ਦੀ ਲੋੜ ਹੈ, ਜਿਵੇਂ ਕਿ ਦੁਨੀਆ ਭਰ ਵਿੱਚ, ਆਦਿਵਾਸੀ ਲੋਕ ਹਨ। ਅਕਸਰ ਸਮਾਜ ਦੇ ਸਭ ਤੋਂ ਗਰੀਬ ਨਸਲੀ ਸਮੂਹਾਂ ਵਿੱਚੋਂ। ਸੰਯੁਕਤ ਰਾਸ਼ਟਰ ਦੇ ਅਨੁਸਾਰ, ਸਵਦੇਸ਼ੀ ਲੋਕ ਵਿਸ਼ਵ ਦੀ ਆਬਾਦੀ ਦਾ 5 ਪ੍ਰਤੀਸ਼ਤ ਤੋਂ ਘੱਟ ਹਨ ਪਰ ਸਭ ਤੋਂ ਗਰੀਬਾਂ ਦਾ 15 ਪ੍ਰਤੀਸ਼ਤ ਹਨ। ਉਹ ਦੁਨੀਆ ਦੀਆਂ ਅੰਦਾਜ਼ਨ 7,000 ਭਾਸ਼ਾਵਾਂ ਵਿੱਚੋਂ ਇੱਕ ਬਹੁਤ ਜ਼ਿਆਦਾ ਬੋਲਦੇ ਹਨ ਅਤੇ 5,000 ਵੱਖ-ਵੱਖ ਸੱਭਿਆਚਾਰਾਂ ਨੂੰ ਦਰਸਾਉਂਦੇ ਹਨ।

# ਕੁਦਰਤ ਨਾਲ ਛੇੜਛਾੜ ਮਨੁੱਖ ਨੂੰ ਪਈ ਬਹੁਤ ਮਹਿੰਗੀ

-ਬਲਰਾਜ ਸਿੰਘ ਸਿੱਧੂ

ਹਿਮਾਚਲ ਤੇ ਉੱਤਰਾਖੰਡ ਵਿਚ ਜੁਲਾਈ ਮਹੀਨੇ ਬਰਸਾਤ ਵਾਰ-ਵਾਰ ਕਹਿਰ ਬਣ ਕੇ ਵਰ੍ਹੀ ਹੈ। ਇਸ ਨੇ ਪਹਾੜਾਂ ਵਿਚ ਕੁਦਰਤ ਦੇ ਅਸੂਲਾਂ ਦੀ ਬੇਰਹਿਮੀ ਨਾਲ ਅਣਦੇਖੀ ਕਰ ਕੇ ਕੀਤੇ ਜਾ ਰਹੇ ਕਥਿਤ ਵਿਕਾਸ ਕਾਰਜਾਂ ਦੀ ਪੋਲ ਸਾਰੇ ਦੇਸ਼ ਅੱਗੇ ਖੋਲ੍ਹ ਦਿੱਤੀ ਹੈ ਤੇ ਹਿਮਾਚਲ ਵਿਚ ਸਭ ਤੋਂ ਵੱਧ ਬਰਬਾਦੀ ਹੋਈ ਹੈ।

ਕਾਸ਼ ਕਿਤੇ ਅੰਗਰੇਜ਼ਾਂ ਨੇ ਸ਼ਿਮਲੇ ਨੂੰ ਭਾਰਤ ਦੀ ਗਰਮੀਆਂ ਦੀ ਰਾਜਧਾਨੀ ਨਾ ਬਣਾਇਆ ਹੁੰਦਾ ਤਾਂ ਸੈਂਕੜੇ ਸਕੁਏਅਰ ਕਿਲੋਮੀਟਰ ਹਿਮਾਲਿਆ ਕੰਕਰੀਟ ਦੇ ਜੰਗਲ ਵਿਚ ਤਬਦੀਲ ਹੋਣ ਤੋਂ ਬਚ ਸਕਦਾ ਸੀ। ਹਿਮਾਚਲ ਵਿਚ ਜੁਲਾਈ ਦੇ ਪਹਿਲੇ 11 ਦਿਨਾਂ ਵਿਚ ਆਮ ਤੌਰ 'ਤੇ ਹੋਣ ਵਾਲੀ ਔਸਤ 77 ਮਿ.ਮੀ. ਰੋਜ਼ਾਨਾ ਦੀ ਬਜਾਏ ਔਸਤ 250 ਮਿ.ਮੀ. ਬਾਰਿਸ਼ ਹੋਈ। ਕੁੱਲੂ, ਬਿਲਾਸਪੁਰ, ਮੰਡੀ, ਸ਼ਿਮਲਾ ਅਤੇ ਸੋਲਨ ਵਿਚ ਤਾਂ ਇਸ ਤੋਂ ਵੀ ਵੱਧ ਬੁਰੀ ਹਾਲਤ ਹੋਈ। ਇਹੀ ਹਾਲ ਉੱਤਰਾਖੰਡ ਦਾ ਹੋਇਆ ਹੈ। ਹਿਮਾਚਲ ਵਿਚ 200 ਅਤੇ ਉੱਤਰਾਖੰਡ ਵਿਚ 40 ਦੇ ਲਗਪਗ ਮੌਤਾਂ ਹੋਈਆਂ ਹਨ ਤੇ ਢਿੱਗਾਂ ਡਿੱਗਣ ਕਾਰਨ ਸੈਂਕੜੇ ਸੜਕਾਂ ਹਫ਼ਤਿਆਂ ਤਕ ਬੰਦ ਰਹੀਆਂ ਹਨ।

ਭਾਰਤ ਦੀ ਇੰਜੀਨੀਅਰਿੰਗ ਦਾ ਕਥਿਤ ਨਮੂਨਾ ਚਾਰ ਧਾਮ ਹਾਈਵੇ ਵੀ ਸੱਤ ਵਾਰ ਬੰਦ ਹੋਇਆ ਹੈ ਜਿਸ ਬਾਰੇ ਦਾਅਵਾ ਕੀਤਾ ਜਾਂਦਾ ਸੀ ਕਿ ਇਹ ਹਰ ਮੌਸਮ ਵਿਚ ਖੁੱਲ੍ਹਾ ਰਹੇਗਾ। ਇਸ ਕਾਰਨ ਹਜ਼ਾਰਾਂ ਟੂਰਿਸਟ ਕਈ-ਕਈ ਦਿਨਾਂ ਤਕ ਆਪਣੀਆਂ ਗੱਡੀਆਂ ਵਿਚ ਫਸੇ ਰਹੇ। ਉੱਤਰਾਖੰਡ ਦੇ ਗਿਰਥੀ ਦਰਿਆ ਦੇ ਇਕ ਪੁਲ ਦੇ ਰੁੜ੍ਹ ਜਾਣ ਕਾਰਨ ਭਾਰਤੀ ਸੈਨਾ ਦੀ ਭਾਰਤ -ਤਿੱਬਤ ਸੀਮਾ ਵੱਲ ਜਾਣ ਵਾਲੀ ਆਵਾਜਾਈ ਪ੍ਰਭਾਵਿਤ ਹੋਈ। ਉੱਥੇ ਤਾਇਨਾਤ ਫ਼ੌਜ ਨੂੰ ਜ਼ਰੂਰੀ ਵਸਤਾਂ ਅਤੇ ਗੋਲ਼ੀ-ਸਿੱਕੇ ਦੀ ਸਪਲਾਈ ਕਰਨ ਲਈ ਹਵਾਈ ਫ਼ੌਜ ਨੂੰ ਬੁਲਾਉਣਾ ਪਿਆ। ਬਿਜਲੀ ਅਤੇ ਪਾਣੀ ਦੀਆਂ ਸਪਲਾਈ ਲਾਈਨਾਂ ਤਬਾਹ ਹੋ ਗਈਆਂ ਤੇ ਸਕੂਲ ਕਈ ਹਫ਼ਤਿਆਂ ਤੀਕ ਬੰਦ ਰਹੇ। ਪੁਲ ਰੁੜ੍ਹ ਗਏ, ਸ਼ਹਿਰ ਜਲ-ਥਲ ਹੋ ਗਏ ਤੇ ਅਨੇਕਾਂ ਇਮਾਰਤਾਂ ਅਤੇ ਸੈਂਕੜੇ ਗੱਡੀਆਂ ਦਾ ਪਤਾ ਹੀ ਨਹੀਂ ਚੱਲਿਆ ਕਿ ਉਹ ਕਿਧਰ ਨੂੰ ਗਈਆਂ?

ਇਸ ਵਾਰ ਸਭ ਤੋਂ ਵੱਧ ਤਬਾਹੀ ਬਿਆਸ ਦਰਿਆ ਨੇ ਮਚਾਈ ਜਿਸ ਦਾ ਕਾਰਨ ਇਨਸਾਨ ਦੀ ਕੁਦਰਤ ਨਾਲ ਛੇੜਛਾੜ ਹੈ। ਹੜ੍ਹ ਆਉਣ ਦੇ ਡਰੋਂ



ਵਾਤਾਵਰਨ ਨਿਯਮਾਂ ਦੀਆਂ ਧੱਜੀਆਂ ਉਡਾ ਕੇ ਮੰਡੀ ਸ਼ਹਿਰ ਦੇ ਨਜ਼ਦੀਕ ਪਹਾੜਾਂ ਵਿਚ ਉਸਾਰੇ ਗਏ ਅਨੇਕਾਂ ਪਣ ਬਿਜਲੀ ਘਰਾਂ ਤੋਂ ਬਿਨਾਂ ਚੇਤਾਵਨੀ ਅਤੇ ਬਚਾਅ ਦੇ ਪ੍ਰਬੰਧ ਕੀਤੇ ਬੇਹਿਸਾਬ ਪਾਣੀ ਬਿਆਸ ਵਿਚ ਛੱਡ ਦਿੱਤਾ ਗਿਆ। ਇਸ ਕਾਰਨ ਪਹਿਲਾਂ ਤੋਂ ਹੀ ਆਫਰੇ ਪਏ ਬਿਆਸ ਨੇ ਆਪਣੇ ਆਸਪਾਸ ਦੇ ਖੇਤਰ ਵਿਚ ਤਬਾਹੀ ਮਚਾਉਣੀ ਸ਼ੁਰੂ ਕਰ ਦਿੱਤੀ ਤੇ ਕਿਨਾਰੇ ਤੋੜ ਕੇ ਵਹਿ ਨਿਕਲਿਆ। ਉੱਤਰਾਖੰਡ ਵਿਚ ਵੀ ਅਜਿਹਾ ਹੀ ਹੋਇਆ।

ਉੱਤਰਾਖੰਡ ਜਲ ਬਿਜਲੀ ਨਿਗਮ ਨੇ ਟਰਬਾਈਨਾਂ ਨੂੰ ਹੜ੍ਹ ਦੇ ਚਿੱਕੜ ਤੋਂ ਬਚਾਉਣ ਖ਼ਾਤਰ ਆਪਣੇ 19 ਪਣ ਬਿਜਲੀ ਡੈਮਾਂ ਤੋਂ ਬਿਜਲੀ ਉਤਪਾਦਨ ਬੰਦ ਕਰ ਕੇ ਗੇਟ ਖੋਲ੍ਹ ਦਿੱਤੇ ਤੇ ਪਾਣੀ ਨੇ ਹੇਠਲੇ ਇਲਾਕਿਆਂ ਵਿਚ ਤਬਾਹੀ ਮਚਾ ਦਿੱਤੀ। ਬਿਨਾਂ ਕਿਸੇ ਯੋਜਨਾ ਤੋਂ ਮਨਮਰਜ਼ੀ ਨਾਲ ਉਸਾਰੇ ਜਾ ਰਹੇ ਡੈਮਾਂ ਤੋਂ ਹੋ ਰਹੀ ਤਬਾਹੀ ਦਾ ਸਭ ਤੋਂ ਵੱਡਾ ਕਾਰਨ ਕੇਂਦਰੀ ਵਾਤਾਵਰਨ ਮੰਤਰਾਲੇ ਵੱਲੋਂ ਕਬੂਤਰ ਵਾਂਗ ਅੱਖਾਂ ਮੀਟ ਲੈਣਾ ਤੇ ਸੂਬਾ ਸਰਕਾਰਾਂ ਅਤੇ ਆਪਣੇ ਚਹੇਤੇ ਸਰਮਾਏਦਾਰਾਂ ਨੂੰ ਹਿਮਾਲਿਆ ਪਰਬਤ ਨੂੰ ਨੋਚਣ-ਖਸੋਟਣ ਦੀ ਪੂਰਨ ਆਜ਼ਾਦੀ ਦੇ ਦੇਣਾ ਹੈ। ਜਿਹੜੀਆਂ ਵੀ ਵਾਤਾਵਰਨ ਪ੍ਰੇਮੀ ਜਥੇਬੰਦੀਆਂ ਜਾਂ ਵਿਅਕਤੀ ਇਸ ਦੇ ਖ਼ਿਲਾਫ਼ ਆਵਾਜ਼ ਉਠਾਉਂਦਾ ਹੈ, ਉਸ ਨੂੰ ਦੇਸ਼ ਧ੍ਰੋਹੀ ਗਰਦਾਨ ਕੇ ਜੇਲ੍ਹ ਵਿਚ ਸੁੱਟ ਦਿੱਤਾ ਜਾਂਦਾ ਹੈ। ਇਸ ਵਾਰ ਵੀ ਸਭ ਤੋਂ ਭਿਆਨਕ ਤਬਾਹੀ ਅਜਿਹੀਆਂ ਅਨੈਤਿਕ ਉਸਾਰੀਆਂ ਦੇ ਆਸਪਾਸ ਹੀ ਵਾਪਰੀ ਹੈ ਕਿਉਂਕਿ ਉਨ੍ਹਾਂ ਕਾਰਨ ਪਾਣੀ ਦਾ ਵਹਾਅ ਬਦਲ ਗਿਆ ਸੀ ਜਾਂ ਰੁਕ ਗਿਆ ਸੀ। ਕਥਿਤ ਵਿਕਾਸ ਦੇ ਨਾਂ 'ਤੇ ਉਸਾਰੀਆਂ ਜਾ ਰਹੀਆਂ ਇਮਾਰਤਾਂ, ਸੜਕਾਂ ਅਤੇ ਡੈਮਾਂ ਆਦਿ ਦਾ ਮਲਬਾ ਢੋਆ-ਢੁਆਈ ਦਾ ਖ਼ਰਚਾ ਬਚਾਉਣ ਖ਼ਾਤਰ ਨਜ਼ਦੀਕੀ ਨਦੀ-ਨਾਲਿਆਂ ਵਿਚ ਸੁੱਟ ਦਿੱਤਾ ਜਾਂਦਾ ਹੈ।

ਇਨ੍ਹਾਂ ਹੜ੍ਹਾਂ ਵੇਲੇ ਹਿਮਾਚਲ ਦੇ ਸ਼ਹਿਰ ਥੁਨਾਗ ਦੀ ਇਕ ਵੀਡੀਓ ਕਲਿੱਪ ਬਹੁਤ ਵਾਇਰਲ ਹੋਈ ਹੈ ਜਿਸ ਵਿਚ ਹੜ੍ਹ ਕਾਰਨ ਵਹਿ ਕੇ ਆਏ ਲੱਖਾਂ ਟਨ ਚਿੱਕੜ ਅਤੇ ਸੈਂਕੜੇ ਵੱਢੇ ਹੋਏ ਦਰਖਤਾਂ ਦੇ ਤਣਿਆਂ ਨੇ ਮਿੰਟਾਂ-ਸਕਿੰਟਾਂ ਵਿਚ ਸ਼ਹਿਰ ਦਾ ਮੁੱਖ ਬਾਜ਼ਾਰ ਜਾਮ ਕਰ ਦਿੱਤਾ ਸੀ ਤੇ ਦਰਜਨਾਂ ਦੁਕਾਨਾਂ ਅਤੇ ਘਰਾਂ ਨੂੰ ਤਬਾਹ ਕਰ ਦਿੱਤਾ ਸੀ।

ਬਾਅਦ ਵਿਚ ਖੋਜੀ ਪੱਤਰਕਾਰਾਂ ਅਤੇ ਵਾਤਾਵਰਨ ਪ੍ਰੇਮੀਆਂ ਨੇ ਇਸ ਦਾ ਕਾਰਨ ਸਾਹਮਣੇ ਲਿਆਂਦਾ ਤਾਂ ਸਾਰੇ ਹੈਰਾਨ ਰਹਿ ਗਏ। ਇਸ ਕਸਬੇ ਤੋਂ ਉੱਪਰ ਥੰਡੀ ਨਾਮਕ ਪਿੰਡ ਹੈ ਜੋ ਹਿਮਾਚਲ ਦੀ ਇਕ ਅਹਿਮ ਰਾਜਨੀਤਕ ਸ਼ਖ਼ਸੀਅਤ ਦਾ ਜੱਦੀ ਪਿੰਡ ਅਤੇ ਚੋਣ ਹਲਕਾ ਹੈ। ਚੁਣਾਵੀ ਵਾਅਦਾ ਪੂਰਾ ਕਰਨ ਲਈ ਇਸ ਪਿੰਡ ਨੂੰ ਬਿਨਾਂ ਕਿਸੇ ਨਿਯਮ ਦੀ ਪਰਵਾਹ ਕੀਤੇ ਕਾਫ਼ੀ ਚੌੜੀ ਸੜਕ ਬਣਾਈ ਗਈ ਜਿਸ ਕਾਰਨ ਸੈਂਕੜੇ ਦਰਖਤ ਵੱਢ ਦਿੱਤੇ ਗਏ। ਠੇਕੇਦਾਰ ਨੇ ਪੈਸੇ ਬਚਾਉਣ ਖ਼ਾਤਰ ਉਹ ਦਰਖਤ ਅਤੇ ਮਲਬਾ ਨਜ਼ਦੀਕ ਵਗਦੇ ਇਕ ਪਹਾੜੀ ਨਾਲੇ ਵਿਚ ਸੁੱਟ ਕੇ ਉਸ ਦਾ ਰਾਹ ਤੰਗ ਕਰ ਦਿੱਤਾ।

ਜਦੋਂ ਉੱਪਰ ਪਹਾੜਾਂ ਵਿਚ ਬੱਦਲ ਫਟਿਆ ਤਾਂ ਨਾਲੇ ਵਿਚ ਆਏ ਹੜ੍ਹ ਨੇ ਕਿਨਾਰੇ ਤੋੜ ਕੇ ਥੁਨਾਗ ਵੱਲ ਮੁਹਾਰ ਮੋੜ ਕੇ ਭਿਆਨਕ ਤਬਾਹੀ ਮਚਾ ਦਿੱਤੀ। ਵਰਣਨਯੋਗ ਹੈ ਕਿ ਇਹ ਸੜਕ ਬਣਨ ਤੋਂ ਪਹਿਲਾਂ ਥੁਨਾਗ ਵਿਚ ਕਦੇ ਵੀ ਹੜ੍ਹ ਨਹੀਂ ਸਨ ਆਏ ਜਦੋਂ ਅਜਿਹੇ ਪ੍ਰਾਜੈਕਟ ਦੇ ਟੈਂਡਰ ਕੱਢੇ ਜਾਂਦੇ ਹਨ ਤਾਂ ਠੇਕੇਦਾਰ ਠੇਕਾ ਹਥਿਆਉਣ ਲਈ ਵੱਧ ਬੋਲੀ ਲਗਾ ਦਿੰਦੇ ਹਨ ਤੇ ਬਾਅਦ ਵਿਚ ਅਫ਼ਸਰਾਂ ਨਾਲ ਮਿਲੀਭੁਗਤ ਕਰ ਕੇ ਘਟੀਆ ਸਾਮਾਨ ਦੀ ਵਰਤੋਂ ਕਰਦੇ ਹਨ। ਘਟੀਆ ਸਮੱਗਰੀ ਨਾਲ ਬਣਾਏ ਗਏ ਅਜਿਹੇ ਪ੍ਰਾਜੈਕਟ ਪਹਿਲੇ ਮੀਂਹ ਨਾਲ ਹੀ ਰੁੜ੍ਹ ਜਾਂਦੇ ਹਨ ਤੇ ਲੋਕਾਂ ਲਈ ਮੁਸੀਬਤ ਪੈਦਾ ਕਰਦੇ ਹਨ।

ਸਾਰਾ ਨੁਕਸਾਨ ਹੜ੍ਹਾਂ ਦੇ ਸਿਰ ਮੜ੍ਹ ਕੇ ਅਫ਼ਸਰ, ਸਿਆਸੀ ਹਾਕਮ ਤੇ ਠੇਕੇਦਾਰ ਸੁਰਖਰੂ ਹੋ ਜਾਂਦੇ ਹਨ। ਹਿਮਾਚਲ ਵਿਚ ਤਾਂ ਸੁਣਿਆ ਹੈ ਕਿ ਉਪਰੋਕਤ ਤਿੱਕੜੀ ਬਾਰਿਸ਼ਾਂ ਉਡੀਕਦੇ ਰਹਿੰਦੇ ਹਨ ਤਾਂ ਜੋ ਉਨ੍ਹਾਂ ਦੀਆਂ ਕਰਤੂਤਾਂ ਢੱਕੀਆਂ ਰਹਿ ਸਕਣ। ਇਨ੍ਹਾਂ ਹੜ੍ਹਾਂ ਵੇਲੇ ਮੰਡੀ-ਮਨਾਲੀ ਹਾਈਵੇ 'ਤੇ ਕਈ ਥਾਵਾਂ 'ਤੇ 100 ਮੀਟਰ ਤੋਂ ਵੀ ਵੱਡੇ ਪਾੜ ਪਏ ਹਨ। ਜਾਂਚ ਤੋਂ ਇਹ ਸਾਹਮਣੇ ਆਇਆ ਕਿ ਇਸ ਸੜਕ ਦਾ ਵੱਡਾ ਹਿੱਸਾ ਬਿਆਸ ਦਰਿਆ ਦੇ ਵਹਿਣ ਵਿਚ ਨਰਮ ਮਿੱਟੀ 'ਤੇ ਬਣਾ ਦਿੱਤਾ ਗਿਆ ਹੈ। ਇਸ ਕਾਰਨ ਜਦੋਂ ਦਰਿਆ ਵਿਚ ਹੜ੍ਹ ਆਇਆ ਤਾਂ ਉਹ ਮਿੱਟੀ ਖੁਰ ਗਈ। ਸੰਨ 2013 ਦੇ ਹੜ੍ਹਾਂ ਵੇਲੇ ਕੇਦਾਰਨਾਥ ਹਾਈਵੇ ਅਤੇ ਹੁਣ ਬਦਰੀਨਾਥ ਹਾਈਵੇ ਨਾਲ ਵੀ ਅਜਿਹਾ ਹੀ ਵਾਪਰਿਆ ਹੈ। ਪਰ ਲੱਗਦਾ ਹੈ ਕਿ ਸਾਡੇ ਕਾਬਲ ਇੰਜੀਨੀਅਰਾਂ ਨੇ ਉਸ ਤਬਾਹੀ ਤੋਂ ਕੋਈ ਸਿੱਖਿਆ ਹਾਸਲ ਕਰਨ ਦੀ ਖੇਚਲ ਨਹੀਂ ਕੀਤੀ। ਅਜਿਹਾ ਭਿ ?ਰਸ਼ਟ ਅਤੇ ਬੇਤਰਤੀਬ ਕਥਿਤ ਵਿਕਾਸ ਅੱਗੇ ਵੀ ਚੱਲਦਾ ਰਹੇਗਾ। ਬਰਸਾਤਾਂ ਖ਼ਤਮ ਹੋਣ ਤੋਂ ਬਾਅਦ ਮੁੜ ਉਸਾਰੀ ਦੇ ਨਾਮ 'ਤੇ ਦੇਸ਼ ਦੇ ਟੈਕਸ ਦਾਤਿਆਂ ਦਾ ਅਰਬਾਂ-ਖਰਬਾਂ ਰੁਪਈਆ ਗਬਨ ਕਰ ਲਿਆ ਜਾਵੇਗਾ।

ਸੰਨ 2020 ਵਿਚ ਹਿਮਾਚਲ ਪ੍ਰਦੇਸ਼ ਹਾਈ ਕੋਰਟ ਨੇ ਇਕ ਹੁਕਮ ਜਾਰੀ ਕੀਤਾ ਸੀ ਕਿ ਕੋਈ ਵੀ ਇਮਾਰਤ ਕਿਸੇ ਨਦੀ ਨਾਲੇ ਦੇ 100 ਮੀਟਰ ਤੋਂ ਨਜ਼ਦੀਕ ਨਹੀਂ ਉਸਾਰੀ ਜਾ ਸਕਦੀ। ਪਰ ਇਸ ਹੁਕਮ ਦੀਆਂ ਵੀ ਬੁਰੀ ਤਰ੍ਹਾਂ ਧੱਜੀਆਂ ਉਡਾਈਆਂ ਜਾ ਰਹੀਆਂ ਹਨ। ਮਨਾਲੀ ਸ਼ਹਿਰ ਵਿਚ ਪਿਛਲੇ ਸਾਲ ਬਣੇ ਦੋ ਹੋਟਲ ਅਤੇ ਅਨੇਕਾਂ ਮਕਾਨ ਜੋ ਬਿਆਸ ਦੇ ਬਿਲਕੁਲ ਕਿਨਾਰੇ 'ਤੇ ਸਨ, ਹੜ੍ਹ ਦੇ ਪਾਣੀ ਵਿਚ ਵਹਿ ਗਏ। ਅਸਲ ਵਿਚ ਬਰਸਾਤਾਂ ਤੋਂ 6-7 ਮਹੀਨਿਆਂ ਬਾਅਦ ਹੀ ਮੀਡੀਆ, ਲੋਕ ਅਤੇ ਸਰਕਾਰ ਹੜ੍ਹਾਂ ਬਾਰੇ ਭੁੱਲ ਜਾਂਦੇ ਹਨ ਤੇ ਦੁਬਾਰਾ ਨਾਜਾਇਜ਼ ਉਸਾਰੀਆਂ ਸ਼ੁਰੂ ਹੋ ਜਾਂਦੀਆਂ ਹਨ।

ਹੜ੍ਹਾਂ ਜਾਂ ਹੋਰ ਕੁਦਰਤੀ ਆਫ਼ਤਾਂ ਦਾ ਸ਼ਿਕਾਰ ਸਭ ਤੋਂ ਵੱਧ ਭਾਰਤ ਵਰਗੇ ਸੰਘਣੀ ਆਬਾਦੀ ਵਾਲੇ ਦੇਸ਼ ਬਣਦੇ ਹਨ। ਵਾਤਾਵਰਨ ਪ੍ਰਤੀ ਜਾਗਰੂਕਤਾ, ਚੰਗੀ ਇੰਜੀਨੀਅਰਿੰਗ, ਵਧੀਆ ਪਲੈਨਿੰਗ ਅਤੇ ਸਰਕਾਰੀ ਦਿਆਨਤਦਾਰੀ ਦੇ ਰਸਤੇ 'ਤੇ ਚੱਲ ਕੇ ਹੀ ਹਿਮਾਲਿਆ ਨੂੰ ਬਚਾਇਆ ਜਾ ਸਕਦਾ ਹੈ ਅਤੇ ਹੜ੍ਹਾਂ ਦੇ ਖ਼ਤਰੇ ਨੂੰ ਘਟਾਇਆ ਜਾ ਸਕਦਾ ਹੈ। ਪਰ ਬਦਕਿਸਮਤੀ ਨਾਲ ਭਾਰਤ ਵਿਚ ਸਰਕਾਰੀ ਦਿਆਨਤਦਾਰੀ ਤਾਂ ਭਾਲਿਆਂ ਵੀ ਨਹੀਂ ਲੱਭਦੀ। ਕੁਦਰਤੀ ਆਫ਼ਤਾਂ ਦਾ ਸਭ ਤੋਂ ਵੱਡਾ ਸ਼ਿਕਾਰ ਆਮ ਜਨਤਾ ਹੁੰਦੀ ਹੈ। ਇਸ ਲਈ ਅਜਿਹੇ ਪ੍ਰਾਜੈਕਟ ਉਸਾਰਨ ਲੱਗਿਆਂ ਉਨ੍ਹਾਂ ਦੀ ਆਵਾਜ਼ ਵੀ ਸੁਣੀ ਜਾਣੀ ਚਾਹੀਦੀ ਹੈ। ਸਭ ਤੋਂ ਵੱਡਾ ਸਵਾਲ ਇਹ ਹੈ ਕਿ ਪਰਬਤ ਮਨੁੱਖੀ ਆਬਾਦੀ ਅਤੇ ਕੰਕਰੀਟ ਦੇ ਜੰਗਲਾਂ ਦਾ ਕਿੰਨਾ ਕੁ ਦਬਾਅ ਝੱਲ ਸਕਦੇ ਹਨ? ਹਿਮਾਲਿਆ ਸੰਸਾਰ ਪ੍ਰਸਿੱਧ ਪਰਬਤ-ਮਾਲਾ ਹੈ ਅਤੇ ਅਜੇ ਵੀ ਇੱਥੇ ਭੂਗੋਲਿਕ ਗਤੀਵਿਧੀਆਂ ਚੱਲ ਰਹੀਆਂ ਹਨ ਜਿਸ ਕਾਰਨ ਵੱਡੇ ਭੂਚਾਲ ਵੀ ਆਉਂਦੇ ਹਨ। ਕੀ ਅਸੀਂ ਇਸ ਦੇ ਜੰਗਲਾਂ ਨੂੰ ਤਬਾਹ ਕਰ ਕੇ ਅਤੇ ਹਰ ਸਾਲ ਸੈਲਾਨੀਆਂ ਦੀਆਂ ਲੱਖਾਂ ਗੱਡੀਆਂ ਦਾ ਹਜ਼ਾਰਾਂ ਟਨ ਧੂੰਆਂ ਵਾਤਾਵਰਨ ਵਿਚ ਘੋਲ ਕੇ ਪੈਣ ਵਾਲੇ ਬੁਰੇ ਪ੍ਰਭਾਵਾਂ ਤੋਂ ਬਚ ਸਕਦੇ ਹਾਂ?

# ਪੰਜਾਬ ਵਿਚ ਆਏ ਹੜ੍ਹਾਂ ਕਾਰਨ ਦਿਲ ਹੀ ਉਦਾਸ ਏ ਜੀ...

-ਕੁੰਵਰਦੀਪ

ਹੜ੍ਹਾਂ ਦਾ ਪਾਣੀ ਪੰਜਾਬ 'ਚ ਤਬਾਹੀ ਮਚਾ ਕੇ ਸੁੱਕਣ ਲੱਗ ਪਿਆ ਹੈ ਪਰ ਪਾਣੀ ਦੇ ਸੁੱਕਣ ਤੋਂ ਬਾਅਦ ਪੀੜਤ ਮਨਾਂ 'ਤੇ ਜਿਹੜੇ ਖਲੇਪੜ ਤਿੜਕ ਰਹੇ ਹਨ ਉਨ੍ਹਾਂ ਦਾ ਕੀ ਕਰੀਏ। ਸੱਪ ਵਾਂਗ ਫੁੰਕਾਰੇ ਮਾਰਦੇ ਪਾਣੀ ਕਾਰਨ ਜਦੋਂ ਰਾਤਾਂ ਦੇ ਹਨੇਰੇ ਵਿਚ ਮੌਤ ਦਾ ਪਰਛਾਵਾਂ ਡਰਾਉਣ ਲੱਗਾ ਤਾਂ ਘਰਾਂ ਦੇ ਮਾਲਕ ਖ਼ਾਲੀ ਹੱਥ ਉੱਜੜ ਤੁਰੇ ਸਨ। ਘਰਾਂ 'ਤੇ ਪਾਣੀ ਦੇ ਕਬਜ਼ੇ ਕਾਰਨ ਘਰ ਛੱਡ ਕੇ ਗਏ ਲੋਕ ਵਾਪਸ ਵੀ ਪਰਤਣ ਲੱਗੇ ਹਨ। ਹੁਣ ਜਦੋਂ ਲੋਕ ਚਿੱਟੇ ਦਿਨ ਵਾਪਸ ਪਰਤ ਰਹੇ ਹਨ ਤਾਂ ਕਈਆਂ ਨੂੰ ਆਪਣੇ ਘਰਾਂ ਦੀ ਪਛਾਣ ਹੀ ਨਹੀਂ ਆਈ। ਡਿੱਗੀਆਂ ਕੰਧਾਂ ਨੇ ਘਰਾਂ ਦੇ ਮੁਹਾਂਦਰੇ ਬਦਲ ਦਿੱਤੇ ਹਨ। ਮਕਾਨਾਂ 'ਚ ਪਈਆਂ ਵਿੰਗੀਆਂ-ਟੇਢੀਆਂ ਤਰੇੜਾਂ ਨੇ ਅਸਮਾਨੀ ਬਿਜਲੀ ਦੇ ਭੁਲੇਖੇ ਪਾਏ ਹੋਏ ਹਨ। ਜਿਨ੍ਹਾਂ ਦੇ ਖੇਤਾਂ ਦਾ ਡੱਕਾ-ਡੱਕਾ ਗਾਰ ਵਾਲੇ ਪਾਣੀ 'ਚ ਡੁੱਬ ਕੇ ਦਮ ਤੋੜ ਗਿਆ ਹੈ ਉਨ੍ਹਾਂ ਨੂੰ ਖੇਤਾਂ ਵੱਲ ਜਾਂਦੇ ਰਾਹ ਦੰਦੀਆਂ ਵੱਢਦੇ ਹਨ। ਰੋਜ਼ ਖੇਤ ਵੱਲ ਗੇੜਾ ਮਾਰਦੇ ਪੈਰਾਂ ਨੂੰ ਖੇਤਾਂ ਵਾਲੀਆਂ ਪਹੀਆਂ 'ਤੇ ਤੁਰ ਪੈਣ ਦਾ ਹੀਆ ਹੀ ਨਹੀਂ ਪੈ ਰਿਹਾ। ਦੂਰ-ਦੂਰ ਤਕ ਕੋਈ ਵੱਟ, ਕੋਈ ਖਾਲ ਨਜ਼ਰੀਂ ਹੀ ਨਹੀਂ ਪੈ ਰਿਹਾ। ਦਿਸਦਾ ਹੈ ਤਾਂ ਸਰਕਾਰਾਂ ਦੇ ਨੇੜਲਿਆਂ ਵੱਲੋਂ ਕਮਾਈ ਦਾ ਸਾਧਨ ਬਣਾਇਆ ਜਾਂਦਾ ਰੇਤਾ। ਦਾਦੇ ਅਤੇ ਬਾਪੂਆਂ ਦੇ ਪਿਲੱਤਣ ਫੜੇ ਚਿਹਰੇ ਵੇਖ ਕਿਸੇ ਪੋਤਰੇ ਦਾ ਵੀ ਖੇਤ ਜਾਣ ਨੂੰ ਜੀਅ ਨਹੀਂ ਕਰਦਾ। ਬੰਜਰ ਹੋਏ ਵਾਹਣਾਂ ਵੱਲ ਭੇਡਾਂ-ਬੱਕਰੀਆਂ ਦੇ ਇੱਜੜ ਵੀ ਨਹੀਂ ਜਾਂਦੇ। ਇੰਜ ਲੱਗਦਾ ਹੈ ਜਿਵੇਂ ਅਵਾਰਾ ਪਸ਼ੂ ਵੀ ਪਿੰਡ ਛੱਡ ਗਏ ਹੋਣ। ਹੋ ਸਕਦਾ ਹੈ ਕਿ ਬੇਸਹਾਰਾ ਹੋਣ ਕਾਰਨ ਹੜ੍ਹਾਂ ਵੇਲੇ ਕਿਸੇ ਨੇ ਮਦਦ ਦੀ ਲੋੜ ਹੀ ਨਾ ਸਮਝੀ ਹੋਵੇ ਤੇ ਉਹ ਤੜਫਦੇ ਹੀ ਮਰ-ਮੁੱਕ ਗਏ ਹੋਣ। ਪਿੰਡ ਦੀ ਸੱਥ 'ਚ ਪਏ ਤਖਤਪੋਸ਼ ਵੀ ਉਦਾਸੇ ਨੇ। ਜਦੋਂ ਠਹਾਕੇ ਮਾਰਨ ਵਾਲੇ ਹੀ ਕਿਧਰੇ ਨਾ ਦਿਸਣ ਤਾਂ ਫਿਰ ਤਖਤਪੋਸ਼ ਕੀਹਦੇ ਨਾਲ ਹੱਸਣ। ਹੁਣ ਤਾਂ ਲੱਗਦੈ ਕਿ ਤਾਸ਼ ਦੀਆਂ ਗੁੱਟੀਆਂ ਵੀ ਬਾਜ਼ੀ ਹਾਰ ਚੁੱਕੀਆਂ ਹਨ। ਇਸ ਵਾਰ ਕੋਈ ਵੀ ਸੰਧਾਰਾ ਪਿੰਡ ਦੀ ਜੂਹ ਨਹੀਂ ਲੰਘਿਆ, ਨਾ ਹੀ ਪਿੰਡ ਵੱਲ ਤੇ ਨਾ ਹੀ ਬਾਹਰ ਵੱਲ। ਜਦੋਂ ਤੀਆਂ ਹੀ ਨਹੀਂ ਲੱਗੀਆਂ ਤਾਂ ਸੰਧਾਰੇ ਕਿਵੇਂ ਜਾਣ-ਆਉਣ। ਨਾਲੇ ਸੰਧਾਰੇ ਦੇਣ ਵਾਲਿਆਂ ਤੋਂ ਤਾਂ ਪਿੰਡਾਂ ਨੂੰ ਡੋਬਣ ਲਈ ਬੰਨ੍ਹ ਨਾਲ ਟੱਕਰਾਂ ਮਾਰਦੇ ਪਾਣੀ ਹੀ ਨਹੀਂ ਸੰਭਾਲੇ ਗਏ। ਬਚੇ ਹਾਂ ਤਾਂ ਪੰਜਾਬ ਦੀ ਬਾਂਹ ਫੜਨ ਵਾਲੀ ਵਿਰਾਸਤ ਨੇ ਬਚਾਏ ਹਾਂ। ਜਦੋਂ ਪਾਣੀ ਦੇ ਰੂਪ ਵਿਚ ਦੈਂਤ ਨੇ ਹੱਲਾ ਬੋਲਿਆ ਤਾਂ ਬਾਬੇ ਨਾਨਕ ਦੇ ਬੰਦੇ ਆਣ ਬਹੁੜੇ। ਸਰਬੱਤ ਦਾ ਭਲਾ ਮੰਗਣ ਵਾਲੇ ਨਾਨਕ ਨਾਮ ਲੇਵਾ ਆਪਣੀਆਂ ਜਾਨਾਂ ਜੋਖ਼ਮ ਵਿਚ ਪਾ ਕੇ ਦੂਜਿਆਂ ਦੀਆਂ ਜਾਨਾਂ ਬਚਾਉਂਦੇ ਦਿਸੇ। ਸਿਆਸਤਦਾਨ ਵੀ ਪਿੱਛੇ ਨਹੀਂ ਰਹੇ। ਵੱਖ-ਵੱਖ ਸਿਆਸੀ ਜਮਾਤਾਂ ਦੇ ਨੇਤਾ ਪੋਜ਼ ਬਣਾ ਕੇ ਫੋਟੋਆਂ ਖਿਚਵਾਉਂਦੇ ਵੀ ਦਿਸੇ। ਦੂਜੇ ਪਾਸੇ ਸਵੈ-ਸੇਵੀ ਸੰਸਥਾਵਾਂ ਦੇ ਕਾਰਕੁਨਾਂ ਦੀ ਨਿਰਸਵਾਰਥ ਸੇਵਾ ਨੇ ਸਾਬਿਤ ਕੀਤਾ ਕਿ ਇਨਸਾਨੀਅਤ ਹਾਲੇ ਜ਼ਿੰਦਾ ਹੈ। ਕੋਈ ਬੱਚੇ ਨੂੰ ਕੁੱਛੜ ਚੁੱਕ ਸੁਰੱਖਿਅਤ ਥਾਂ ਲੈ ਗਿਆ ਤੇ ਕੋਈ ਬਜ਼ੁਰਗਾਂ ਨੂੰ ਕੰਧਾੜੇ ਚੜ੍ਹਾ ਕੇ ਲੈ ਗਿਆ। ਕੋਈ ਬੇਬੇ ਦੀ ਡੰਗੋਰੀ ਬਣ ਗਿਆ ਤੇ ਕਿਸੇ ਨੇ ਬਾਪੂ ਦਾ ਮੋਢਾ ਨਹੀਂ ਛੱਡਿਆ। ਹੌਸਲੇ ਦੇ ਜੈਕਾਰਿਆਂ ਨੇ ਵੱਡਾ ਢਾਰਸ ਦਿੱਤਾ। ਸਿਰ ਦੀ ਛੱਤ ਵੀ ਮਿਲੀ ਤੇ ਪੇਟ ਭਰਨ ਲਈ ਰੋਟੀ ਵੀ। ਬੰਨ੍ਹ ਮਾਰਨ ਲਈ ਮਿੱਟੀ ਦੇ ਲੰਗਰ ਵੀ ਲੱਗੇ ਤੇ ਹੁਣ ਖੇਤਾਂ ਨੂੰ ਮੁੜ ਹਰਾ ਕਰਨ ਲਈ ਝੋਨੇ ਦੀ ਪਨੀਰੀ ਦਾ ਲੰਗਰ ਅਟੁੱਟ ਵਰਤ ਰਿਹਾ ਹੈ। ਮਦਦ ਦੀ ਤਾਂ ਕਿਸੇ ਨੇ ਕਮੀ ਨਹੀਂ ਛੱਡੀ ਪਰ ਮਨ ਦੇ ਫ਼ਿਕਰਾਂ ਨੂੰ ਕੌਣ ਬਾਹਰ ਕੱਢੇ। ਇਸੇ ਲਈ ਤਾਂ ਦਿਲ ਹੀ ਉਦਾਸ ਏ ਜੀ ਬਾਕੀ ਸਭ ਖ਼ੈਰ ਹੈ। ਰਾਸ਼ਨ-ਪਾਣੀ ਅਤੇ ਹਰੇ ਚਾਰੇ ਦੇ ਤਾਂ ਅੰਬਾਰ ਲੱਗ ਗਏ ਹਨ ਪਰ ਰੱਖੀਏ ਕਿੱਥੇ। ਕਿਵੇਂ ਕੱਢੀਏ ਚੇਤਿਓਂ ਕਿ ਪੂਰੇ ਦਸ ਦਿਨ ਘਰੋਂ ਬੇਘਰ ਹੋ ਕੇ ਗੁਜ਼ਾਰ ਛੱਡੇ ਹਨ। ਨਵੇਂ ਰਿਸ਼ਤੇ ਵੀ ਤਿੜਕੇ ਨੇ। ਇਸੇ ਲਈ ਤਾਂ ਪਿੰਡ ਦੇ ਕਿਸੇ ਘਰ ਵੀ ਖ਼ੁਸ਼ੀ ਦੇ ਢੋਲ ਨਹੀਂ ਵੱਜੇ। ਨਾ ਕੋਈ ਜੰਞ ਢੁੱਕੀ ਹੈ ਤੇ ਨਾ ਹੀ ਰਵਾਨਾ ਹੋਈ ਹੈ। ਖ਼ਿਆਲਾਂ ਵਿਚ ਕਦੇ ਖੇਤਾਂ ਨੂੰ ਮਧੋਲਣ ਵਾਲੇ ਦੈਂਤ ਦਾ ਪਰਛਾਵਾ ਸੰਘਣਾ ਹੋ ਜਾਂਦਾ ਹੈ ਤੇ ਕਦੇ ਘਰਾਂ ਨੂੰ ਖੰਡਰ ਕਰਨ ਵਾਲੇ ਪ੍ਰੇਤ ਦਾ। ਕਦੇ ਨਿੱਕੇ ਨਿਆਣਿਆਂ ਦਾ ਭਵਿੱਖ ਡੁੱਬਣ



ਲੱਗਦਾ ਹੈ ਤੇ ਕਦੇ ਬਜ਼ੁਰਗਾਂ ਦਾ ਬੁੱਢਾ ਵੇਲਾ। ਕਿਹੜੇ ਵੈਦ ਨੂੰ ਵਿਖਾਈਏ ਨਬਜ਼ ਕਿ ਅਸਲੀ ਰੋਗ ਦਾ ਪਤਾ ਲੱਗੇ ਪਰ ਨਬਜ਼ ਧੜਕਦੀ ਵੀ ਤਾਂ ਨਹੀਂ। ਅਜੇ ਤਕ ਤਾਂ 1947 ਦੇ ਅਗਸਤ ਮਹੀਨੇ ਉਜੜੇ ਬਾਪੂ ਤੇ ਦਾਦੇ ਹੋਰਾਂ ਦੇ ਉਜਾੜੇ ਦੇ ਦੁੱਖਾਂ 'ਤੇ ਹੀ ਅੰਗੂਰ ਨਹੀਂ ਸੀ ਆਇਆ ਕਿ ਕਿੰਨੇ ਹੀ ਹੋਰ ਜ਼ਖ਼ਮ ਦੇ ਗਿਆ ਘੱਗਰ। ਮਕਾਨਾਂ ਦੀਆਂ ਛੱਤਾਂ ਤਕ ਚੜ੍ਹੇ ਪਾਣੀ ਦੇ ਲਾਏ ਘਾਸੇ ਕਿਸ ਨਾਲ ਪੂੰਝੀਏ ਕਿ ਅਗਲੀਆਂ ਪੀੜ੍ਹੀਆਂ ਨੂੰ ਨਾ ਦਿਸਣ। ਇਹੀ ਫ਼ਿਕਰਾਂ 'ਚ ਦਿਲ ਡਾਹਢੇ ਉਦਾਸ ਨੇ। ਪੰਜਾਬ ਦੇ ਹੋਰ ਦਰਿਆਵਾਂ ਨੇ ਵੀ ਕਿਹੜਾ ਘੱਟ ਗੁਜ਼ਾਰੀ। ਉਹ ਵੀ ਲੋਕਾਈ ਨੂੰ ਸਬਕ ਸਿਖਾਉਣ ਲਈ ਤਾਂਡਵ ਕਰਦੇ ਰਹੇ। ਕੁਦਰਤ ਇੰਨੀ ਕਹਿਰਵਾਨ ਦਿਸ ਰਹੀ ਸੀ ਕਿ ਉਸ ਦੇ ਕਰੋਧ ਅੱਗੇ ਸਭ ਕੁਝ ਤਾਸ਼ ਦੇ ਪੱਤਿਆਂ ਵਾਂਗ ਢਹਿ-ਢੇਰੀ ਹੁੰਦਾ ਜਾ ਰਿਹਾ ਸੀ।

# ਐਨਐਸਜੀ ਨੇ ਸੁਤੰਤਰਤਾ ਦਿਵਸ ਤੋਂ ਪਹਿਲਾਂ ਸੁਰੱਖਿਆ ਦੀ ਤਿਆਰੀ ਨੂੰ ਬਿਹਤਰ ਬਣਾਉਣ ਲਈ ਹਵਾਈ ਸੰਮਿਲਨ ਅਭਿਆਸ ਕਰਵਾਇਆ











ਨਵੀਂ ਦਿੱਲੀ : ਰਾਸ਼ਟਰੀ ਸੁਰੱਖਿਆ ਗਾਰਡ (ਐਨਐਸਜੀ) ਨੇ ਸ਼ਨੀਵਾਰ ਨੂੰ ਸੁਤੰਤਰਤਾ ਦਿਵਸ ਅਤੇ ਹੋਰ ਆਉਣ ਵਾਲੇ ਅੰਤਰਰਾਸ਼ਟਰੀ ਸਮਾਗਮਾਂ ਤੋਂ ਪਹਿਲਾਂ ਸੁਰੱਖਿਆ ਦੀ ਤਿਆਰੀ ਨੂੰ ਬਿਹਤਰ ਬਣਾਉਣ ਲਈ ਰਾਸ਼ਟਰੀ ਰਾਜਧਾਨੀ ਵਿੱਚ ਹਵਾਈ ਸੰਮਿਲਨ ਅਭਿਆਸ ਕੀਤਾ।

ਐਨਐਸਜੀ ਦੇ ਅਨੁਸਾਰ, ਸੁਤੰਤਰਤਾ ਦਿਵਸ ਅਤੇ ਹੋਰ ਆਉਣ ਵਾਲੇ ਅੰਤਰਰਾਸ਼ਟਰੀ ਸਮਾਗਮਾਂ ਲਈ ਸੁਰੱਖਿਆ ਤਿਆਰੀਆਂ ਨੂੰ ਵਧੀਆ ਬਣਾਉਣ ਲਈ ਦਿੱਲੀ ਵਿੱਚ ਕਈ ਥਾਵਾਂ ’ਤੇ ਹਵਾਈ ਸੰਮਿਲਨ ਅਭਿਆਸ ਕਰਵਾਏ ਗਏ ਸਨ। ਉਹਨਾਂ ਨੇ ਇਹ ਵੀ ਕਿਹਾ ਕਿ ਪ੍ਰਤੀਕ੍ਰਿਆ ਵਿਧੀ ਨੂੰ ਮਜ਼ਬੂਤ ਕਰਨ ਲਈ, ਹੋਰ ਹਿੱਸੇਦਾਰਾਂ ਨੂੰ ਸ਼ਾਮਲ ਕਰਦੇ ਹੋਏ ਕਈ ਸੰਕਟਕਾਲਾਂ ਦਾ ਅਭਿਆਸ ਕੀਤਾ ਗਿਆ ਸੀ।

ਨੈਸ਼ਨਲ ਸਕਿਓਰਿਟੀ ਗਾਰਡ ਨੇ ਟਵੀਟ ਕੀਤਾ, ‘ਐਨਐਸਜੀ ਨੇ ਸੁਤੰਤਰਤਾ ਦਿਵਸ ਅਤੇ ਹੋਰ ਆਉਣ ਵਾਲੇ ਅੰਤਰਰਾਸ਼ਟਰੀ ਸਮਾਗਮਾਂ ਲਈ ਸੁਰੱਖਿਆ ਤਿਆਰੀਆਂ ਨੂੰ ਵਧੀਆ ਬਣਾਉਣ ਲਈ ਦਿੱਲੀ ਵਿੱਚ ਕਈ ਥਾਵਾਂ ’ਤੇ ਹਵਾਈ ਸੰਮਿਲਨ ਅਭਿਆਸਾਂ ਦਾ ਆਯੋਜਨ ਕੀਤਾ। ਪ੍ਰਤੀਕ੍ਰਿਆ ਵਿਧੀ ਨੂੰ ਮਜ਼ਬੂਤ ਕਰਨ ਲਈ ਹੋਰ ਹਿੱਸੇਦਾਰਾਂ ਨੂੰ ਸ਼ਾਮਲ ਕਰਦੇ ਹੋਏ ਕਈ ਸੰਕਟਾਂ ਦੀ ਰਿਹਰਸਲ ਕੀਤੀ ਗਈ।’

ਇਸ ਤੋਂ ਪਹਿਲਾਂ ਜੁਲਾਈ ਵਿੱਚ, ਐਨਐਸਜੀ ਨੇ ਦਿੱਲੀ ਪੁਲਿਸ ਨਾਲ ਮਿਲ ਕੇ ਦਿੱਲੀ ਵਿੱਚ ਦੂਜੀ ਮੈਗਾ ਕਾਊਂਟਰ-ਟੈਰਰ ਐਕਸਰਸਾਈਜ਼ ‘ਆਲ ਆਊਟ-2’ ਈਵੈਂਟ ਦਾ ਆਯੋਜਨ ਕੀਤਾ ਸੀ।

ਇਹ ਅਭਿਆਸ, ਕਈ ਏਜੰਸੀਆਂ ਨੂੰ ਸ਼ਾਮਲ ਕਰਦੇ ਹੋਏ, ਸੀਸੀਆਈਈ ਜਨਪਥ, ਪ੍ਰਗਤੀ ਮੈਦਾਨ, ਇੰਡੀਆ ਗੇਟ ਹੈਕਸਾਗਨ, ਏਅਰ ਫੋਰਸ ਸਟੇਸ਼ਨ, (ਪਾਲਮ), ਰਾਜਘਾਟ ਅਤੇ ਰਾਸ਼ਟਰੀ ਰਾਜਧਾਨੀ ਦੇ ਪ੍ਰਮੁੱਖ ਹੋਟਲਾਂ ਸਮੇਤ ਕਈ ਸਥਾਨਾਂ ’ਤੇ ਤਿੰਨ ਪੜਾਵਾਂ ਵਿੱਚ ਸਫਲਤਾਪੂਰਵਕ ਆਯੋਜਿਤ ਕੀਤਾ ਗਿਆ।

ਅਧਿਕਾਰਤ ਬਿਆਨ ਅਨੁਸਾਰ ਅਭਿਆਸ ਦੇ ਹਿੱਸੇ ਵਜੋਂ, ਨਕਲੀ ਅੱਤਵਾਦੀਆਂ ਨੇ 6 ਜੁਲਾਈ ਨੂੰ 1500 ਵਜੇ ਹਮਲਾ ਕੀਤਾ ਅਤੇ 7 ਜੁਲਾਈ ਨੂੰ 0300 ਵਜੇ (ਰਾਤ) ਤੱਕ ਜਾਰੀ ਰਿਹਾ।

ਸਾਰੀਆਂ ਏਜੰਸੀਆਂ ਦੇ ਉੱਚ-ਪੱਧਰੀ ਅਧਿਕਾਰੀਆਂ ਨੂੰ ਛੱਡ ਕੇ, ਇਸ ਨੂੰ ਹੋਰ ਯਥਾਰਥਵਾਦੀ ਬਣਾਉਣ ਲਈ ਅਭਿਆਸ ਤੋਂ ਪਹਿਲਾਂ ਕਿਸੇ ਨੂੰ ਵੀ ਸੂਚਿਤ ਨਹੀਂ ਕੀਤਾ ਗਿਆ ਸੀ। ਜਾਰੀ ਬਿਆਨ ਵਿੱਚ ਕਿਹਾ ਗਿਆ ਹੈ ਕਿ ਇਹ ਸਾਰੀ ਕਵਾਇਦ ਬਹੁਤ ਹੀ ਸੁਚਾਰੂ ਢੰਗ ਨਾਲ ਚਲਾਈ ਗਈ ਅਤੇ ਵਿਸ਼ਾਲ ਅਭਿਆਸ ਦੀ ਸਮਾਪਤੀ ਤੱਕ ਕੋਈ ਵੀ ਅਣਸੁਖਾਵੀਂ ਘਟਨਾ ਜਾਂ ਬੇਲੋੜੀ ਘਬਰਾਹਟ ਦੇਖੀ ਨਹੀਂ ਗਈ, ਇਸ ਦੇ ਨਾਲ ਹੀ ਸੀਨੀਅਰ ਅਧਿਕਾਰੀਆਂ ਵੱਲੋਂ ਸਟੇਕਹੋਲਡਰ ਏਜੰਸੀਆਂ ਦੇ ਸਾਰੇ ਅਧਿਕਾਰੀਆਂ/ਮੈਨਾਂ ਦੇ ਹੁੰਗਾਰੇ ਦੀ ਸ਼ਲਾਘਾ ਕੀਤੀ ਗਈ।





ਨਵੀਂ ਦਿੱਲੀ ਦੇ ਲਾਲ ਕਿਲੇ ਵਿਖੇ ਐਤਵਾਰ ਨੂੰ 77ਵੇਂ ਸੁਤੰਤਰਤਾ ਦਿਵਸ ਸਮਾਰੋਹ ਦੀ ਫੁੱਲ ਡਰੈੱਸ ਰਿਹਰਸਲ ਦੀਆਂ ਝਲਕੀਆਂ।

# ਸਫਾਈ ਨੂੰ ਲੈ ਕਿ ਦੁਨੀਆ ਦੇ ਨਕਸ਼ੇ ਤੇ ਲਿਆਉਣ ਦਾ ਸੁਪਨਾ ਸੰਜੋਏ ਜਾਗਰੂਕ ਕਰ ਰਿਹਾ ਹੈ ਲੋਕਾਂ ਨੂੰ-ਰਜਿੰਦਰ ਸਿੰਘ ਹਰਗੜੀਆ

- ਹੁਣ ਤਕ ਕਈ ਧਾਰਮਿਕ ਸਮਾਜਿਕ ਸੰਸਥਾਵਾਂ ਦੇ ਨਾਲ ਸਿਵਿਲ ਪ੍ਰਸ਼ਾਸ਼ਨ ਵਲੋਂ ਕੀਤਾ ਜਾ ਚੁੱਕਾ ਹੈ ਸਨਮਾਨਿਤ
- ਹੁਸ਼ਿਆਰਪੁਰ ਨੂੰ ਸਾਫ ਸੁਥਰਾ ਰੱਖਣ ਲਈ ਲੋਕਾਂ ਨੂੰ ਜਾਗਰੂਕ ਕਰਦਾ ਰੋਜ਼ਾਨਾ ਸ਼ਹਿਰ ਦੇ ਵੱਖ ਵੱਖ ਬਾਜ਼ਾਰਾਂ ਅਨੋਖੇ ਅੰਦਾਜ਼ ਵਿੱਚ ਤਖ਼ਤੀ ਫੜ੍ਹੀ ਖੜ੍ਹਾ ਦਿਖਾਈ ਦਿੰਦਾ ਹੈ







## ਸੁਪਨਾ ਅਤੇ ਸੰਦੇਸ਼

ਰਜਿੰਦਰ ਸਿੰਘ ਹਰਗੜ੍ਹੀਆ ਦਾ ਸੁਪਨਾ ਹੈ ਕਿ ਜ਼ਿਲ੍ਹਾ ਹੁਸ਼ਿਆਰਪੁਰ ਦੁਨੀਆ ਵਿੱਚ ਸਭ ਤੋਂ ਸੋਹਣਾ ਸਥਾਨ ਬਣੇ ਜਿਸ 'ਤੇ ਦੇਸ਼ ਨੂੰ ਮਾਣ ਹੋਵੇ। ਇਸ ਦੇ ਨਾਲ ਨਾਲ ਹੀ ਹਰੇਕ ਇਨਸਾਨ ਸਮਾਜ ਦੀ ਬਿਹਤਰੀ ਲਈ ਰੋਜ਼ਾਨਾ ਕੁਝ ਪਲ ਸਮਰਪਿਤ ਕਰਦੇ ਹੋਏ ਯੋਗਦਾਨ ਕਰੇ। ਇਸਦੇ ਨਾਲ ਅਸੀਂ ਇਕ ਬਿਹਤਰ ਸਮਾਜ ਦਾ ਨਿਰਮਾਣ ਕਰ ਸਕਦੇ ਹਾਂ।



ਜ਼ਿਲ੍ਹਾ ਹੁਸ਼ਿਆਰਪੁਰ ਦੇ ਸੈਂਕੜੇ ਥਾਵਾਂ 'ਤੇ 'ਸਵੱਛ ਭਾਰਤ' ਮਿਸ਼ਨ ਨੂੰ ਵਿਸਥਾਰ ਦਿੰਦੀ ਤੇ ਜ਼ਿਲ੍ਹੇ ਨੂੰ ਸਫ਼ਾਈ ਵਿੱਚ ਦੁਨੀਆ ਭਰ ਵਿੱਚੋਂ ਪਹਿਲੇ ਸਥਾਨ 'ਤੇ ਲੈ ਕੇ ਆਉਣ ਦਾ ਮਿਸ਼ਨ ਸਾਂਝਾ ਕਰਦੀ ਇੱਕ ਤਖ਼ਤੀ ਫੜੀ ਖੜ੍ਹਾ ਸ਼ਖ਼ਸ ਰਜਿੰਦਰ ਸਿੰਘ ਹਰਗੜ੍ਹੀਆ ਅੱਜ ਜ਼ਿਲ੍ਹੇ ਭਰ ਦੀ ਹਰਮਨ ਪਿਆਰੀ ਸ਼ਖ਼ਸੀਅਤ ਬਣ ਚੁੱਕਾ ਹੈ। ਪਿੰਡ ਹਰਗੜ੍ਹ ਦਾ ਵਾਸੀ ਤੇ ਪੱਤਰਕਾਰੀ ਦੇ ਕਿੱਤੇ ਨਾਲ ਜੁੜਿਆ ਰਜਿੰਦਰ ਅਜਿਹਾ ਸਮਾਜਿਕ ਕਾਰਕੁੰਨ ਹੈ ਜੋ ਕਿ ਪਿਛਲੇ 1652 ਦਿਨ ਤੋਂ ਲਗਾਤਾਰ 'ਆਓ ਜ਼ਿਲ੍ਹਾ ਹੁਸ਼ਿਆਰਪੁਰ ਨੂੰ ਬਣਾਈਏ ਦੁਨੀਆ ਦਾ ਸਭ ਤੋਂ ਸੋਹਣਾ ਸਥਾਨ' ਮਿਸ਼ਨ ਨੂੰ ਲੈ ਕੇ ਰੋਜ਼ਾਨਾ ਜ਼ਿਲੇ ਭਰ ਵਿੱਚ ਵੱਖ ਵੱਖ ਥਾਵਾਂ ਤੇ ਇੱਕ ਫਲੈਕਸ ਲੈ ਕੇ ਲੋਕਾਂ ਨੂੰ ਲੈ ਸਵੱਛ ਭਾਰਤ ਪ੍ਰਤੀ ਜਾਗਰੂਕ ਕਰ ਰਿਹਾ ਹੈ। ਰਜਿੰਦਰ ਸਿੰਘ ਜਿਸ ਨੂੰ ਬਹੁਤੇ ਲੋਕ ਉਸ ਦੇ ਪਿੰਡ ਦੇ ਨਾਂ ਨਾਲ ਜੋੜ ਕੇ ਰਜਿੰਦਰ ਸਿੰਘ ਹਰਗੜ੍ਹੀਆ ਵੀ ਆਖਦੇ ਹਨ ਦਾ ਸਫ਼ਾਈ ਅੱਜ ਜ਼ਿਲ੍ਹੇ ਦੇ ਹਜ਼ਾਰਾਂ ਲੋਕਾਂ ਲਈ ਮਿਸਾਲ ਬਣ ਚੁੱਕਾ ਹੈ।

ਰਜਿੰਦਰ ਸਿੰਘ ਨੇ ਦੱਸਿਆ ਕਿ ਆਪਣੇ ਵੱਡੇ ਭਰਾ ਸੀਨੀਅਰ ਪੱਤਰਕਾਰ ਨਰਿੰਦਰ ਸੱਤੀ ਦੀ ਪ੍ਰੇਰਨਾ ਨਾਲ ਉਸਨੇ 2019 ਦੀ 26 ਜਨਵਰੀ ਨੂੰ ਜ਼ਿਲ੍ਹੇ ਦੇ ਪਿੰਡ ਅਹਿਰਾਣਾ ਕਲਾਂ ਤੋਂ ਉਸਨੇ "ਆਓ ਜਿਲਾ ਹੁਸ਼ਿਆਰਪੁਰ ਨੂੰ ਬਣਾਈਏ ਦੁਨੀਆ ਦਾ ਸਭ ਤੋਂ ਸੋਹਣਾ ਸਥਾਨ" ਮੁਹਿੰਮ ਦੀ ਸ਼ੁਰੂਆਤ ਕੀਤੀ ਸੀ। ਸ਼ੁਰੂਆਤ ਮੌਕੇ ਲੋਕਾਂ ਦੇ ਰਲੇ-ਮਿਲੇ ਹੁੰਗਾਰੇ ਤੋਂ ਬਾਅਦ ਇਹ ਮਿਸ਼ਨ ਦਿਨ-ਬ-ਦਿਨ ਲੋਕਾਂ ਦੇ ਕਾਫ਼ਲੇ ਨੂੰ ਸਿਰਜਦਾ ਰਿਹਾ। ਜਿਸਦੇ ਤਹਿਤ ਉਹ ਜ਼ਿਲ੍ਹਾ ਹੁਸ਼ਿਆਰਪੁਰ ਦੇ ਵੱਖ ਵੱਖ ਕਸਬਿਆਂ ਤੇ ਗਲ਼ੀਆਂ ਮੁਹੱਲਿਆਂ ਵਿੱਚ ਖਾਸ ਕਰਕੇ ਕੂੜੇ ਦੇ ਢੇਰਾਂ ਦੇ ਨਜ਼ਦੀਕ ਰੋਜ਼ਾਨਾ ਲੋਕਾਂ ਨੂੰ ਸਫ਼ਾਈ ਸਬੰਧੀ ਜਾਗਰੂਕ ਕਰਨ ਲਈ ਇੱਕ ਫਲੈਕਸ ਬੋਰਡ ਜਿਸਤੇ ਲਿਖਿਆ ਹੈ "ਆਓ ਜਿਲ੍ਹਾ ਹੁਸ਼ਿਆਰਪੁਰ ਨੂੰ ਬਣਾਈਏ ਦੁਨੀਆ ਦਾ ਸਭ ਤੋਂ ਸੋਹਣਾ ਸਥਾਨ" ਆਦਿ ਸਲੋਗਨ ਲਿਖੇ ਹੋਏ ਹਨ ਲੈ ਕੇ ਖੜ੍ਹਾ ਹੁੰਦਾ ਹੈ। ਆਪਣੀ ਇਸ ਮੁਹਿੰਮ ਰਾਹੀਂ ਉਹ ਜਾਗਰੂਕਤਾ ਫੈਲਾਉਣ, ਸਫ਼ਾਈ ਮੁਹਿੰਮਾਂ ਰਾਹੀਂ ਜਿਲ੍ਹੇ ਵਿਚ ਸਫ਼ਾਈ ਲਈ ਯਤਨਸ਼ੀਲ ਹੈ। ਅੱਜ ਉਸਦੀ ਮੁਹਿੰਮ ਲਗਾਤਾਰ 1652 ਦਿਨ ਪੂਰੇ ਕਰ ਚੁੱਕੀ ਹੈ ਤੇ ਲਗਾਤਾਰ ਜਾਰੀ ਹੈ।

ਸਭ ਤੋਂ ਵਧੇਰੇ ਨੌਜਵਾਨ ਪੀੜ੍ਹੀ ਨੇ ਸਾਥ ਦਿੱਤਾ, ਹੁਸ਼ਿਆਰਪੁਰ ਦੀਆਂ ਵੱਖ ਵੱਖ ਸ਼ਖਸੀਅਤਾਂ ਅਕਸਰ ਮੁਹਿੰਮ ਦੌਰਾਨ ਆ ਕੇ ਬੋਰਡ ਫ਼ੜ੍ਹ ਕੇ ਜਾਂ ਨਾਲ ਖੜ੍ਹ ਕੇ ਲੋਕਾਂ ਨੂੰ ਜਾਗਰੂਕ ਕਰਦੇ ਹਨ। ਸੈਂਕੜੇ ਲੋਕ ਕੋਲ ਖੜ੍ਹ ਕੇ ਕੂੜਾ ਸੜਕਾਂ ਤੇ ਖ਼ਾਲੀ ਥਾਵਾਂ 'ਤੇ ਸੁੱਟਣ ਦੀ ਥਾਵੇਂ ਕੂੜੇਦਾਨ ਵਿੱਚ ਪਾਉਣ ਦਾ ਪ੍ਰਣ ਕਰ ਚੁੱਕੇ ਹਨ।

**ਮੁਹਿੰਮ ਦਾ ਅਸਰ :** ਹੁਸ਼ਿਆਰਪੁਰ ਸ਼ਹਿਰ ਦੇ ਘੰਟਾ ਘਰ ਦਾ ਪਿੱਲਰ ਜਿੱਥੇ ਥਾਣਾ ਸਿਟੀ ਦੀ ਕੰਧ ਨਾਲ ਹੈ ਦਹਾਕਿਆਂ ਪੁਰਾਣਾ ਕੂੜੇ ਦਾ ਢੇਰ ਖ਼ਤਮ ਹੋਇਆ ਆਸ ਪਾਸ ਦੇ ਦੁਕਾਨਦਾਰਾਂ ਨੇ ਪ੍ਰਭਾਵਿਤ ਹੋ ਕੇ ਕੂੜੇ ਦੇ ਢੇਰ ਦੀ ਥਾਂ ਤੇ ਫੁੱਲ ਬੂਟੇ ਲਗਾ ਦਿੱਤੇ, ਸਰਕਾਰੀ ਕਾਲਜ ਹੁਸ਼ਿਆਰਪੁਰ ਦੇ ਗੇਟ ਨਾਲ, ਫੂਡ ਸਟਰੀਟ ਹੁਸ਼ਿਆਰਪੁਰ, ਜਲੰਧਰ ਰੋਡ, ਸਿਵਲ ਹਸਪਤਾਲ ਦੀ ਕੰਧ ਦੇ ਨਾਲ ਸ਼ਹਿਰ ਦਾ ਸਭ ਤੋਂ ਵੱਡਾ ਕੂੜੇ ਦਾ ਢੇਰ ਹੁੰਦਾ ਸੀ ਹੁਣ ਨਾਮਾਤਰ ਕੂੜਾ ਰਹਿ ਗਿਆ। ਇਸਦੇ ਨਾਲ ਹੀ ਜਲੰਧਰ ਰੋਡ ਤੇ ਅਨੇਕਾਂ ਥਾਵਾਂ 'ਤੇ ਜ਼ਿਲ੍ਹਾ ਵਾਸੀਆਂ ਨੇ ਖ਼ੁਦ ਸਫ਼ਾਈ ਲਈ ਯੋਗਦਾਨ ਲਈ ਆਪਣੇ ਕਦਮ ਅੱਗੇ ਵਧਾਏ ਹਨ।

**ਸਰਕਾਰੀ ਸਕੂਲਾਂ ਦੇ ਉਥਾਨ ਲਈ ਯੋਗਦਾਨ :**



ਦਲਜੀਤ ਸਿੰਘ ਅਜਨੋਹਾ
98721-83601

ਸਰਕਾਰੀ ਸਕੂਲਾਂ ਨਾਲ ਰਜਿੰਦਰ ਸਿੰਘ ਦਾ ਵਿਸ਼ੇਸ਼ ਲਗਾਅ ਹੈ। ਅੱਜ ਤੱਕ ਦਰਜਨਾਂ ਸਰਕਾਰੀ ਸਕੂਲਾਂ ਦੇ ਹੋਣਹਾਰ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਉਨ੍ਹਾਂ ਦੀਆਂ ਪ੍ਰਾਪਤੀਆਂ ਲਈ ਸਨਮਾਨਿਤ ਕਰਨ ਲਈ ਆਪਣੇ ਕੁਝ ਖ਼ਾਸ ਦੋਸਤਾਂ ਦੇ ਸਹਿਯੋਗ ਨਾਲ ਵੱਡੇ ਸਮਾਗਮ ਕਰਵਾਏ ਹਨ ਜਿਨ੍ਹਾਂ ਵਿੱਚ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਦੇ ਹੁਨਰ ਨੂੰ ਲੋਕਾਂ ਸਾਹਮਣੇ ਪੇਸ਼ ਕੀਤਾ ਹੈ। ਸਾਲ 2018 ਵਿਚ ਝੁੱਗੀਆਂ 'ਚ ਰਹਿੰਦੇ 65 ਬੱਚਿਆਂ ਨੂੰ ਪੇਪਰਾਂ ਨੇੜੇ ਕੋਚਿੰਗ ਦਾ ਪ੍ਰਬੰਧ ਕੀਤਾ। ਜ਼ਿਲ੍ਹਾ ਹੁਸ਼ਿਆਰਪੁਰ ਵਿੱਚ ਪੈਂਦੇ ਸਰਕਾਰੀ ਪ੍ਰਾਇਮਰੀ ਸਕੂਲਾਂ ਵਿੱਚ ਵਿਦਿਆਰਥੀਆਂ ਦੇ ਅਨੁਪਾਤ ਨਾਲ ਕੂੜੇਦਾਨ ਰੱਖਣ ਦੀ ਮੁਹਿੰਮ ਦੀ ਵੀ ਸ਼ੁਰੂਆਤ ਕੀਤੀ ਹੈ। ਜਿਸ ਅਧੀਨ ਜ਼ਿਲ੍ਹੇ ਦੇ ਸਮਾਜ ਸੇਵੀਆਂ ਦੇ ਸਹਿਯੋਗ ਨਾਲ ਉਕਤ ਸਰਕਾਰੀ ਸਕੂਲਾਂ ਵਿੱਚ ਕੂੜੇਦਾਨ ਦਿੱਤੇ ਜਾ ਰਹੇ ਹਨ।

**ਲਗਾਤਾਰ ਖ਼ੂਨਦਾਨ ਕਰਨਾ ਅਤੇ ਮਰੀਜ਼ਾਂ ਦੀ ਮੱਦਦ :** ਅੱਜ ਤੱਕ 35 ਤੋਂ ਵੱਧ ਵਾਰ ਖ਼ੂਨਦਾਨ ਕਰ ਚੁੱਕੇ ਰਜਿੰਦਰ ਸਿੰਘ ਹਰਗੜ੍ਹੀਆ ਨੂੰ ਖ਼ੂਨਦਾਨ ਕਰਨ ਦਾ ਜਨੂੰਨ ਹੈ। 2014 ਆਪਣੇ ਵਿਆਹ ਤੋਂ ਕੁਝ ਦਿਨ ਪਹਿਲਾਂ ਵੀ ਉਸਨੇ ਸਿਵਲ ਹਸਪਤਾਲ ਹੁਸ਼ਿਆਰਪੁਰ ਵਿੱਚ ਇੱਕ ਡੇਂਗੂ ਪੀੜਤ ਔਰਤ ਨੂੰ ਖ਼ੂਨਦਾਨ ਕਰਨਾ ਆਪਣਾ ਫ਼ਰਜ਼ ਸਮਝਿਆ। ਰਜਿੰਦਰ ਸਿੰਘ ਵੱਲੋਂ ਚਲਾਈ ਖ਼ੂਨਦਾਨ ਨਾਨ ਸਟਾਪ ਮੁਹਿੰਮ ਤਹਿਤ ਜ਼ਿਲ੍ਹੇ ਭਰ ਤੋਂ ਸੈਂਕੜੇ ਨੌਜਵਾਨਾਂ ਨੇ 220 ਤੋਂ ਵਧੇਰੇ ਦਿਨ ਲਗਾਤਾਰ ਖ਼ੂਨਦਾਨ ਕਰਦੇ ਹੋਏ ਮਿਸਾਲੀ ਕਾਰਜ ਕੀਤਾ। ਪੇਂਡੂ ਖੇਤਰ ਵਿੱਚ ਨੌਜਵਾਨਾਂ ਨੂੰ ਖ਼ੂਨਦਾਨ ਨਾਲ ਜੋੜਨ ਲਈ ਉਪਰਾਲੇ ਕੀਤੇ ਹਨ ਅਤੇ ਖ਼ੂਨਦਾਨ ਕੈਂਪਾਂ ਵਿੱਚ ਯੋਗਦਾਨ ਕੀਤਾ ਹੈ। ਇਸਤੋਂ ਇਲਾਵਾ ਦਰਜਨਾਂ ਲੋੜਵੰਦ ਮਰੀਜ਼ਾਂ ਨੂੰ ਸਮਾਜ ਸੇਵੀ ਦੋਸਤਾਂ ਦੇ ਸਹਿਯੋਗ ਨਾਲ ਉਹਨਾਂ ਦੇ ਇਲਾਜ਼ ਵਿੱਚ ਸਹਿਯੋਗ ਕੀਤਾ ਹੈ।

**ਜਰੂਰਤਮੰਦ ਲੜਕੀਆਂ ਦੇ ਵਿਆਹਾਂ ਵਿੱਚ ਯੋਗਦਾਨ :** ਰਜਿੰਦਰ ਸਿੰਘ ਹਰਗੜ੍ਹੀਆ ਪਿਛਲੇ ਇੱਕ ਦਹਾਕੇ ਦੇ ਕਰੀਬ ਸਮੇਂ ਤੋਂ ਆਪਣੇ ਦੋਸਤਾਂ ਮਿੱਤਰਾਂ ਦੇ ਸਹਿਯੋਗ ਨਾਲ ਲੋੜਵੰਦ ਲੜਕੀਆਂ ਦੇ ਵਿਆਹਾਂ ਦੇ ਯੋਗਦਾਨ ਕਰਦਾ ਹੈ। ਹੁਣ ਤੱਕ 60 ਤੋਂ ਵਧੇਰੇ ਜ਼ਰੂਰਤਮੰਦ ਪਰਿਵਾਰਾਂ ਦੀਆਂ ਲੜਕੀਆਂ ਦੇ ਵਿਆਹ ਵਿੱਚ ਵਿਸ਼ੇਸ਼ ਤੌਰ 'ਤੇ ਯੋਗਦਾਨ ਸਮਾਜ ਸੇਵੀ ਮਿੱਤਰਾਂ ਦੇ ਸਹਿਯੋਗ ਨਾਲ ਕਰ ਅਤੇ ਕਰਵਾ ਚੁੱਕਾ ਹੈ ਅਤੇ ਇਹ ਸਿਲਸਿਲਾ ਨਿਰੰਤਰ ਜਾਰੀ ਹੈ।

**ਮਾਤਾ ਦਾ ਮੌਤ ਉਪਰੰਤ ਸਰੀਰ ਦਾਨ :** ਸਾਲ 2015 ਵਿੱਚ ਰਜਿੰਦਰ ਸਿੰਘ ਅਤੇ ਉਨ੍ਹਾਂ ਦੇ ਸਮੂਹ ਪਰਿਵਾਰ ਵਲੋਂ ਮਾਤਾ ਰਤਨ ਕੌਰ ਪਤਨੀ ਦਵਿੰਦਰ ਸਿੰਘ ਦੀ ਇੱਛਾ ਮੁਤਾਬਿਕ ਉਹਨਾਂ ਦੀ ਮੌਤ ਉਪਰੰਤ ਪੰਜਾਬ ਇੰਸਟੀਚਿਊਟ ਆਫ਼ ਮੈਡੀਕਲ ਸਾਇੰਸਸ (ਪਿਮਸ) ਜਲੰਧਰ ਨੂੰ ਸਰੀਰ ਦਾਨ ਕਰਕੇ ਪੇਂਡੂ ਇਲਾਕੇ ਦੇ ਲੋਕਾਂ ਲਈ ਮਾਨਵਤਾ ਨੂੰ ਸਮਰਪਿਤ ਮਿਸਾਲੀ ਕੰਮ ਕੀਤਾ।

**ਜ਼ਿਲ੍ਹੇ ਭਰ 'ਚੋਂ ਮਿਲ ਰਹੇ ਮਾਣ ਸਨਮਾਨ :** ਰਜਿੰਦਰ ਸਿੰਘ ਹਰਗੜ੍ਹੀਆ ਨੂੰ ਉਨ੍ਹਾਂ ਦੀਆਂ ਸਮਾਜਿਕ ਗਤੀਵਿਧੀਆਂ ਦੇ ਚਲਦਿਆਂ ਜ਼ਿਲ੍ਹੇ ਦੇ ਹਰੇਕ ਹਿੱਸੇ ਵਿੱਚ ਸੈਂਕੜੇ ਸੰਸਥਾਵਾਂ ਵੱਲੋਂ ਪਿੰਡਾਂ, ਕਸਬਿਆਂ ਵਿੱਚ ਸਨਮਾਨਿਤ ਕੀਤਾ ਜਾ ਚੁੱਕਾ ਹੈ। ਜ਼ਿਲ੍ਹਾ ਪ੍ਰਸ਼ਾਸਨ ਵੱਲੋਂ 15 ਅਗਸਤ 2022 ਨੂੰ ਜ਼ਿਲ੍ਹਾ ਪੱਧਰੀ ਸਮਾਗਮ ਮੌਕੇ ਪ੍ਰਮਾਣ ਪੱਤਰ ਦੇ ਕੇ ਸਨਮਾਨਿਤ ਕੀਤਾ ਗਿਆ।










# ਸੁਤੰਤਰਤਾ ਦਿਵਸ ਦੀ ਪੂਰਵ ਸੰਧਿਆ 'ਤੇ ਚਮਕਿਆ ਤਿਰੰਗਾ


















(ਫੋਟੋ : ਧੰਨਵਾਦ ਸਹਿਤ ਸੋਸ਼ਲ ਮੀਡੀਆ)

ਸੁਤੰਤਰਤਾ ਦਿਵਸ 2023 ਦੀ ਪੂਰਵ ਸੰਧਿਆ 'ਤੇ, ਸੋਮਵਾਰ ਨੂੰ ਨਵੀਂ ਦਿੱਲੀ ਵਿਚ ਉੱਤਰੀ ਬਲਾਕ ਤਿਰੰਗੇ ਵਿਚ ਚਮਕਿਆ।




# ਟਰੰਪ ਦੀ ਸਿਖਰਲੀ ਸਿਆਸੀ ਅਜ਼ਮਾਇਸ਼

*ਅਮਰੀਕਾ ਵਿਚ ਜੈਤਕੀਂ ਕਹਿਰਾਂ ਦੀ ਗਰਮੀ ਪੈ ਰਹੀ ਹੈ ਜੋ ਕਈ ਪੱਖਾਂ ਤੋਂ ਸਿਆਸੀ ਤੇ ਸਭਿਆਚਾਰਕ ਬੁਖ਼ਾਰ ਦਾ ਸੂਚਕ ਵੀ ਬਣ ਗਈ ਹੈ। ਡੇਢ ਕੁ ਸਾਲ ਬਾਅਦ ਦੇਸ਼ ਵਿਚ ਰਾਸ਼ਟਰਪਤੀ ਦੀ ਚੋਣ ਹੋ ਰਹੀ ਹੈ ਜਿਸ ਬਾਰੇ ਕਿਆਸ ਹਨ ਕਿ ਇਹ ਇਸ ਦੇ ਹਾਲੀਆ ਇਤਿਹਾਸ ਦੀ ਸਭ ਤੋਂ ਅਹਿਮ ਚੋਣ ਸਾਬਿਤ ਹੋ ਸਕਦੀ ਹੈ।*

ਮਨੋਜ ਜੋਸ਼ੀ

ਇਵੇਂ ਜਾਪਦਾ ਹੈ ਕਿ ਅਮਰੀਕਾ ਨੂੰ ਆਟੋ ਇਮਿਊਨ ਰੋਗ (ਸਰੀਰ ਦੀ ਸਵੈ-ਰੱਖਿਆ ਪ੍ਰਣਾਲੀ ਫੇਲ੍ਹ ਹੋਣ) ਦਾ ਸ਼ਿਕਾਰ ਹੋ ਗਿਆ ਹੈ ਜਿਸ ਨਾਲ ਅਮਰੀਕਾ ਖ਼ੁਦ ਨੂੰ ਤਬਾਹ ਕਰਨ ਲੱਗ ਪਿਆ ਹੈ। ਜ਼ਰਾ ਉਮੀਦਵਾਰ ਬਣਨ ਦੇ ਚਾਹਵਾਨ ਡੋਨਲਡ ਟਰੰਪ ਜੋ ਅੱਗੇ ਚੱਲ ਕੇ ਰਾਸ਼ਟਰਪਤੀ ਵੀ ਬਣ ਸਕਦੇ ਹਨ, ਬਾਰੇ ਗ਼ੌਰ ਫਰਮਾਓ। ਅਗਲੇ ਸਾਲ ਮਈ ਵਿਚ ਉਨ੍ਹਾਂ ਖਿਲਾਫ਼ ਗੁਪਤ ਦਸਤਾਵੇਜ਼ਾਂ ਨਾਲ ਗ਼ਲਤ ਤਰੀਕੇ ਨਾਲ ਸਿੱਝਣ ਦੇ ਦੋਸ਼ਾਂ ਤਹਿਤ ਮੁਕੱਦਮਾ ਸ਼ੁਰੂ ਹੋ ਜਾਵੇਗਾ। ਉਂਝ, ਟਰੰਪ ਖਿਲਾਫ਼ ਇਹ ਕੋਈ ਇਕੱਲਾ ਇਕਹਿਰਾ ਕੇਸ ਨਹੀਂ ਹੈ। 2016 ਵਿਚ ਰਾਸ਼ਟਰਪਤੀ ਦੀ ਚੋਣ ਦੀ ਪ੍ਰਚਾਰ ਮੁਹਿੰਮ ਦੌਰਾਨ ਸੈਕਸ ਸਕੈਂਡਲ ਨੂੰ ਦਬਾਉਣ ਲਈ ਧਨ ਦਾ ਇਸਤੇਮਾਲ ਕਰਨ ਦੇ ਫ਼ੌਜਦਾਰੀ ਕੇਸ ਦੀ ਅਗਲੇ ਮਾਰਚ ਮਹੀਨੇ ਮੁਕੱਦਮੇ ਦੀ ਤਾਰੀਕ ਤੈਅ ਹੋ ਗਈ ਹੈ। ਜੌਰਜੀਆ ਵਿਚ ਚੁਣਾਵੀ ਹਾਰ ਦੇ ਨਤੀਜੇ ਬਦਲਵਾਉਣ ਲਈ ਟਰੰਪ ਦੀਆਂ ਕੋਸ਼ਿਸ਼ਾਂ ਦੀ ਜਾਂਚ ਵੀ ਚੱਲ ਰਹੀ ਹੈ। ਇਸ ਤੋਂ ਇਲਾਵਾ 2020 ਵਿਚ ਹੋਈ ਰਾਸ਼ਟਰਪਤੀ ਦੀ ਚੋਣ ਦੇ ਨਤੀਜੇ ਪਲਟਾਉਣ ਦੀ ਸਾਜਿ?ਸ਼ ਜੋ 6 ਜਨਵਰੀ 2021 ਨੂੰ ਕਾਂਗਰਸ (ਭਵਨ) 'ਤੇ ਹੋਏ ਹਮਲੇ ਦਾ ਰੂਪ ਧਾਰ ਗਈ ਸੀ, ਬਾਬਤ ਜਾਂਚ ਮੁਕੰਮਲ ਹੋਣ ਵਾਲੀ ਹੈ।

ਰਾਸ਼ਟਰਪਤੀ ਦੀ ਚੋਣ ਲਈ ਉਮੀਦਵਾਰ ਦੀ ਚੋਣ ਕਰਨ ਵਾਸਤੇ ਰਿਪਬਲਿਕਨ ਪਾਰਟੀ ਦਾ ਅਮਲ ਜਨਵਰੀ 2024 ਤੋਂ ਸ਼ੁਰੂ ਹੋ ਜਾਵੇਗਾ ਅਤੇ ਇਹ ਵੱਖ ਵੱਖ ਅਜ਼ਮਾਇਸ਼ਾਂ ਖਤਮ ਹੋਣ ਤੋਂ ਪਹਿਲਾਂ ਹੀ ਪੂਰਾ ਹੋ ਸਕਦਾ ਹੈ। ਰਿਪਬਲਿਕਨ ਉਮੀਦਵਾਰ ਦਾ ਗੁਣਾ ਕਿਸੇ ਅਜਿਹੇ ਸ਼ਖ਼ਸ 'ਤੇ ਪੈ ਸਕਦਾ ਹੈ ਜਿਸ ਖਿਲਾਫ਼ ਕਈ ਕੇਸ ਦਾਇਰ ਹੋ ਚੁੱਕੇ ਹਨ। ਟਰੰਪ ਦੇ ਮੁੱਦੇ 'ਤੇ ਇਸ ਵੇਲੇ ਰਿਪਬਲਿਕਨ ਪਾਰਟੀ ਦੀ ਪਹੁੰਚ ਕੁਝ ਇਸ ਤਰ੍ਹਾਂ ਹੈ ਕਿ ਉਸ ਦੇ ਖਿਲਾਫ਼ ਆਇਦ ਦੋਸ਼ਾਂ ਨੂੰ ਨਜ਼ਰਅੰਦਾਜ਼ ਕਰ ਦਿੱਤਾ ਜਾਵੇ ਅਤੇ ਇਹ ਦਲੀਲ ਦਿੱਤੀ ਜਾਵੇ ਕਿ ਇਸ ਦੇ ਨਤੀਜੇ ਦੀ ਜਿ?ਮੇਵਾਰੀ ਡੈਮੋਕਰੇਟਿਕ ਪਾਰਟੀ ਦੀ ਹੈ।

ਇਹ ਗੱਲ ਸਪੱਸ਼ਟ ਨਹੀਂ ਹੈ ਕਿ ਰਿਪਬਲਿਕਨ ਪਾਰਟੀ ਇਸ ਮੁਕਾਮ 'ਤੇ ਕਿਵੇਂ ਪਹੁੰਚੀ ਹੈ ਪਰ ਕਿਸੇ ਸਮੇਂ ਕਾਨੂੰਨ ਵਿਵਸਥਾ ਦਾ ਦਮ ਭਰਨ ਵਾਲੀ ਇਸ ਪਾਰਟੀ ਨੂੰ ਹੁਣ ਜਨਵਰੀ 2021 ਵਿਚ ਸੰਸਦ ਵਿਚ ਹੋਏ ਦੰਗੇ 'ਤੇ ਕੋਈ ਖਾਸ ਇਤਰਾਜ਼ ਨਹੀਂ ਹੈ। ਪਾਰਟੀ ਐੱਫਬੀਆਈ ਨੂੰ ਵੀ ਖਤਮ ਕਰਨਾ ਚਾਹੁੰਦੀ ਹੈ। ਗਰਭਪਾਤ ਨੂੰ ਬਰਦਾਸ਼ਤ ਨਾ ਕਰਨ ਅਤੇ ਉੱਚੇ ਇਖ਼ਲਾਕ ਦਾ ਦਾਅਵਾ ਕਰਨ ਵਾਲੀ ਇਸ ਪਾਰਟੀ ਨੂੰ ਕੋਈ ਪ੍ਰਵਾਹ ਨਹੀਂ ਹੈ ਕਿ ਉਸ ਦਾ ਨਾਮਜ਼ਦ ਉਮੀਦਵਾਰ ਅਸ਼ਲੀਲ ਫਿਲਮਾਂ ਦੀਆਂ ਨਾਇਕਾਵਾਂ ਨਾਲ ਕਿਵੇਂ ਵਿਚਰਦਾ ਰਿਹਾ ਹੈ। ਕੋਈ ਸਮਾਂ ਸੀ ਜਦੋਂ ਇਸ ਪਾਰਟੀ ਦਾ ਆਗੂ ਰੀਗਨ 'ਬੁਰਾਈ ਦੇ ਸਾਮਰਾਜ' ਸੋਵੀਅਤ ਸੰਘ ਖਿਲਾਫ਼ ਮੁਹਿੰਮ ਦੀ ਅਗਵਾਈ ਕਰਦਾ ਸੀ ਜਦਕਿ ਇਸ ਦਾ ਮੌਜੂਦਾ ਆਗੂ ਰੂਸੀ ਨੇਤਾ ਪੂਤਿਨ ਦਾ ਲੰਗੋਟੀਆ ਯਾਰ ਬਣਿਆ ਹੋਇਆ ਹੈ।

ਡੈਮੋਕਰੇਟਾਂ ਦੀ ਇਕੋ ਇਕ ਮੁਸ਼ਕਿਲ ਇਹ ਨਹੀਂ ਹੈ ਕਿ ਦੂਜੀ ਵਾਰ ਰਾਸ਼ਟਰਪਤੀ ਬਣਨ ਦੇ ਚਾਹਵਾਨ ਜੋਅ ਬਾਇਡਨ ਦੀ ਲੋਕਪ੍ਰਿਅਤਾ ਦੀ ਦਰ ਬਹੁਤ ਨੀਵੀਂ ਹੈ। ਹਾਲਾਂਕਿ ਕਾਗਜ਼ਾਂ 'ਚ ਸਭ ਕੁਝ ਠੀਕ ਠਾਕ ਚੱਲ ਰਿਹਾ ਹੈ: ਅਰਥਚਾਰਾ ਠਾਠਾਂ ਮਾਰ ਰਿਹਾ ਹੈ, ਨੌਕਰੀਆਂ ਦੀ ਬਹੁਤਾਤ ਹੈ ਅਤੇ ਇਸ ਗੱਲ ਦੇ ਆਸਾਰ ਹਨ ਕਿ ਆਉਂਦੇ ਛੇ ਮਹੀਨਿਆਂ ਵਿਚ ਹਾਲਾਤ ਹੋਰ ਬਿਹਤਰ ਹੋ ਜਾਣਗੇ।

ਰਿਪਬਲਿਕਨ ਬਾਇਡਨ ਖਿਲਾਫ਼ ਮਹਾਂਦੋਸ਼ ਦਾ ਮਤਾ ਲਿਆਉਣ ਦੀਆਂ ਧਮਕੀਆਂ ਦੇ ਰਹੇ ਹਨ। ਉਨ੍ਹਾਂ ਦਾ ਦਾਅਵਾ ਹੈ ਕਿ ਬਾਇਡਨ ਅਤੇ ਉਨ੍ਹਾਂ ਦਾ ਪੁੱਤਰ ਹੰਟਰ ਭ੍ਰਿਸ਼ਟ ਕਾਰਵਾਈਆਂ ਵਿਚ ਸ਼ਾਮਲ ਰਹੇ ਹਨ ਹਾਲਾਂਕਿ ਰਾਸ਼ਟਰਪਤੀ ਬਾਇਡਨ ਖਿਲਾਫ਼ ਅਜਿਹਾ ਕੋਈ ਠੋਸ ਸਬੂਤ ਸਾਹਮਣੇ ਨਹੀਂ ਆਇਆ। ਦੂਜੇ ਬੰਨੇ, ਦੇਸ਼ ਸਭਿਆਚਾਰਕ ਲੜਾਈਆਂ ਦੀ ਲਪੇਟ ਵਿਚ ਆ ਰਿਹਾ ਹੈ। ਬਿਨਾਂ ਸ਼ੱਕ, ਸਭ ਤੋਂ ਵੱਡਾ ਪਾੜਾ ਗਰਭਪਾਤ ਨੂੰ ਲੈ ਕੇ ਪੈਦਾ ਹੋ ਗਿਆ ਹੈ। ਅਮਰੀਕੀ ਸੁਪਰੀਮ ਕੋਰਟ ਵਲੋਂ ਗਰਭਪਾਤ ਦੇ ਹੱਕਾਂ ਦੀ ਸੰਵਿਧਾਨਕ ਸੁਰੱਖਿਆ ਖਤਮ ਕਰਨ ਤੋਂ ਬਾਅਦ ਕਈ ਰਿਪਬਲਿਕਨ ਸ਼ਾਸਿਤ ਸੂਬਿਆਂ ਨੇ ਗਰਭਪਾਤ ਖਿਲਾਫ਼ ਸਖ਼ਤ ਕਾਨੂੰਨ ਪਾਸ ਕਰਦਿਆਂ ਇਸ ਦੀਆਂ ਸੇਵਾਵਾਂ ਦੇਣ ਬਦਲੇ ਫ਼ੌਜਦਾਰੀ ਅਪਰਾਧ ਐਲਾਨ ਦਿੱਤਾ ਹੈ। ਇਹ ਸਭ ਕੁਝ ਉਦੋਂ ਹੋ ਰਿਹਾ ਹੈ ਜਦੋਂ ਚੋਣ ਸਰਵੇਖਣਾਂ ਤੋਂ ਇਹ ਗੱਲ ਸਾਹਮਣੇ ਆਈ ਹੈ ਕਿ ਬਹੁਤੇ ਅਮਰੀਕੀ ਲੋਕ ਕੁਝ ਸ਼ਰਤਾਂ ਸਹਿਤ ਗਰਭਪਾਤ ਦਾ ਹੱਕ ਦੇਣ ਦੇ ਪੱਖ ਵਿਚ ਹਨ।

ਪਿਛਲੇ ਹਫ਼ਤੇ ਰਾਸ਼ਟਰਪਤੀ ਬਾਇਡਨ ਨੇ 14 ਸਾਲ ਦੇ ਸਿਆਹਫ਼ਾਮ ਬੱਚੇ ਦੀ ਐਮੇਟ ਟਿਲ ਦੀ ਯਾਦਗਾਰ ਦਾ ਉਦਘਾਟਨ ਕੀਤਾ ਸੀ ਜਿਸ ਨੂੰ 1955 ਵਿਚ ਮਿਸੀਸਿਪੀ ਵਿਚ ਕਥਿਤ ਤੌਰ 'ਤੇ ਗੋਰੀ ਔਰਤ ਨੂੰ ਦੇਖ ਕੇ ਚੁਹਲ ਕਰਨ ਬਦਲੇ ਅਗਵਾ ਕਰਨ ਤੋਂ ਬਾਅਦ ਤਸੀਹੇ ਦੇ ਕੇ ਕਤਲ ਕੀਤਾ ਗਿਆ ਸੀ। ਉਸ ਦੀ ਹੱਤਿਆ ਤੇ ਹਤਿਆਰਿਆਂ ਨੂੰ ਬਰੀ ਕਰ ਦੇਣ ਦੇ ਰੋਸ ਵਜੋਂ 1960ਵਿਆਂ ਵਿਚ ਸ਼ਹਿਰੀ ਹੱਕਾਂ ਦਾ ਅੰਦੋਲਨ ਉਠਿਆ ਸੀ। ਪਿਛਲੇ ਦਹਾਕੇ ਵਿਚ ਅਸੀਂ 'ਬਲੈਕ ਲਾਈਵਜ਼ ਮੈਟਰ' ਅੰਦੋਲਨ ਵੀ ਦੇਖਿਆ ਸੀ ਜੋ ਅਮਰੀਕਾ ਵਿਚ ਹਾਲੇ ਵੀ ਕਈ ਪੱਧਰਾਂ 'ਤੇ ਮੌਜੂਦ ਨਸਲਪ੍ਰਸਤੀ ਖਿਲਾਫ਼ ਪ੍ਰਤੀਕਿਰਿਆ ਦੇ ਰੂਪ ਵਿਚ ਉਭਰਿਆ ਸੀ।

ਸਮਕਾਲੀ ਨਸਲਵਾਦ ਕਿਵੇਂ ਚਲਦਾ ਹੈ, ਇਸ ਦੀ ਇਕ ਮਿਸਾਲ ਫਲੋਰਿਡਾ ਦੇ ਗਵਰਨਰ ਅਤੇ ਰਾਸ਼ਟਰਪਤੀ ਦੇ ਅਹੁਦੇ ਲਈ ਉਮੀਦਵਾਰ ਬਣਨ ਦੇ ਚਾਹਵਾਨ ਰੌਨ ਡਿਸੈਂਟਿਸ ਵਲੋਂ ਗੁਲਾਮੀ ਦੇ ਤੱਥ ਝੁਠਲਾਉਣ ਦੇ ਯਤਨਾਂ ਤੋਂ ਮਿਲਦੀ ਹੈ। ਇਸ ਸੂਬੇ ਦੀਆਂ ਸੋਧੀਆਂ ਗਈਆਂ ਪਾਠ ਪੁਸਤਕਾਂ ਦੇ ਖਰੜੇ ਵਿਚ ਆਖਿਆ ਗਿਆ ਹੈ ਕਿ ਅਸਲ ਵਿਚ ਗੁਲਾਮਾਂ ਨੂੰ ਗੁਲਾਮੀ ਦੌਰਾਨ ਕੁਝ ਹੁਨਰ ਸਿੱਖਣ ਸਦਕਾ ਇਸ ਤੋਂ ਲਾਭ ਹੋਇਆ ਸੀ।

ਇਸ ਤੋਂ ਇਲਾਵਾ ਜਿਨਸੀ ਸਿੱਖਿਆ, ਜਿਨਸੀ ਝੁਕਾਅ ਅਤੇ ਲਿੰਗਕ ਸਮਾਨਤਾ ਨੂੰ ਲੈ ਕੇ ਵੀ ਟਕਰਾਅ ਚੱਲ ਰਹੇ ਹਨ। ਸਮਲਿੰਗੀਆਂ ਦੇ ਹੱਕਾਂ ਨੂੰ ਮਾਨਤਾ ਮਿਲਣ ਤੋਂ ਬਾਅਦ ਹੁਣ ਬਹੁਲਿੰਗੀ ਅਤੇ ਪਾਰਲਿੰਗੀ ਲੋਕਾਂ ਵਲੋਂ ਵੀ ਆਪਣੇ ਹੱਕਾਂ ਦੀ ਆਵਾਜ਼ ਬੁਲੰਦ ਕੀਤੀ ਜਾ ਰਹੀ ਹੈ। ਚੋਣ ਸਰਵੇਖਣਾਂ ਮੁਤਾਬਕ ਮੱਧ 1990ਵਿਆਂ ਤੋਂ ਕਰੀਬ 2010 ਦੇ ਅਰਸੇ ਵਿਚਕਾਰ ਜਨਮ ਲੈਣ ਵਾਲਿਆਂ ਦੀ 'ਜ਼ੀ ਪੀੜ੍ਹੀ' ਦੇ ਕਰੀਬ 21 ਫ਼ੀਸਦ ਆਪਣੇ ਆਪ ਨੂੰ ਹਮਜਿਨਸੀ, ਬਹੁਲਿੰਗਕ ਜਾਂ ਪਾਰਲਿੰਗੀ (ਐੱਲਜੀਬੀਟੀ) ਅਖਵਾਉਂਦੇ ਹਨ ਜਦਕਿ 1980ਵਿਆਂ ਤੇ ਮੱਧ 1990ਵਿਆਂ ਤੱਕ ਜਨਮੇ ਲੋਕਾਂ 'ਚੋਂ ਦਸ ਕੁ ਫ਼ੀਸਦ ਹੀ ਅਜਿਹੇ ਕਰਦੇ ਸਨ। ਇਸ ਨਵੀਂ ਪੀੜ੍ਹੀ ਦਾ ਦੇਸ਼ ਅੰਦਰ ਹੋਰਨਾਂ ਖੇਤਰਾਂ 'ਤੇ ਵੀ ਪ੍ਰਭਾਵ ਪੈ ਰਿਹਾ ਹੈ। ਗੈਲੁਪ ਦੇ ਸਰਵੇਖਣ ਮੁਤਾਬਕ ਆਪਣੇ ਆਪ ਨੂੰ 'ਬਹੁਤ ਹੀ ਮਾਣਮੱਤੇ ਅਮਰੀਕਨ' ਅਖਵਾਉਣ ਵਾਲੇ ਨੌਜਵਾਨਾਂ (18-34 ਸਾਲ) ਦਾ ਜਿਹੜਾ ਹਿੱਸਾ 2013 ਤੱਕ 40 ਫ਼ੀਸਦ ਹੁੰਦਾ ਸੀ, ਉਹ ਹੁਣ ਮਸਾਂ 18 ਫ਼ੀਸਦ ਰਹਿ ਗਿਆ ਹੈ।

ਸਿਆਸੀ ਪਾੜਾ ਬਹੁਤ ਡੂੰਘਾ ਹੋ ਗਿਆ ਹੈ। ਇਸੇ ਸਾਲ, ਅਮਰੀਕਾ ਭਰ ਦੀਆਂ ਵਿਧਾਨ ਪਾਲਿਕਾਵਾਂ ਵਿਚ ਐੱਲਜੀਬੀਟੀ ਹੱਕ ਸੀਮਤ ਕਰਨ ਲਈ ਕਰੀਬ 75 ਬਿੱਲ ਪਾਸ ਕੀਤੇ ਗਏ ਹਨ। ਜਿਨਸੀ ਝੁਕਾਅ ਦੇ ਆਧਾਰ 'ਤੇ ਹੋਣ ਵਾਲੇ ਨਫ਼ਰਤੀ ਅਪਰਾਧਾਂ ਵਿਚ ਵਾਧਾ ਹੋਇਆ ਹੈ ਅਤੇ ਇਸ ਸਬੰਧ ਵਿਚ ਪ੍ਰਦਰਸ਼ਨ ਅਤੇ ਮੁਤਵਾਜ਼ੀ-ਪ੍ਰਦਰਸ਼ਨ ਹੁੰਦੇ ਰਹਿੰਦੇ ਹਨ। ਸਕੂਲਾਂ ਅਤੇ ਯੂਨੀਵਰਸਿਟੀਆਂ ਦੀਆਂ ਪਾਠ ਪੁਸਤਕਾਂ ਨੂੰ ਲੈ ਕੇ ਵੀ ਜੰਗ ਛਿੜੀ ਹੋਈ ਹੈ। ਅਸਲ ਵਿਚ ਇਹ ਤਥਾ ਕਥਿਤ 'ਸਭਿਆਚਾਰਕ ਯੁੱਧ' ਮੂਲਵਾਦੀ ਤਾਕਤਾਂ ਵਲੋਂ ਤਬਦੀਲੀ ਨੂੰ ਡੱਕਣ ਦਾ ਹਰਬਾ ਹਨ। ਉਹ ਤਾਕਤਾਂ ਆਪਣੇ ਆਪ ਨੂੰ ਬੇਲਗਾਮ ਉਦਾਰਵਾਦ ਤੋਂ ਪੀੜਤ ਹੋਣ ਦਾ ਦਿਖਾਵਾ ਕਰ ਰਹੀਆਂ ਹਨ ਤੇ ਨਾਲ ਹੀ ਪ੍ਰਚਾਰ ਕਰ ਰਹੀਆਂ ਹਨ ਕਿ ਉਨ੍ਹਾਂ ਦੀ ਕੀਮਤ 'ਤੇ ਪਰਵਾਸੀਆਂ, ਹਮਜਿਨਸੀਆਂ, ਔਰਤਾਂ, ਗ਼ਰੀਬਾਂ, ਕਾਲਿਆਂ ਅਤੇ ਹੋਰਨਾਂ ਸਮੂਹਾਂ ਨੂੰ ਵਿਸ਼ੇਸ਼ ਅਧਿਕਾਰ ਦਿੱਤੇ ਜਾ ਰਹੇ ਹਨ। ਇਸ ਸਭ ਰੌਲੇ ਗੌਲੇ ਦੇ ਬਾਵਜੂਦ ਟਰੰਪ ਲਈ ਰਾਹ ਬਹੁਤ ਚੁਣੌਤੀ ਭਰਿਆ ਹੈ। ਇਕ ਚੋਣ ਸਰਵੇਖਣ ਮੁਤਾਬਕ 2016 ਤੋਂ 2020 ਦੇ ਅਰਸੇ ਦੌਰਾਨ 5 ਕਰੋੜ 20 ਲੱਖ ਨਵੇਂ ਵੋਟਰ ਦਰਜ ਹੋਣਗੇ ਜਿਨ੍ਹਾਂ ਵਿਚ ਜਿ?ਆਦਾਤਰ ਉਹ ਨੌਜਵਾਨ ਹਨ ਜੋ ਡੈਮੋਕਰੇਟਿਕ ਪਾਰਟੀ ਵੱਲ ਝੁਕਾਅ ਰੱਖਦੇ ਹਨ। ਸਾਫ਼ ਜ਼ਾਹਿਰ ਹੈ ਕਿ ਅਮਰੀਕਾ ਵਿਚ ਕਾਫ਼ੀ ਉਥਲ ਪੁਥਲ ਦਾ ਦੌਰ ਚੱਲ ਰਿਹਾ ਹੈ ਤੇ ਇਹ ਕੋਈ ਗ਼ੈਰ-ਮਾਮੂਲੀ ਗੱਲ ਵੀ ਨਹੀਂ ਹੈ। ਉਂਝ, ਇਸ ਅਮਲ ਨਾਲ ਖ਼ਤਰੇ ਵੀ ਜੁੜੇ ਹੋਏ ਹਨ ਜਿਵੇਂ ਟਰੰਪ ਦੀ ਅਗਵਾਈ ਹੇਠ ਰਿਪਬਲਿਕਨ ਪਾਰਟੀ ਦੀ ਸਿਆਸਤ ਨਾਲ ਉਭਰ ਕੇ ਸਾਹਮਣੇ ਆਏ ਸਨ। ਸੱਜੇ ਪੱਖੀ ਝੁਕਾਅ ਵਾਲੀ ਸੁਪਰੀਮ ਕੋਰਟ ਜਿਹੀਆਂ ਸੰਸਥਾਵਾਂ ਦੀ ਮਦਦ ਨਾਲ ਉਹ ਦੇਸ਼ ਅੰਦਰ 'ਗੋਰੇ ਮਰਦਾਂ ਦੇ ਦਬਦਬੇ' ਨੂੰ ਕਾਇਮ ਰੱਖਣ ਦੀਆਂ ਕੋਸ਼ਿਸ਼ਾਂ ਕਰ ਰਹੀ ਹੈ ਪਰ ਹੁਣ ਇਸ ਨੂੰ ਕਾਇਮ ਰੱਖ ਸਕਣਾ ਬਿਲਕੁੱਲ ਅਸੰਭਵ ਹੋ ਗਿਆ ਹੈ। ਕਿਸੇ ਨੂੰ ਪਸੰਦ ਹੋਵੇ ਜਾਂ ਨਾ ਪਰ ਤਬਦੀਲੀ ਤਾਂ ਆ ਕੇ ਰਹਿਣੀ ਹੈ।

# ਸ਼ਰਾਬ ਪੀਣ ਵਿੱਚ ਹੁਣ ਬੀਬੀਆਂ ਵੀ ਘੱਟ ਨਹੀਂ

## ਰਹਿੰਦੀ ਕਸਰ ਪੰਜਾਬ ਸਰਕਾਰ ਨੇ ਪੂਰੀ ਕਰ ਦਿੱਤੀ

ਬਲਬੀਰ ਸਿੰਘ ਬੱਬੀ
7009107300



ਇਸ ਵੇਲੇ ਸਾਰੀ ਦੁਨੀਆਂ ਵਿੱਚ ਹੀ ਨਸ਼ਿਆਂ ਦਾ ਬੋਲਬਾਲਾ ਹੈ ਤੇ ਫਿਰ ਦੁਨੀਆਂ ਦੇ ਨਕਸ਼ੇ ਵਿੱਚ ਪੰਜਾਬ ਦੀ ਗੱਲ ਕਿਵੇ ਨਾ ਹੋਵੇ ਜੋ ਇਸ ਵੇਲੇ ਨਸ਼ਿਆਂ ਦੀ ਮੰਡੀ ਵਜੋਂ ਸਭ ਪਾਸੇ ਮਸ਼ਹੂਰ ਹੈ। ਹੁਣ ਤੱਕ ਪੰਜਾਬ ਵਿੱਚ ਇਹੀ ਕਿਹਾ ਜਾਂਦਾ ਹੈ ਕਿ ਇੱਥੋਂ ਦੀ ਨੌਜਵਾਨੀ ਹਰ ਕਿਸਮ ਦੇ ਨਸ਼ਿਆਂ ਵਿੱਚ ਗੁਲਤਾਨ ਹੈ ਤੇ ਇਸ ਵਿੱਚ ਕੋਈ ਝੂਠ ਵੀ ਨਹੀਂ ਬਿਲਕੁਲ ਸਹੀ ਹੈ।

ਪਿਛਲੇ ਕੁਝ ਕੁ ਸਮੇਂ ਤੋਂ ਇਹ ਵੀ ਸਾਹਮਣੇ ਆ ਰਿਹਾ ਹੈ ਕਿ ਨਸ਼ਿਆਂ ਦੀ ਭੇਂਟ ਨੌਜਵਾਨ ਲੜਕੀਆਂ ਮੁਟਿਆਰਾਂ ਤੇ ਔਰਤਾਂ ਵੀ ਚੜ੍ਹ ਗਈਆਂ ਹਨ ਜਿਨ੍ਹਾਂ ਦੀਆਂ ਵੀਡੀਓਜ਼ ਵੀ ਸ਼ੋਸ਼ਲ ਮੀਡੀਆ ਤੇ ਦੇਖਦੇ ਹਾਂ ਤੇ ਹੈਰਾਨੀ ਹੁੰਦੀ ਹੈ ਕਿ ਇਹ ਕੀ ਹੋ ਰਿਹਾ ਹੈ। ਜਿਵੇਂ ਅਕਸਰ ਹੀ ਦੇਖਦੇ ਹਾਂ ਕਿ ਨਸ਼ਿਆਂ ਦੀ ਸ਼ੁਰੂਆਤ ਸਭ ਤੋਂ ਪਹਿਲਾਂ ਸ਼ਰਾਬ ਨਾਲ ਹੀ ਹੁੰਦੀ ਹੈ ਬਿਲਕੁਲ ਇਸੇ ਤਰੀਕੇ ਹੁਣ ਕੁਝ ਪੰਜਾਬਣਾਂ ਨੇ ਵੀ ਦਾਰੂ ਪੀਣ ਵੱਲ ਮੂੰਹ ਕਰ ਲਿਆ ਹੈ। ਹੋ ਸਕਦਾ ਕੁਝ ਬੀਬੀਆਂ ਚੋਰੀ ਛਿਪੇ ਪੜਦੇ ਨਾਲ ਪੀਦੀਆਂ ਹੋਣ ਪਰ ਕਈਆਂ ਦੀ ਤਾਂ ਐਸੀ ਮੱਤ ਵੱਜੀ ਹੈ ਕਿ ਉਹ ਸ਼ਰਾਬ ਪੀਣ ਦੀਆਂ ਵੀਡੀਓਜ਼ ਵੀ ਸ਼ੋਸ਼ਲ ਮੀਡੀਆ ਤੇ ਵਿਯੂ ਲੈਣ ਦੇ ਚੱਕਰ ਵਿੱਚ ਵੱਧ ਚੜ੍ਹ ਕੇ ਪਾਉਂਦੀਆਂ ਹਨ। ਆਪਣਾ ਆਪਣੇ ਪਰਿਵਾਰ ਤੇ ਪੰਜਾਬੀ ਭਾਈਚਾਰੇ ਨੂੰ ਵੀ ਬਦਨਾਮ ਕਰਦੀਆਂ ਹਨ।

ਇਹ ਕੰਮ ਪੰਜਾਬ ਵਿੱਚ ਵੀ ਹੈ ਪਰ ਵਿਦੇਸ਼ਾਂ ਵਿੱਚੋਂ ਹੈਰਾਨ ਕਰਨ ਵਾਲੇ ਦ੍ਰਿਸ਼ ਆ ਰਹੇ ਹਨ। ਜੋ ਕਿ ਕਿਸੇ ਪਾਸਿਓਂ ਵੀ ਸ਼ੋਭਦੇ ਨਹੀਂ।

ਵਿਦੇਸ਼ਾਂ ਵਿੱਚ ਤਾਂ ਗਲਤ ਹੋ ਹੀ ਰਿਹਾ ਹੈ ਪਰ ਪੰਜਾਬ ਦੀ ਮੌਜੂਦਾ ਸਰਕਾਰ ਨੇ ਤਾਂ ਕਮਾਲ ਹੀ ਕਰ ਦਿੱਤੀ । ਨਸ਼ਿਆਂ ਵਿੱਚ ਡੁੱਬਦੇ ਪੰਜਾਬ ਨੂੰ ਬਚਾਉਣ ਦੀ ਥਾਂ ਪੰਜਾਬ ਵਿੱਚ ਬੀਬੀਆਂ ਲਈ ਵੀ ਸ਼ਪੈਸ਼ਲ ਸ਼ਰਾਬ ਦੇ ਠੇਕੇ ਖੋਲ੍ਹ ਦਿੱਤੇ ਹਨ। ਜੋ ਮਾੜੀ ਮੋਟੀ ਕਸਰ ਰਹਿੰਦੀ ਸੀ ਉਹ ਵੀ ਕੱਢ ਦਿੱਤੀ...ਹੁਣ ਰੱਬ ਹੀ ਰਾਖਾ।










# ਮਾਂ ਦਾ ਦੁੱਧ ਅੰਮ੍ਰਿਤਮਈ ਖ਼ੁਰਾਕ

ਜਗਮੋਹਨ ਸਿੰਘ ਲੱਕੀ

ਬੱਚਿਆਂ ਲਈ ਮਾਂ ਦਾ ਦੁੱਧ ਅੰਮ੍ਰਿਤ ਵਰਗਾ ਹੁੰਦੈ, ਜੋ ਕਿ ਬੱਚੇ ਨੂੰ ਨਰੋਈ, ਤੰਦਰੁਸਤ ਅਤੇ ਮਜ਼ਬੂਤ ਸਿਹਤ ਤਾਂ ਦਿੰਦਾ ਹੀ ਹੈ, ਸਗੋਂ ਬੱਚਿਆਂ ਨੂੰ ਤੇਜ਼ ਤੇ ਵਿਲੱਖਣ ਬੁੱਧੀ ਤੇ ਅਰੋਗ ਜੀਵਨ ਵੀ ਬਖਸ਼ਦਾ ਹੈ। ਅਸਲ ਵਿਚ ਮਾਂ ਦਾ ਦੁੱਧ ਬੱਚਿਆਂ ਲਈ ਕੁਦਰਤ ਦੀ ਅਨਮੋਲ ਦਾਤ ਹੈ। ਹਰ ਔਰਤ ਜਦੋਂ ਮਾਂ ਬਣਦੀ ਹੈ ਤਾਂ ਉਸ ਦੀਆਂ ਛਾਤੀਆਂ ਵਿਚ ਦੁੱਧ ਦੇ ਸੋਮੇ ਪੂਰੇ ਭਰ ਜਾਂਦੇ ਹਨ। ਬੱਚੇ ਨੂੰ ਮਾਂ ਦਾ ਦੁੱਧ ਪਿਲਾਉਣ ਨਾਲ ਮਾਂ ਅਤੇ ਬੱਚੇ ਵਿਚਾਲੇ ਮੋਹ ਦੀ ਤੰਦ ਹੋਰ ਮਜ਼ਬੂਤ ਹੁੰਦੀ ਹੈ। ਮਾਂ ਦਾ ਦੁੱਧ ਪੀਣ ਵਾਲੇ ਬੱਚੇ ਰਿਸ਼ਟ-ਪੁਸ਼ਟ ਬਣਦੇ ਹਨ, ਉਹ ਛੇਤੀ ਕਿਤੇ ਬਿਮਾਰ ਵੀ ਨਹੀਂ ਹੁੰਦੇ ਅਤੇ ਮਾਂ ਦਾ ਦੁੱਧ ਪੀਣ ਨਾਲ ਬੱਚੇ ਵਿਚ ਹਰ ਸਮੱਸਿਆ ਨਾਲ ਸਿੱਝਣ ਦੀ ਤਾਕਤ ਵੀ ਆ ਜਾਂਦੀ ਹੈ। ਮਾਂ ਦਾ ਦੁੱਧ ਪੀਣ ਵਾਲੇ ਬੱਚੇ ਮਨੋਵਿਗਿਆਨਕ ਤੌਰ ‘ਤੇ ਵੀ ਤੇਜ਼ ਹੁੰਦੇ ਹਨ, ਜੋ ਕਿ ਦੂਸਰਿਆਂ ਲਈ ਰਾਹ ਦਸੇਰਾ ਬਣਦੇ ਹਨ।

ਮਾਂ ਦੇ ਦੁੱਧ ਵਿਚ ਫੈਟ, ਸ਼ੂਗਰ, ਪਾਣੀ ਅਤੇ ਪ੍ਰੋਟੀਨ ਦੀ ਸਹੀ ਮਾਤਰਾ ਹੁੰਦੀ ਹੈ, ਜੋ ਬੱਚੇ ਦੀ ਚੰਗੀ ਸਿਹਤ ਲਈ ਬੇਹੱਦ ਜ਼ਰੂਰੀ ਹੁੰਦੇ ਹਨ। ਹਰ ਮਾਂ ਨੂੰ ਪੂਰਾ ਇਕ ਸਾਲ ਆਪਣੇ ਬੱਚੇ ਨੂੰ ਆਪਣਾ ਦੁੱਧ ਪਿਲਾਉਣਾ ਚਾਹੀਦਾ ਹੈ। ਇਹ ਦੁੱਧ ਹੋਰ ਸਭ ਚੀਜ਼ਾਂ ਨਾਲੋਂ ਬੱਚੇ ਦੇ ਸਰੀਰ ਉੱਪਰ ਸਭ ਤੋਂ ਜ਼ਿਆਦਾ ਪ੍ਰਭਾਵ ਪਾਉਂਦਾ ਹੈ। ਨਵਜੰਮੇ ਬੱਚੇ ਨੂੰ ਹਰ 2 ਤੋਂ 3 ਘੰਟੇ ਬਾਅਦ ਦੁੱਧ ਪਿਲਾਉਣਾ ਚਾਹੀਦਾ ਹੈ। ਜਦੋਂ ਬੱਚੇ ਦੀ ਉਮਰ 4 ਤੋਂ 6 ਮਹੀਨੇ ਦੇ ਵਿਚਾਲੇ ਹੋਵੇ ਤਾਂ ਉਸ ਨੂੰ ਦੁੱਧ ਦੇ ਨਾਲ-ਨਾਲ ਸਾਲਿਡ ਫੂਡ ਵੀ ਦੇਣਾ ਸ਼ੁਰੂ ਕਰ ਦੇਣਾ ਚਾਹੀਦਾ ਹੈ। ਮਾਂ ਆਪਣੇ ਬੱਚੇ ਨੂੰ ਜਿੰਨਾ ਆਪਣਾ ਦੁੱਧ ਪਿਲਾਵੇਗੀ, ਓਨਾ ਜ਼ਿਆਦਾ ਹੀ ਦੁੱਧ ਉਸ ਦੀਆਂ ਛਾਤੀਆਂ ਵਿਚ ਬਣੇਗਾ। ਨਵਜੰਮੇ ਬੱਚੇ ਦੀ ਅਸਲ ਖ਼ੁਰਾਕ ਮਾਂ ਦਾ ਦੁੱਧ ਹੀ ਹੈ, ਪਰ ਅੱਜਕਲ੍ਹ 60 ਫ਼ੀਸਦੀ ਬੱਚੇ ਮਾਂ ਦਾ ਦੁੱਧ ਪੀਣ ਤੋਂ ਜਾਂ ਤਾਂ ਵਾਂਝੇ ਰਹਿ ਜਾਂਦੇ ਹਨ ਜਾਂ ਫਿਰ ਮਾਵਾਂ ਕੁਝ ਸਮੇਂ ਬਾਅਦ ਹੀ ਉਨ੍ਹਾਂ ਨੂੰ ਮਾਂ ਦਾ ਦੁੱਧ ਦੇਣ ਤੋਂ ਹਟ ਜਾਂਦੀਆਂ ਹਨ, ਜਿਸ ਨਾਲ ਬੱਚੇ ਵਿਚ ਕਮਜ਼ੋਰੀ ਆ ਜਾਂਦੀ ਹੈ। ਅੱਜਕਲ੍ਹ ਮਾਵਾਂ ਬੱਚਿਆਂ ਨੂੰ ਮਾਂ ਦਾ ਦੁੱਧ ਘੱਟ ਪਿਲਾਉਂਦੀਆਂ ਹਨ, ਸਗੋਂ ਮੱਝਾਂ-ਗਾਵਾਂ ਦਾ ਦੁੱਧ ਜ਼ਿਆਦਾ ਪਿਲਾਉਂਦੀਆਂ ਹਨ।

ਇਸ ਤੋਂ ਇਲਾਵਾ ਆਧੁਨਿਕਤਾ ਦੀ ਹੋੜ ਵਿਚ ਵੱਡੀ ਗਿਣਤੀ ਮਾਵਾਂ ਆਪਣੇ ਬੱਚਿਆਂ ਨੂੰ ਮਾਂ ਦੇ ਦੁੱਧ ਦੀ ਥਾਂ ਹੋਰ ਹੀ ਪਾਊਡਰ ਜਿਹੇ ਘੋਲ-ਘੋਲ ਪਿਲਾਈ ਜਾਂਦੀਆਂ ਹਨ, ਜਿਸ ਨਾਲ ਬੱਚਾ ਥੁਲਥੁਲਾ ਤਾਂ ਹੋ ਜਾਂਦਾ ਹੈ ਪਰ ਉਸ ਦੀਆਂ ਹੱਡੀਆਂ ਕੱਚੀਆਂ ਰਹਿ ਜਾਂਦੀਆਂ ਹਨ ਤੇ ਉਹ ਕਮਜ਼ੋਰ ਹੋ ਜਾਂਦਾ ਹੈ। ਮਾਵਾਂ ਬੱਚੇ ਦੇ ਇਸ ਥੁਲਥੁਲੇਪਨ ਨੂੰ ਹੀ ਉਸ ਦੀ ਚੰਗੀ ਸਿਹਤ ਸਮਝ ਕੇ ਖ਼ੁਸ਼ ਹੁੰਦੀਆਂ ਰਹਿੰਦੀਆਂ ਹਨ। ਵੱਡੀ ਗਿਣਤੀ ਮਾਵਾਂ ਇਸ ਭਰਮ ਦਾ ਸ਼ਿਕਾਰ ਹੁੰਦੀਆਂ ਹਨ ਕਿ ਬੱਚਿਆਂ ਨੂੰ ਮਾਂ ਦਾ ਦੁੱਧ ਪਿਲਾਉਣ ਨਾਲ ਉਨ੍ਹਾਂ ਦੀ ਫਿਗਰ ਖਰਾਬ ਹੋ ਜਾਵੇਗੀ ਅਤੇ ਉਨ੍ਹਾਂ ਦੀਆਂ ਛਾਤੀਆਂ ਵਿਚ ਢਿੱਲਾਪਨ ਆ ਜਾਵੇਗਾ, ਜਿਸ ਕਰਕੇ ਉਨ੍ਹਾਂ ਦੀ ਸੁੰਦਰਤਾ ਜਾਂਦੀ ਰਹੇਗੀ, ਪਰ ਇਹ ਉਨ੍ਹਾਂ ਮਾਵਾਂ ਦਾ ਵਹਿਮ ਹੀ ਹੁੰਦਾ ਹੈ। ਬੱਚਿਆਂ ਨੂੰ ਮਾਂ ਦਾ ਦੁੱਧ ਪਿਲਾਉਣ ਨਾਲ ਛਾਤੀਆਂ ਵਿਚ ਕੋਈ ਢਿੱਲਾਪਨ ਨਹੀਂ ਆਉਂਦਾ। ਜੇ ਕੁਦਰਤੀ ਸੋਮਿਆਂ ਦੀ ਵਰਤੋਂ ਕੁਦਰਤ ਦੇ ਨਿਯਮਾਂ ਅਨੁਸਾਰ ਕੀਤੀ ਜਾਵੇ ਤਾਂ ਇਨ੍ਹਾਂ ਸੋਮਿਆਂ ਨੂੰ ਕੋਈ ਫਰਕ ਨਹੀਂ ਪੈਂਦਾ, ਸਗੋਂ ਮਾਂ ਦੇ ਦੁੱਧ ਦੇ ਇਹ ਕੁਦਰਤੀ ਸੋਮੇ ਪਹਿਲਾਂ ਨਾਲੋਂ ਵੀ ਭਰਪੂਰ ਹੁੰਦੇ ਹਨ।

ਬੱਚੇ ਦੇ ਜਨਮ ਤੋਂ ਬਾਅਦ ਮਾਂ ਦੀਆਂ ਛਾਤੀਆਂ ਵਿਚ ਜੋ ਪਹਿਲਾ ਦੁੱਧ ਬਣਦਾ ਹੈ, ਉਹ ਪੀਲੇ ਰੰਗ ਦਾ ਹੁੰਦਾ ਹੈ, ਜਿਸ ਨੂੰ ਬੌਹਲੀ ਵੀ ਕਹਿੰਦੇ ਹਨ। ਇਹ ਦੁੱਧ ਨਵਜੰਮੇ ਬੱਚੇ ਨੂੰ ਪਿਲਾਉਣਾ ਬਹੁਤ ਹੀ ਲਾਹੇਵੰਦ ਹੈ। ਬੱਚੇ ਨੂੰ ਆਪਣਾ ਦੁੱਧ ਪਿਲਾਉਣ ਨਾਲ ਮਾਵਾਂ ਦਿਲ ਦੀਆਂ ਬਿਮਾਰੀਆਂ, ਸ਼ੂਗਰ, ਆਸਟਿਓਪੋਰੋਸਿਸ ਵਰਗੀਆਂ ਬਿਮਾਰੀਆਂ ਤੋਂ ਬਚ ਸਕਦੀਆਂ ਹਨ।

ਹਰ ਮਾਂ ਨੂੰ ਆਪਣੇ ਬੱਚੇ ਨੂੰ ਆਪਣਾ ਦੁੱਧ ਪਿਲਾਉਣ ਮੌਕੇ ਕਈ ਤਰ੍ਹਾਂ ਦੀਆਂ ਸਾਵਧਾਨੀਆਂ ਦਾ ਵੀ ਖਿਆਲ ਰੱਖਣਾ ਚਾਹੀਦਾ ਹੈ। ਜੇ ਮਾਂ ਨੂੰ ਕੋਈ ਗੰਭੀਰ ਤੇ ਛੂਤ ਦੀ ਬਿਮਾਰੀ ਹੋਵੇ ਤਾਂ ਅਜਿਹੀਆਂ ਮਾਵਾਂ ਨੂੰ ਆਪਣਾ ਦੁੱਧ ਬੱਚੇ ਨੂੰ ਨਹੀਂ ਪਿਲਾਉਣਾ ਚਾਹੀਦਾ। ਜੇ ਮਾਂ ਨੂੰ ਟੀ.ਬੀ. ਹੈ ਤਾਂ ਵੀ ਅਜਿਹੀਆਂ ਮਾਵਾਂ ਨੂੰ ਨਵਜੰਮੇ ਬੱਚੇ ਨੂੰ ਆਪਣਾ ਦੁੱਧ ਪਿਲਾਉਣ ਤੋਂ ਗੁਰੇਜ਼ ਕਰਨਾ ਚਾਹੀਦਾ ਹੈ, ਕਿਉਂਕਿ ਜੇ ਟੀ. ਬੀ. ਪੀੜਤ ਮਾਂ ਆਪਣਾ ਦੁੱਧ ਆਪਣੇ ਬੱਚੇ ਨੂੰ ਪਿਲਾਵੇਗੀ ਤਾਂ ਬੱਚਾ ਵੀ ਮਾਂ ਦੀ ਬਿਮਾਰੀ ਦੀ ਲਪੇਟ ਵਿਚ ਆ ਜਾਵੇਗਾ। ਕਈ ਵਾਰ ਮਾਂ ਵਲੋਂ ਖਾਧੀ ਗਈ ਕੋਈ ਦਵਾਈ ਬੱਚੇ ਨੂੰ ਰਿਐਕਸ਼ਨ ਕਰ ਜਾਂਦੀ ਹੈ, ਇਸ ਲਈ ਜਦੋਂ ਤੱਕ ਬੱਚਾ ਦੁੱਧ ਪੀਂਦਾ ਰਹੇ ਤਾਂ ਦਵਾਈਆਂ ਤੋਂ ਗੁਰੇਜ਼ ਹੀ ਕੀਤਾ ਜਾਵੇ ਤਾਂ ਚੰਗੀ ਗੱਲ ਹੈ।

ਹੁਣ ਵਿਦੇਸ਼ਾਂ ਵਿਚ ਤਾਂ ਮਾਂ ਦਾ ਦੁੱਧ ਬਾਜ਼ਾਰ ਵਿਚ ਵੀ ਮਿਲਣ ਲੱਗ ਪਿਆ ਹੈ ਅਤੇ ਭਾਰਤ ਵਿਚ ਵੀ ਮਾਂ ਦਾ ਦੁੱਧ ਜਲਦੀ ਹੀ ਬਾਜ਼ਾਰ ਵਿਚੋਂ ਮੁੱਲ ਮਿਲਣ ਲੱਗ ਜਾਣ ਦੀ ਚਰਚਾ ਹੋ ਰਹੀ ਹੈ।

ਸਾਡੀ ਮਾਵਾਂ ਅੱਗੇ ਬੇਨਤੀ ਹੈ ਕਿ ਉਹ ਆਪਣੇ ਬੱਚਿਆਂ ਨੂੰ ਆਪਣਾ ਦੁੱਧ ਜ਼ਰੂਰ ਪਿਲਾਉਣ। ਸਰਕਾਰ ਨੂੰ ਵੀ ਚਾਹੀਦਾ ਹੈ ਕਿ ਉਹ ਮਾਂ ਦੇ ਦੁੱਧ ਦੀ ਮਹੱਤਤਾ ਬਾਰੇ ਵੱਖ-ਵੱਖ ਥਾਵਾਂ ਉੱਪਰ ਸੈਮੀਨਾਰ ਕਰਵਾ ਕੇ ਮਾਵਾਂ ਨੂੰ ਇਸ ਸਬੰਧੀ ਜਾਗਰੂਕ ਕਰੇ। ਅਸਲ ਵਿਚ ਮਾਂ ਦਾ ਦੁੱਧ ਹੀ ਬੱਚੇ ਨੂੰ ਸਿਹਤਮੰਦ ਜ਼ਿੰਦਗੀ ਬਖ਼ਸ਼ਦਾ ਹੈ ਅਤੇ ਬੱਚਾ ਆਪਣੀ ਮਾਂ ਦੇ ਦੁੱਧ ਦਾ ਕਰਜ਼ ਸਾਰੀ ਉਮਰ ਨਹੀਂ ਚੁਕਾ ਸਕਦਾ। ਮਾਂ ਦਾ ਦੁੱਧ ਹੀ ਹਰ ਬੱਚੇ ਲਈ ਉੱਤਮ ਤੇ ਸਰਬਉੱਚ ਖ਼ੁਰਾਕ ਹੁੰਦਾ ਹੈ।



# ਗਰਮੀਆਂ ਵਿਚ ਵਾਲਾਂ ਦਾ ਰੱਖੋ ਸਹੀ ਧਿਆਨ

ਗਰਮੀਆਂ ਵਿਚ ਵਾਲਾਂ ਦੀ ਵਾਧੂ ਦੇਖਭਾਲ ਦੀ ਜ਼ਰੂਰਤ ਹੁੰਦੀ ਹੈ। ਜ਼ਿਆਦਾ ਨਮੀ ਅਤੇ ਜ਼ਿਆਦਾ ਗਰਮੀ ਵਾਲਾਂ ਦੀ ਸਿਹਤ ਨੂੰ ਪ੍ਰਭਾਵਿਤ ਕਰਦੀਆਂ ਹਨ। ਜਿਥੇ ਜ਼ਿਆਦਾ ਨਮੀ ਨਾਲ ਵਾਲਾਂ ਦੀਆਂ ਲਟਾਂ ਵਿਚ ਖਿਚਾਅ ਆਉਂਦਾ ਹੈ, ਉਥੇ ਤੇਜ਼ ਗਰਮੀ ਅਤੇ ਧੁੱਪ ਨਾਲ ਵਾਲ ਸਖ਼ਤ ਅਤੇ ਬੇਜਾਨ ਜਿਹੇ ਦਿਸਣ ਲਗਦੇ ਹਨ। ਮਾਹਿਰਾਂ ਦਾ ਮੰਨਣਾ ਹੈ ਕਿ ਗਰਮੀਆਂ ਵਿਚ ਵਾਲ ਸਭ ਤੋਂ ਜ਼ਿਆਦਾ ਝੜਦੇ ਹਨ। ਗਰਮੀਆਂ ਦੌਰਾਨ ਸਿਰ ’ਤੇ ਜ਼ਿਆਦਾ ਪਸੀਨਾ ਆਉਂਦਾ ਹੈ, ਜਿਸ ਨਾਲ ਸਿੱਕਰੀ ਪੈਦਾ ਹੋ ਸਕਦੀ ਹੈ। ਇਸ ਨਾਲ ਸਿਰ ਗੰਦਾ ਲਗਦਾ ਹੈ ਅਤੇ ਵਾਲਾਂ ਨੂੰ ਹਰ ਦਿਨ ਧੋਣ ਦੀ ਇੱਛਾ ਹੁੰਦੀ ਹੈ, ਪਰ ਇਹ ਸਹੀ ਨਹੀਂ ਹੈ। ਰੋਜ਼ ਵਾਲ ਧੋਣ ਨਾਲ ਵਾਲਾਂ ਦਾ ਕੁਦਰਤੀ ਤੇਲ ਖ਼ਤਮ ਹੋ ਜਾਂਦਾ ਹੈ, ਇਸ ਲਈ ਗਰਮੀਆਂ ਵਿਚ ਸਾਨੂੰ ਹਫ਼ਤੇ ਵਿਚ ਘੱਟ ਤੋਂ ਘੱਟ 2 ਤੋਂ 3 ਵਾਰ ਤੱਕ ਹੀ ਵਾਲ ਧੋਣੇ ਚਾਹੀਦੇ ਹਨ, ਤਾਂ ਕਿ ਵਾਲਾਂ ਵਿਚੋਂ ਗੰਦਗੀ ਸਾਫ਼ ਹੋ ਜਾਵੇ ਅਤੇ ਵਾਲ ਸੰਘਣੇ ਅਤੇ ਲੰਮੇ ਨਜ਼ਰ ਆਉਣ ਪਰ ਵਾਲਾਂ ਨੂੰ ਧੋਣ ਦੇ ਨਾਲ ਹੀ ਸੁਕਾਉਣ ਦਾ ਸਹੀ ਢੰਗ ਵੀ ਆਉਣਾ ਚਾਹੀਦਾ ਹੈ।

ਗਰਮੀਆਂ ਵਿਚ ਵਾਲ ਧੋਣ ਤੋਂ ਬਾਅਦ ਉਨ੍ਹਾਂ ਨੂੰ ਸੁਲਝਾਉਣ ਵਿਚ ਕਾਫ਼ੀ ਸਮੱਸਿਆ ਦਾ ਸਾਹਮਣਾ ਕਰਨਾ ਪੈਂਦਾ ਹੈ, ਜਿਸ ਦੀ ਵਜ ?ਹਾ ਕਰਕੇ ਅਕਸਰ ਵਾਲ ਦੋਮੂੰਹੇ ਹੋ ਜਾਂਦੇ ਹਨ। ਆਪਣੇ ਵਾਲਾਂ ਨੂੰ ਸੁੰਦਰ ਬਣਾਈ ਰੱਖਣ ਲਈ ਸਭ ਤੋਂ ਸਹੀ ਤਰੀਕਾ ਹੈ ਉਨ੍ਹਾਂ ਨੂੰ ਲਗਾਤਾਰ ਧੋਣਾ ਅਤੇ ਫਿਰ ਚੰਗੀ ਤਰ੍ਹਾਂ ਕੁਦਰਤੀ ਰੂਪ ਨਾਲ ਸੁਕਾਉਣਾ। ਇਹ ਗਰਮੀਆਂ ਵਿਚ ਨਮੀ ਨਾਲ ਵਾਲਾਂ ਨੂੰ ਹੋਣ ਵਾਲੇ ਨੁਕਸਾਨ ਨੂੰ ਘੱਟ ਕਰਦਾ ਹੈ। ਜ਼ਿਆਦਾਤਰ ਔਰਤਾਂ ਵਾਲਾਂ ਨੂੰ ਧੋਣ ਤੋਂ ਬਾਅਦ ਤੌਲੀਏ ਨਾਲ ਲਪੇਟ ਲੈਂਦੀਆਂ ਹਨ। ਕਦੀ ਵੀ ਗਿੱਲੇ ਵਾਲਾਂ ਨੂੰ ਨਹੀਂ ਬੰਨ੍ਹਣਾ ਚਾਹੀਦਾ। ਇਸ ਤਰ੍ਹਾਂ ਕਰਨ ਨਾਲ ਵਾਲ ਸੁੱਕ ਨਹੀਂ ਪਾਉਂਦੇ ਹਨ, ਜਿਸ ਨਾਲ ਵਾਲਾਂ ‘ਚੋਂ ਬਦਬੂ ਆਉਂਦੀ ਹੈ। ਇਸ ਦੇ ਨਾਲ-ਨਾਲ ਇਸ ਤਰ੍ਹਾਂ ਕਰਨ ਨਾਲ ਜੂੰਆਂ ਪੈਣ ਦੀ ਵੀ ਸੰਭਾਵਨਾ ਰਹਿੰਦੀ ਹੈ। ਕੁਝ ਲੋਕ ਵਾਲਾਂ ਨੂੰ ਬਹੁਤ ਦੇਰ ਤੱਕ ਤੌਲੀਏ ਨਾਲ ਰਗੜਦੇ ਰਹਿੰਦੇ ਹਨ ਜਿਸ ਨਾਲ ਵਾਲ ਟੁੱਟਦੇ ਹਨ ਅਤੇ ਖ਼ਰਾਬ ਹੁੰਦੇ ਹਨ। ਇਸ ਦੀ ਬਜਾਏ ਇਕ ਮਾਈਕ੍ਰੋਫਾਈਬਰ ਤੌਲੀਏ ਦੀ ਵਰਤੋ ਕਰੋ ਜੋ ਵਾਲਾਂ ਨੂੰ ਚੰਗੀ ਤਰ੍ਹਾਂ ਸੁਕਾਉਣ ਵਿਚ ਮਦਦ ਕਰੇਗਾ।

ਤੁਹਾਨੂੰ ਅਜੀਬ ਲੱਗ ਰਿਹਾ ਹੋਵੇਗਾ ਕਿ ਮੈਂ ਵਾਲਾਂ ਨੂੰ ਧੋਣ ਦੇ ਸਹੀ ਢੰਗ ਬਾਰੇ ਕਿਉਂ ਦੱਸ ਰਹੀ ਹਾਂ। ਇਸ ਵਿਚ ਕਿਹੜੀ ਵੱਡੀ ਗੱਲ ਹੈ। ਇਹ ਤਾਂ ਸਭ ਤੋਂ ਸੌਖਾ ਕੰਮ ਹੈ। ਤੁਸੀਂ ਜਿਸ ਤਰ੍ਹਾਂ ਆਪਣੇ ਵਾਲਾਂ ਨੂੰ ਧੋਂਦੇ ਹੋ, ਉਸ ਨਾਲ ਇਸ ਗੱਲ ‘ਤੇ ਬਹੁਤ ਅਸਰ ਪੈਂਦਾ ਹੈ ਕਿ ਤੁਹਾਡੇ ਵਾਲਾਂ ਲਈ ਉਹ ਚੰਗਾ ਹੈ ਜਾਂ ਬੁਰਾ?

ਕਿਸ ਤਰ੍ਹਾਂ ਧੋਣੇ ਚਾਹੀਦੇ ਵਾਲ : ਵਾਲਾਂ ਨੂੰ ਧੋਣ ਲਈ ਤੁਹਾਨੂੰ ਸਭ ਤੋਂ ਪਹਿਲਾਂ ਹੇਅਰ ਟਾਈਪ ਭਾਵ ਵਾਲਾਂ ਦੇ ਅਨੁਕੂਲ ਦੇ ਹਿਸਾਬ ਨਾਲ ਸ਼ੈਂਪੂ ਨੂੰ ਚੁਣਨਾ ਜ਼ਰੂਰੀ ਹੁੰਦਾ ਹੈ। ਸ਼ੈਂਪੂ ਲਈ ਤੁਸੀਂ ਹਮੇਸ਼ਾ ਹਲਕੇ ਜਾਂ ਦਰਮਿਆਨੇ ਕੁਆਲਟੀ ਦੀ ਚੋਣ ਕਰੋ।



ਇਸ ਤੋਂ ਬਾਅਦ ਵਾਲਾਂ ਨੂੰ ਸਹੀ ਢੰਗ ਨਾਲ ਧੋਣਾ ਜ਼ਰੂਰੀ ਹੁੰਦਾ ਹੈ, ਤਾਂ ਕਿ ਤੁਹਾਡੇ ਵਾਲ ਖ਼ੂਬਸੂਰਤ ਨਜ਼ਰ ਆਉਣ। ਹੇਅਰ ਟਾਈਪ ਲਈ ਦੱਸ ਦਈਏ ਕਿ ਤੇਲ ਪ੍ਰਭਾਵ ਵਾਲੇ ਵਾਲਾਂ ਨੂੰ ਹਫ਼ਤੇ ਵਿਚ 3 ਵਾਰ ਧੋਣਾ ਚਾਹੀਦਾ ਹੈ। ਸੁੱਕੇ ਵਾਲਾਂ ਨੂੰ ਤੁਸੀਂ ਹਫ਼ਤੇ ਵਿਚ ਸਿਰਫ਼ 2 ਵਾਰ ਹੀ ਧੋਵੋ। ਤੁਸੀਂ ਸ਼ੈਂਪੂ ਨੂੰ ਖੋਪੜੀ ’ਤੇ ਚੰਗੀ ਤਰ੍ਹਾਂ ਲਗਾਓ ਤਾਂ ਕਿ ਵਾਲਾਂ ਦੇ ਆਖ਼ਰੀ ਸਿਰੇ ਤੱਕ ਸਫ਼ਾਈ ਯਕੀਨੀ ਬਣਾਈ ਜਾ ਸਕੇ।

ਇਨ੍ਹਾਂ ਗੱਲਾਂ ਦਾ ਵੀ ਰੱਖੋ ਧਿਆਨ : ਵਾਲਾਂ ਨੂੰ ਧੋਣ ਲਈ ਤੁਸੀਂ ਹਮੇਸ਼ਾ ਹੱਥਾਂ ਦੇ ਹਲਕੇ ਦਬਾਅ ਦੀ ਵਰਤੋਂ ਕਰੋ।

ਫ਼ਰੀਜੀ ਵਾਲਾਂ ਲਈ ਉਪਾਅ : ਗਿੱਲੇ ਵਾਲਾਂ ’ਤੇ ਹੇਅਰ ਬੁਰਸ਼ ਜਾਂ ਕੰਘੀ ਦੀ ਵਰਤੋਂ ਕਰਨ ਤੋਂ ਬਚੋ। ਗਿੱਲੇ ਵਾਲਾਂ ‘ਤੇ ਤੁਸੀਂ ਖੁੱਲ੍ਹੇ ਦੰਦਾਂ ਵਾਲੀ ਕੰਘੀ ਦੀ ਵਰਤੋਂ ਕਰੋ। ਕੋਸ਼ਿਸ਼ ਕਰੋ ਕਿ ਤੁਸੀਂ ਵਾਲਾਂ ਨੂੰ ਕੁਦਰਤੀ ਢੰਗ ਨਾਲ ਸੁੱਕਣ ਦਿਓ।

ਵਾਲ ਧੋਣ ਤੋਂ ਪਹਿਲਾਂ ਇਹ ਕਰੋ : ਸਾਧਾਰਨ ਜਿਹੇ ਤੇਲ ਪ੍ਰਭਾਵ ਵਾਲੇ ਵਾਲਾਂ ਨੂੰ ਧੋਣ ਤੋਂ ਇਕ ਰਾਤ ਪਹਿਲਾਂ ਤੁਸੀਂ ਪੋਲੇ-ਪੋਲੇ ਹੱਥਾਂ ਨਾਲ ਵਾਲਾਂ ਨੂੰ ਤੇਲ ਲਗਾਓ। ਇਹ ਵਾਲਾਂ ਨੂੰ ਪੋਸ਼ਿਤ ਕਰਨ ਵਿਚ ਮਦਦ ਕਰੇਗਾ। ਇਸ ਤੋਂ ਇਲਾਵਾ ਸਧਾਰਨ ਤੋਂ ਸੁੱਕੇ ਵਾਲਾਂ ‘ਤੇ ਤੁਸੀਂ ਦਹੀਂ ਲਗਾ ਸਕਦੇ ਹੋ ਅਤੇ ਕਰੀਬ 30 ਮਿੰਟ ਤੱਕ ਵਾਲਾਂ ਵਿਚ ਦਹੀਂ ਲਗਾਉਣ ਤੋਂ ਬਾਅਦ ਇਨ੍ਹਾਂ ਨੂੰ ਪਾਣੀ ਨਾਲ ਧੋ ਲਓ। ਤੇਲ ਵਾਲੇ ਵਾਲਾਂ ਲਈ ਤੁਸੀਂ ਅੰਡੇ ਦਾ ਸਫ਼ੈਦ ਹਿੱਸਾ ਕੱਢ ਕੇ ਲਗਾ ਸਕਦੇ ਹੋ। ਦੱਸ ਦਈਏ ਕਿ ਇਹ ਵਾਲਾਂ ਨੂੰ ਡੀਪ ਕਲੀਨ ਕਰਨ ਵਿਚ ਮਦਦ ਕਰੇਗਾ। ਉਥੇ ਡ ?ਰਾਈ ਵਾਲਾਂ ‘ਤੇ ਤੁਸੀਂ ਅੰਡੇ ਦੇ ਪੀਲੇ ਹਿੱਸੇ ਨੂੰ ਕੱਢ ਕੇ ਲਗਾ ਸਕਦੇ ਹੋ। ਇਹ ਤੁਹਾਡੇ ਵਾਲਾਂ ਨੂੰ ਪੋਸ਼ਿਤ ਕਰਨ ਵਿਚ ਮਦਦ ਕਰੇਗਾ।






# ਅਧਿਐਨ ਕਰਨ ਦਾ ਕੋਈ ਆਦਰਸ਼ ਸਮਾਂ ਕਿਉਂ ਨਹੀਂ ਹੈ ਅਤੇ ਇਹ ਸਭ ਸਾਡੇ ਸਰੀਰ ਦੀ ਘੜੀ 'ਤੇ ਨਿਰਭਰ ਕਰਦਾ ਹੈ

**ਅਧਿਐਨ ਕਰਨ ਦਾ ਸਭ ਤੋਂ ਵਧੀਆ ਸਮਾਂ:** ਯਾਦ ਰੱਖਣ ਵਾਲੀਆਂ ਗੱਲਾਂ ਅਸੀਂ ਸਾਰੇ ਸਿਖਿਆਰਥੀਆਂ ਵਜੋਂ ਆਪਣੀ ਉਤਪਾਦਕਤਾ ਨੂੰ ਵਧਾਉਣਾ ਅਤੇ ਆਪਣੇ ਅਕਾਦਮਿਕ ਉਦੇਸ਼ਾਂ ਨੂੰ ਪੂਰਾ ਕਰਨਾ ਚਾਹੁੰਦੇ ਹਾਂ। ਸਾਡੇ ਅਧਿਐਨ ਸੈਸ਼ਨਾਂ ਦਾ ਸਮਾਂ ਇੱਕ ਮਹੱਤਵਪੂਰਨ ਮੁੱਦਾ ਹੈ ਜੋ ਗਿਆਨ ਪ੍ਰਾਪਤ ਕਰਨ ਅਤੇ ਯਾਦ ਰੱਖਣ ਦੀ ਸਾਡੀ ਸਮਰੱਥਾ 'ਤੇ ਮਹੱਤਵਪੂਰਣ ਪ੍ਰਭਾਵ ਪਾ ਸਕਦਾ ਹੈ। ਤੁਹਾਡੇ ਅਧਿਐਨ ਸੈਸ਼ਨਾਂ ਦਾ ਵੱਧ ਤੋਂ ਵੱਧ ਲਾਹਾ ਲੈਣ ਵਿੱਚ ਤੁਹਾਡੀ ਮਦਦ ਕਰਨ ਲਈ, ਅਸੀਂ ਇਸ ਬਲੌਗ ਵਿੱਚ ਅਨੁਭਵੀ ਡੇਟਾ ਅਤੇ ਮਦਦਗਾਰ ਸਲਾਹ ਦੇ ਆਧਾਰ 'ਤੇ ਅਧਿਐਨ ਕਰਨ ਲਈ ਦਿਨ ਦੇ ਸਰਵੋਤਮ ਸਮੇਂ ਬਾਰੇ ਚਰਚਾ ਕਰਾਂਗੇ। ਭਾਵੇਂ ਤੁਸੀਂ ਸਵੇਰ ਦੇ ਵਿਅਕਤੀ ਹੋ ਜਾਂ ਰਾਤ ਦਾ ਉੱਲੂ, ਇੱਥੇ ਹਰ ਕਿਸੇ ਲਈ ਕੁਝ ਨਾ ਕੁਝ ਹੈ। ਇਸ ਲਈ ਆਓ ਸ਼ੁਰੂ ਕਰੀਏ ਅਤੇ ਅਧਿਐਨ ਕਰਨ ਦੇ ਸਭ ਤੋਂ ਵਧੀਆ ਸਮੇਂ ਬਾਰੇ ਸਿੱਖੀਏ! ਕੀ ਅਧਿਐਨ ਕਰਨ ਦਾ ਸਭ ਤੋਂ ਵਧੀਆ ਸਮਾਂ ਹੈ? ਕ੍ਰੋਨੋਬਾਇਓਲੋਜੀ ਇੱਕ ਅਨੁਸ਼ਾਸਨ ਹੈ ਜੋ ਜਾਂਚ ਕਰਦਾ ਹੈ ਕਿ ਸਮਾਂ ਸਾਡੇ ਸਰੀਰਾਂ ਅਤੇ ਦਿਮਾਗਾਂ ਨੂੰ ਕਿਵੇਂ ਪ੍ਰਭਾਵਿਤ ਕਰਦਾ ਹੈ ਅਤੇ ਅਧਿਐਨ ਕਰਨ ਲਈ ਸਭ ਤੋਂ ਪ੍ਰਭਾਵਸ਼ਾਲੀ ਸਮਿਆਂ 'ਤੇ ਖੋਜ ਦੀ ਬੁਨਿਆਦ ਹੈ। ਜਦੋਂ ਅਸੀਂ ਖਾਸ ਕੰਮ ਕਰਨ ਲਈ ਤਿਆਰ ਹੁੰਦੇ ਹਾਂ, ਤਾਂ ਸਾਡੀ ਸਰਕੇਡੀਅਨ ਤਾਲ-ਮੁਢਲੇ ਤੌਰ 'ਤੇ, ਸਾਡੇ ਸਰੀਰ ਸਾਡੇ ਆਲੇ-ਦੁਆਲੇ ਅਤੇ ਹਾਰਮੋਨਾਂ 'ਤੇ ਪ੍ਰਤੀਕਿਰਿਆ ਕਰਦੇ ਹਨ, ਜੋ ਕਿ ਚੱਕਰਵਾਤੀ ਤਰੀਕੇ ਹਨ-ਇੱਕ ਮੁੱਖ ਪ੍ਰਭਾਵ ਪਾਉਂਦੇ ਹਨ। ਤੁਸੀਂ ਉਸ ਸਮੇਂ ਅਧਿਐਨ ਕਰਨ ਤੋਂ ਲਾਭ ਉਠਾ ਸਕਦੇ ਹੋ ਜਦੋਂ ਤੁਹਾਡਾ ਸਰੀਰ ਸਭ ਤੋਂ ਵਧੀਆ ਹੈ। ਵਿਗਿਆਨ ਅਨੁਸਾਰ ਤੁਹਾਨੂੰ ਕਿਸ ਸਮੇਂ ਪੜ੍ਹਨਾ ਚਾਹੀਦਾ ਹੈ? ਵਿਗਿਆਨੀਆਂ ਦੇ ਅਨੁਸਾਰ, ਅਧਿਐਨ ਕਰਨ ਦਾ ਸਭ ਤੋਂ ਵਧੀਆ ਸਮਾਂ ਸਵੇਰੇ 10:00 ਵਜੇ ਤੋਂ ਦੁਪਹਿਰ 2:00 ਵਜੇ ਅਤੇ ਸ਼ਾਮ 4:00 ਵਜੇ ਤੋਂ ਰਾਤ 10:00 ਵਜੇ ਦੇ ਵਿਚਕਾਰ ਹੈ। ਅਧਿਐਨ ਕਰਨ ਦਾ ਸਭ ਤੋਂ ਭੈੜਾ ਸਮਾਂ ਸਵੇਰੇ 4:00 ਵਜੇ ਤੋਂ ਸਵੇਰੇ 7:00 ਵਜੇ ਤੱਕ ਹੁੰਦਾ ਹੈ, ਇਸ ਲਈ ਜੇਕਰ ਤੁਸੀਂ ਪੜ੍ਹਾਈ ਦੌਰਾਨ ਹੋਰ ਡਿਊਟੀਆਂ ਨੂੰ ਸੰਤੁਲਿਤ ਕਰ ਰਹੇ ਹੋ, ਤਾਂ ਦਿਨ ਵਿੱਚ ਪਹਿਲਾਂ ਦੀ ਬਜਾਏ ਰਾਤ ਨੂੰ ਅਧਿਐਨ ਕਰਨਾ ਸਭ ਤੋਂ ਵਧੀਆ ਹੋ ਸਕਦਾ ਹੈ। ਨੌਜਵਾਨ ਬਾਲਗ ਇਸ ਦਿਸ਼ਾ-ਨਿਰਦੇਸ਼ ਲਈ ਥੋੜ੍ਹਾ ਜਿਹਾ ਅਪਵਾਦ ਹੋ ਸਕਦੇ ਹਨ। ਇਹ ਯਾਦ ਰੱਖਣਾ ਜ਼ਰੂਰੀ ਹੈ। ਅਧਿਐਨਾਂ ਦੇ ਅਨੁਸਾਰ, 14 ਤੋਂ 24 ਸਾਲ ਦੀ ਉਮਰ ਦੇ ਨੌਜਵਾਨ ਬਾਲਗਾਂ ਵਿੱਚ ਲਗਭਗ 2-3 ਘੰਟਿਆਂ ਵਿੱਚ ਛੋਟੇ ਬੱਚਿਆਂ ਜਾਂ ਪਰਿਪੱਕ ਬਾਲਗਾਂ ਦੇ ਪਿੱਛੇ ਸਰਕੇਡੀਅਨ ਲੈਅ ਹੁੰਦੀ ਹੈ। ਇਸ ਉਮਰ ਬ੍ਰੈਕੇਟ ਵਿੱਚ, ਅਧਿਐਨ ਕਰਨ ਦਾ ਸਭ ਤੋਂ ਵਧੀਆ ਸਮਾਂ ਥੋੜੇ ਸਮੇਂ ਬਾਅਦ ਹੋ ਸਕਦਾ ਹੈ। ਦਿਨ ਦਾ ਸਮਾਂ ਵਿਦਿਆਰਥੀਆਂ ਦੇ ਦਿਮਾਗ ਨੂੰ ਕਿਵੇਂ ਪ੍ਰਭਾਵਿਤ ਕਰਦਾ ਹੈ ਦਿਨ ਦਾ ਸਮਾਂ ਸਧਾਰਨ ਤਰੀਕਿਆਂ ਨਾਲ ਵਿਦਿਆਰਥੀਆਂ ਦੇ ਦਿਮਾਗ ਨੂੰ ਪ੍ਰਭਾਵਿਤ ਕਰ ਸਕਦਾ ਹੈ। ਸਵੇਰ ਦੇ ਸਮੇਂ, ਵਿਦਿਆਰਥੀ ਆਮ ਤੌਰ 'ਤੇ ਵਧੇਰੇ ਸੁਚੇਤ ਅਤੇ ਫੋਕਸ ਹੁੰਦੇ ਹਨ, ਇਸ ਨੂੰ ਸਿੱਖਣ ਲਈ ਵਧੀਆ ਸਮਾਂ ਬਣਾਉਂਦੇ ਹਨ। ਦੁਪਹਿਰ ਵਿੱਚ, ਊਰਜਾ ਅਤੇ ਇਕਾਗਰਤਾ ਵਿੱਚ ਕਮੀ ਹੋ ਸਕਦੀ ਹੈ, ਜਿਸ ਨਾਲ ਧਿਆਨ ਕੇਂਦਰਿਤ ਕਰਨਾ ਔਖਾ ਹੋ ਜਾਂਦਾ ਹੈ। ਸ਼ਾਮ ਨੂੰ, ਕੁਝ ਵਿਦਿਆਰਥੀ ਸਮੱਸਿਆ ਨੂੰ ਹੱਲ ਕਰਨ ਵਿੱਚ ਵਧੇਰੇ ਰਚਨਾਤਮਕ ਅਤੇ ਬਿਹਤਰ ਮਹਿਸੂਸ ਕਰ ਸਕਦੇ ਹਨ। ਸਿੱਖਣ ਅਤੇ ਪ੍ਰਦਰਸ਼ਨ ਲਈ ਅਧਿਐਨ ਜਾਂ ਕੰਮ ਦੀ ਸਮਾਂ-ਸਾਰਣੀ ਦੀ ਯੋਜਨਾ ਬਣਾਉਣ ਵੇਲੇ ਇਹਨਾਂ ਪੈਟਰਨਾਂ 'ਤੇ ਵਿਚਾਰ ਕਰਨਾ ਮਹੱਤਵਪੂਰਨ ਹੈ। ਤੁਹਾਨੂੰ ਕਦੋਂ ਅਧਿਐਨ ਕਰਨਾ ਚਾਹੀਦਾ ਹੈ? ਰਾਤ ਜਾਂ ਦਿਨ? ਅਧਿਐਨ ਕਰਨ ਲਈ ਸਭ ਤੋਂ ਵਧੀਆ ਸਮਾਂ ਵਰਗੀ ਕੋਈ ਚੀਜ਼ ਨਹੀਂ ਹੈ; ਇਹ ਵਿਅਕਤੀ ਤੋਂ ਦੂਜੇ ਵਿਅਕਤੀ ਵਿੱਚ ਵੱਖਰਾ ਹੁੰਦਾ ਹੈ ਜਦੋਂ ਉਹ ਵਧੇਰੇ ਉਤਪਾਦਕ ਹੋ ਸਕਦੇ ਹਨ, ਸਭ ਤੋਂ ਵੱਧ ਊਰਜਾ ਰੱਖਦੇ ਹਨ, ਆਪਣੇ ਆਲੇ ਦੁਆਲੇ ਨੂੰ ਜਾਣਦੇ ਹਨ, ਆਦਿ। ਕੁਝ ਜਲਦੀ ਉੱਠਣ ਵਾਲੇ ਹੁੰਦੇ ਹਨ, ਅਤੇ ਕੁਝ ਰਾਤ ਦੇ ਉੱਲੂ ਹੁੰਦੇ ਹਨ; ਇਸ 'ਤੇ ਨਿਰਭਰ ਕਰਦੇ ਹੋਏ, ਸਾਡੇ ਕੋਲ ਉਸ ਸਮੇਂ ਅਧਿਐਨ ਕਰਨ ਦੇ ਲਾਭਾਂ ਦਾ ਇੱਕ ਟੁੱਟਣਾ ਹੈ। ਦਿਨ ਵੇਲੇ ਅਧਿਐਨ ਕਰਨ ਦੇ ਲਾਭ ਬਹੁਤੇ ਲੋਕ ਸੋਚਣਗੇ ਕਿ ਸਵੇਰ ਦਾ ਸਮਾਂ ਅਧਿਐਨ ਕਰਨ ਦਾ ਸਭ ਤੋਂ ਵਧੀਆ ਸਮਾਂ ਹੈ, ਕਿਉਂਕਿ ਰਾਤ ਦੀ ਸੁਹਾਵਣੀ ਨੀਂਦ ਅਤੇ ਨਾਸ਼ਤੇ ਤੋਂ ਬਾਅਦ ਸਾਡੇ ਦਿਮਾਗ ਸਵੇਰੇ ਸਭ ਤੋਂ ਤੇਜ਼ ਹੁੰਦੇ ਹਨ। ਤੁਹਾਡੀਆਂ ਅੱਖਾਂ ਨੂੰ ਉਪਲਬਧ ਕੁਦਰਤੀ ਰੌਸ਼ਨੀ ਤੋਂ ਲਾਭ ਹੋਵੇਗਾ, ਜੋ ਤੁਹਾਨੂੰ ਜਾਗਦੇ ਰਹਿਣ ਵਿੱਚ ਮਦਦ ਕਰਦਾ ਹੈ। ਕਿਉਂਕਿ ਸਵੇਰ ਤੁਹਾਡੀ ਯਾਦਦਾਸ਼ਤ ਨੂੰ ਬਿਹਤਰ ਬਣਾਉਂਦੀ ਹੈ, ਇਹ ਸਮਾਂ ਇੱਕ ਨਵੇਂ ਵਿਸ਼ੇ ਦਾ ਅਧਿਐਨ ਕਰਨ ਲਈ ਪਾਠ ਪੁਸਤਕ ਖੋਲ੍ਹਣ ਜਾਂ ਪਿਛਲੇ ਦਿਨ ਦੇ ਆਪਣੇ ਲੈਕਚਰਾਰ ਦੇ ਨੋਟਸ ਦੀ ਸਮੀਖਿਆ ਕਰਨ ਲਈ ਬਹੁਤ ਵਧੀਆ ਹੈ। ਰਾਤ ਦੇ ਸਮੇਂ ਅਧਿਐਨ ਕਰਨ ਦੇ ਲਾਭ ਬਾਅਦ ਵਿੱਚ, ਕੁਝ ਵਿਦਿਆਰਥੀਆਂ ਵਿੱਚ ਵਧੇਰੇ ਊਰਜਾ ਹੁੰਦੀ ਹੈ। ਨਤੀਜੇ ਵਜੋਂ, ਸ਼ਾਮ ਜਾਂ ਰਾਤ ਨੂੰ ਉਨ੍ਹਾਂ ਲਈ ਪੜ੍ਹਨਾ ਅਤੇ ਅਧਿਐਨ ਕਰਨਾ



ਵਿਜੈ ਗਰਗ ਸਾਬਕਾ
ਪੀ.ਈ..ਐਸ. - 1
ਸੇਵਾਮੁਕਤ ਪ੍ਰਿੰਸਪਲ

ਵਧੇਰੇ ਲਾਭਕਾਰੀ ਹੁੰਦਾ ਹੈ। ਇਹ ਅਧਿਐਨ ਕਰਨ ਦਾ ਸਭ ਤੋਂ ਵਧੀਆ ਸਮਾਂ ਹੈ ਕਿਉਂਕਿ ਇੱਥੇ ਘੱਟ ਭਟਕਣਾਵਾਂ ਹਨ, ਅਤੇ ਹਰ ਕੋਈ ਹੁਣ ਬਿਸਤਰੇ 'ਤੇ ਹੈ। ਅਧਿਐਨ ਕਰਨਾ ਤੁਹਾਡੇ ਫੋਕਸ ਅਤੇ ਰਚਨਾਤਮਕਤਾ ਨੂੰ ਵਧਾਉਣ ਵਿੱਚ ਵੀ ਮਦਦ ਕਰਦਾ ਹੈ। ਅਧਿਐਨ ਕਰਨ ਤੋਂ ਬਾਅਦ, ਕੁਝ ਦਾਅਵਾ ਕਰਦੇ ਹਨ ਕਿ ਥੋੜ੍ਹੀ ਨੀਂਦ ਲੈਣ ਨਾਲ ਤੁਸੀਂ ਜੋ ਸਿੱਖਿਆ ਹੈ ਉਸ ਨੂੰ ਬਰਕਰਾਰ ਰੱਖਣ ਵਿੱਚ ਤੁਹਾਡੀ ਮਦਦ ਕਰੇਗੀ। ਤੁਹਾਨੂੰ ਯਕੀਨੀ ਬਣਾਉਣਾਅਜੇ ਵੀ ਹਰ ਰਾਤ ਔਸਤਨ 8 ਤੋਂ 9 ਘੰਟੇ ਦੀ ਨੀਂਦ ਲੈ ਰਹੇ ਹਨ, ਹਾਲਾਂਕਿ, ਧਿਆਨ ਵਿੱਚ ਰੱਖਣ ਵਾਲੀ ਇੱਕ ਗੱਲ ਹੈ। ਅਧਿਐਨ ਕਰਨ ਲਈ ਸਭ ਤੋਂ ਵਧੀਆ ਸਮਾਂ ਕਿਵੇਂ ਲੱਭਣਾ ਹੈ? ਇਹ ਕਹਿਣ ਤੋਂ ਬਾਅਦ, ਵੱਖੋ-ਵੱਖਰੇ ਵਿਦਿਆਰਥੀਆਂ ਲਈ ਅਧਿਐਨ ਕਰਨ ਲਈ ਵੱਖ-ਵੱਖ ਅਧਿਐਨ ਕਾਰਜਕ੍ਰਮ ਸਭ ਤੋਂ ਵਧੀਆ ਸਮਾਂ ਹੋ ਸਕਦਾ ਹੈ। ਜੇਕਰ ਤੁਸੀਂ ਹੇਠਾਂ ਦਿੱਤੇ ਤੱਤਾਂ ਨੂੰ ਧਿਆਨ ਵਿੱਚ ਰੱਖਦੇ ਹੋ, ਤਾਂ ਤੁਸੀਂ ਇਹ ਨਿਰਧਾਰਤ ਕਰ ਸਕਦੇ ਹੋ ਕਿ ਤੁਸੀਂ ਸਭ ਤੋਂ ਵਧੀਆ ਕਦੋਂ ਸਿੱਖੋਗੇ। ਪਹਿਲਾਂ, ਤੁਸੀਂ ਆਪਣੀ ਤਿੱਖੀ ਸਥਿਤੀ 'ਤੇ ਕਦੋਂ ਹੋ? ਇਸ ਗੱਲ 'ਤੇ ਗੌਰ ਕਰੋ ਕਿ ਵੱਖ-ਵੱਖ ਲੋਕ ਦਿਨ ਦੇ ਵੱਖ-ਵੱਖ ਸਮਿਆਂ 'ਤੇ ਬਿਹਤਰ ਯਾਦਾਂ ਅਤੇ ਸੁਚੇਤਤਾ ਰੱਖਦੇ ਹਨ। ਉਦਾਹਰਨ ਲਈ, ਤੁਹਾਡੀ ਵਿਜ਼ੂਅਲ ਮੈਮੋਰੀ ਸਵੇਰ ਵੇਲੇ ਵੱਧ ਹੋ ਸਕਦੀ ਹੈ, ਪਰ ਆਲੋਚਨਾਤਮਕ ਵਿਚਾਰ ਲਈ ਤੁਹਾਡੀ ਸਮਰੱਥਾ ਦੁਪਹਿਰ ਵਿੱਚ ਸਭ ਤੋਂ ਵੱਧ ਹੁੰਦੀ ਹੈ। ਦੂਜਾ, ਜੇਕਰ ਤੁਹਾਡਾ ਪਸੰਦੀਦਾ ਸਮਾਂ ਰੁਕਾਵਟਾਂ, ਜਿਵੇਂ ਕਿ ਰਾਤ ਦੇ ਖਾਣੇ ਦਾ ਸਮਾਂ, ਜੋ ਤੁਹਾਡੇ ਪੈਟਰਨ ਨੂੰ ਵਿਗਾੜ ਸਕਦਾ ਹੈ, ਤਾਂ ਕੋਈ ਹੋਰ ਸਮਾਂ ਚੁਣਨਾ ਆਦਰਸ਼ ਹੈ। ਅੱਗੇ, ਉਹ ਸਮਾਂ ਚੁਣੋ ਜਿਸ ਦੀ ਤੁਸੀਂ ਲਗਾਤਾਰ ਪਾਲਣਾ ਕਰ ਸਕਦੇ ਹੋ, ਘੱਟੋ-ਘੱਟ ਹਰ ਹਫ਼ਤੇ ਕੁਝ ਦਿਨਾਂ ਲਈ, ਕਿਉਂਕਿ ਇਕਸਾਰਤਾ ਲਾਭਦਾਇਕ ਹੈ। ਨਾਲ ਹੀ, ਆਪਣੇ ਮਨ ਨੂੰ ਤਰੋਤਾਜ਼ਾ ਕਰਨ ਲਈ ਬ੍ਰੇਕ ਲੈਣਾ ਨਾ ਭੁੱਲੋ।

**ਅਧਿਐਨ ਕਰਨ ਦਾ ਸਭ ਤੋਂ ਵਧੀਆ ਸਮਾਂ:** ਯਾਦ ਰੱਖਣ ਵਾਲੀਆਂ ਗੱਲਾਂ ਇਹਨਾਂ ਨੁਕਤਿਆਂ ਨੂੰ ਧਿਆਨ ਵਿੱਚ ਰੱਖ ਕੇ, ਤੁਸੀਂ ਆਪਣੇ ਅਧਿਐਨ ਸੈਸ਼ਨਾਂ ਦੀ ਵਧੇਰੇ ਪ੍ਰਭਾਵਸ਼ਾਲੀ ਢੰਗ ਨਾਲ ਯੋਜਨਾ ਬਣਾ ਸਕਦੇ ਹੋ ਅਤੇ ਆਪਣੇ ਸਿੱਖਣ ਦੇ ਸਮੇਂ ਦਾ ਵੱਧ ਤੋਂ ਵੱਧ ਲਾਭ ਉਠਾ ਸਕਦੇ ਹੋ।

**ਸਵੇਰ ਦਾ ਫੋਕਸ:** ਬਹੁਤ ਸਾਰੇ ਵਿਦਿਆਰਥੀਆਂ ਨੂੰ ਸਵੇਰ ਦਾ ਅਧਿਐਨ ਕਰਨਾ ਲਾਭਦਾਇਕ ਲੱਗਦਾ ਹੈ ਜਦੋਂ ਉਹ ਵਧੇਰੇ ਚੌਕਸ ਅਤੇ ਫੋਕਸ ਹੁੰਦੇ ਹਨ। ਦੁਪਹਿਰ ਤੋਂ ਬਚੋ: ਦੁਪਹਿਰ ਦੇ ਦੌਰਾਨ, ਊਰਜਾ ਅਤੇ ਇਕਾਗਰਤਾ ਦਾ ਪੱਧਰ ਘੱਟ ਸਕਦਾ ਹੈ, ਜਿਸ ਨਾਲ ਪ੍ਰਭਾਵਸ਼ਾਲੀ ਢੰਗ ਨਾਲ ਅਧਿਐਨ ਕਰਨਾ ਔਖਾ ਹੋ ਜਾਂਦਾ ਹੈ। ਆਪਣੇ ਮਨ ਨੂੰ ਤਰੋਤਾਜ਼ਾ ਕਰਨ ਲਈ ਥੋੜ੍ਹੇ ਜਿਹੇ ਬ੍ਰੇਕ ਲਓ ਜਾਂ ਹਲਕੀ ਸਰੀਰਕ ਗਤੀਵਿਧੀ ਵਿੱਚ ਸ਼ਾਮਲ ਹੋਵੋ। ਸ਼ਾਮ ਦੀ ਰਚਨਾਤਮਕਤਾ: ਕੁਝ ਵਿਦਿਆਰਥੀ ਸ਼ਾਮ ਨੂੰ ਵਧੀ ਹੋਈ ਰਚਨਾਤਮਕਤਾ ਅਤੇ ਸਮੱਸਿਆ ਹੱਲ ਕਰਨ ਦੇ ਹੁਨਰ ਦਾ ਅਨੁਭਵ ਕਰਦੇ ਹਨ। ਇਸ ਸਮੇਂ ਦੀ ਵਰਤੋਂ ਰਚਨਾਤਮਕ ਕੰਮਾਂ ਜਾਂ ਸਵੈ-ਜਾਂਚ ਲਈ ਕਰੋ। ਆਪਣਾ ਸਿਖਰ ਸਮਾਂ ਲੱਭੋ: ਅਧਿਐਨ ਕਰਨ ਲਈ ਆਪਣੇ ਸਿਖਰ ਦੇ ਸਮੇਂ ਦਾ ਫੈਸਲਾ ਕਰਨ ਲਈ ਆਪਣੇ ਸਰੀਰ ਅਤੇ ਦਿਮਾਗ ਦੇ ਪੈਟਰਨਾਂ 'ਤੇ ਧਿਆਨ ਦਿਓ। ਹਰ ਕੋਈ ਵੱਖਰਾ ਹੁੰਦਾ ਹੈ, ਇਸ ਲਈ ਉਹ ਸਮਾਂ ਲੱਭੋ ਜੋ ਤੁਹਾਡੇ ਲਈ ਸਭ ਤੋਂ ਵਧੀਆ ਹੋਵੇ। ਪਲਾਨ ਬਰੇਕ: ਬਰਨਆਉਟ ਨੂੰ ਕੰਟਰੋਲ ਕਰਨ ਅਤੇ ਫੋਕਸ ਬਣਾਈ ਰੱਖਣ ਲਈ ਆਪਣੇ ਅਧਿਐਨ ਰੁਟੀਨ ਵਿੱਚ ਛੋਟੇ ਬ੍ਰੇਕ ਸ਼ਾਮਲ ਕਰੋ। ਸਰਕੇਡੀਅਨ ਰਿਦਮਜ਼ 'ਤੇ ਗੌਰ ਕਰੋ: ਯਾਦ ਰੱਖੋ ਕਿ ਸਾਡੇ ਸਰੀਰ ਵਿੱਚ ਕੁਦਰਤੀ ਤਾਲਾਂ ਹਨ, ਇਸ ਲਈ ਸਰਵੋਤਮ ਉਤਪਾਦਕਤਾ ਲਈ ਆਪਣੇ ਅਧਿਐਨ ਅਨੁਸੂਚੀ ਨੂੰ ਆਪਣੀ ਨਿੱਜੀ ਸਰਕੇਡੀਅਨ ਲੈਅ ਨਾਲ ਇਕਸਾਰ ਕਰਨ ਦੀ ਕੋਸ਼ਿਸ਼ ਕਰੋ।

**ਚੰਗੀ ਨੀਂਦ:** ਚੰਗੀ ਨੀਂਦ ਦੀਆਂ ਆਦਤਾਂ ਨੂੰ ਤਰਜੀਹ ਦਿਓ ਕਿਉਂਕਿ ਇਹ ਸਿੱਧੇ ਤੌਰ 'ਤੇ ਬੋਧਾਤਮਕ ਕੰਮਕਾਜ ਅਤੇ ਯਾਦਦਾਸ਼ਤ ਨੂੰ ਪ੍ਰਭਾਵਤ ਕਰਦੀ ਹੈ। ਇਹ ਸੁਨਿਸ਼ਚਿਤ ਕਰੋ ਕਿ ਤੁਹਾਡੀ ਸਿਖਲਾਈ ਦਾ ਸਮਰਥਨ ਕਰਨ ਲਈ ਤੁਹਾਡੇ ਕੋਲ ਕਾਫ਼ੀ ਆਰਾਮਦਾਇਕ ਨੀਂਦ ਹੈ। ਹਾਈਡਰੇਟਿਡ ਅਤੇ ਪੋਸ਼ਣ ਵਾਲੇ ਰਹੋ: ਦਿਮਾਗ ਦੇ ਅਨੁਕੂਲ ਕਾਰਜ ਲਈ ਸਹੀ ਹਾਈਡਰੇਸ਼ਨ ਅਤੇ ਪੋਸ਼ਣ ਜ਼ਰੂਰੀ ਹਨ। ਆਪਣੇ ਅਧਿਐਨ ਸੈਸ਼ਨਾਂ ਨੂੰ ਵਧਾਉਣ ਲਈ ਪਾਣੀ ਪੀਓ ਅਤੇ ਪੌਸ਼ਟਿਕ ਭੋਜਨ ਖਾਓ। ਸਾਡੇ ਸਿੱਖਣ ਅਤੇ ਆਉਟਪੁੱਟ ਨੂੰ ਵੱਧ ਤੋਂ ਵੱਧ ਕਰਨ ਲਈ ਆਦਰਸ਼ ਅਧਿਐਨ ਦੀ ਮਿਆਦ ਦਾ ਪਤਾ ਲਗਾਉਣਾ ਜ਼ਰੂਰੀ ਹੈ। ਕੋਈ ਵੀ ਹੱਲ ਹਰ ਕਿਸੇ ਲਈ ਕੰਮ ਨਹੀਂ ਕਰਦਾ, ਪਰ ਅਸੀਂ ਅਧਿਐਨ ਕਰਨ ਲਈ ਸਭ ਤੋਂ ਵਧੀਆ ਸਮਾਂ ਚੁਣਨ ਲਈ ਇਸ ਬਲੌਗ ਵਿੱਚ ਸਾਂਝੇ ਕੀਤੇ ਗਿਆਨ ਅਤੇ ਸਲਾਹ ਦੀ ਵਰਤੋਂ ਕਰ ਸਕਦੇ ਹਾਂ। ਕਈ ਤਰੀਕੇ ਹਨ ਜੋ ਅਸੀਂ ਸਿੱਖਣ ਦੀ ਸਾਡੀ ਸਮਰੱਥਾ ਨੂੰ ਵਧਾ ਸਕਦੇ ਹਾਂ, ਸਾਡੀ ਸਰਕੇਡੀਅਨ ਤਾਲਾਂ ਨੂੰ ਸਮਝਣ ਤੋਂ ਲੈ ਕੇ ਇੱਕ ਨਿਯਮਤ ਅਧਿਐਨ ਯੋਜਨਾ ਸਥਾਪਤ ਕਰਨ ਤੱਕ। ਇਹ ਯਾਦ ਰੱਖਣਾ ਵੀ ਮਹੱਤਵਪੂਰਨ ਹੈ ਕਿ ਸਾਡੀਆਂ ਜ਼ਿੰਦਗੀਆਂ ਅਤੇ ਨਿੱਜੀ ਸਵਾਦ ਸਾਡੇ ਅਧਿਐਨ ਨੂੰ ਪ੍ਰਭਾਵਿਤ ਕਰਦੇ ਹਨ, ਇਸ ਲਈ ਸਾਨੂੰ ਇਹ ਦੇਖਣ ਲਈ ਪ੍ਰਯੋਗ ਕਰਨਾ ਚਾਹੀਦਾ ਹੈ ਕਿ ਸਾਡੇ ਲਈ ਕਿਹੜੀਆਂ ਵਿਧੀਆਂ ਸਭ ਤੋਂ ਵਧੀਆ ਕੰਮ ਕਰਦੀਆਂ ਹਨ। ਅਸੀਂ ਆਪਣੇ ਅਧਿਐਨ ਦੇ ਸਮੇਂ ਨੂੰ ਤਰਜੀਹ ਦੇ ਕੇ ਅਤੇ ਇਹਨਾਂ ਤਕਨੀਕਾਂ ਦੀ ਵਰਤੋਂ ਕਰਕੇ ਆਪਣੇ ਅਕਾਦਮਿਕ ਉਦੇਸ਼ਾਂ ਨੂੰ ਪ੍ਰਾਪਤ ਕਰ ਸਕਦੇ ਹਾਂ ਅਤੇ ਆਪਣੀਆਂ ਸਿੱਖਣ ਯਾਤਰਾਵਾਂ ਵਿੱਚ ਸਫਲ ਹੋ ਸਕਦੇ ਹਾਂ।

# ਮਹਾਨਤਾ ਗੁਰੂ ਕੇ ਲੰਗਰ ਦੀ !

ਮੇਰੇ ਮਾਂ ਬਾਪ ਹਰ ਸਾਲ ਅਨੰਦਪੁਰ ਸਾਹਿਬ ਹੋਲੇ ਮਹੱਲੇ ਤੇ ਜਾਂਦੇ ਹੁੰਦੇ ਸਨ। ਉਦੋਂ ਇੰਨੀ ਭੀੜ ਨਹੀ ਸੀ ਹੁੰਦੀ । ਬੱਸਾਂ ਤੇ ਜਾਣਾ ਜਾਂ ਬਹੁਤੇ ਲੋਕ ਗੱਡਿਆਂ ਤੇ ਜਾਂ ਤੁਰ ਕੇ ਸਾਇਕਲਾਂ ਤੇ ਜਾਂਦੇ ਹੁੰਦੇ ਸੀ। ਮੇਰੀ ਮਾਂ ਨੂੰ ਸਾਰੇ ਗੁਰਦੁਆਰਿਆਂ ਦਾ ਪਤਾ ਹੋਣ ਕਰਕੇ ਉਹ ਯਾਤਰੂ ਜਥੇ ਦੀ ਆਗੂ ਬਣਦੀ ਹੁੰਦੀ ਸੀ। ਇੱਕ ਵਾਰ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੇ ਗੁਰਦੁਆਰੇ ਵਿਖੇ ਮੱਕੀ ਦੀ ਰੋਟੀ ਤੇ ਨਾਲ ਦਾਲ ਦਾ ਲੰਗਰ ਚੱਲ ਰਿਹਾ ਸੀ। ਮੇਰੀ ਮਾਂ ਕਹਿੰਦੀ ਇੱਥੇ ਛੱਡੋ ਅੱਗੇ ਕੇਸਗੜ੍ਹ ਸਾਹਬ ਜਾ ਕੇ ਛਕਾਂਗੇ। ਮਤਲਬ ਉਹਨੂੰ ਲੰਗਰ ਪਸੰਦ ਨ ਆਇਆ। ਫੇਰ ਸਾਰਾ ਦਿਨ ਜਿੱਥੇ ਜਾਈਏ ਧੱਕੇ ਪੈਣ। ਕਿਤਿਉਂ ਵੀ ਲੰਗਰ ਨ ਮਿਲਿਆ। ਆਖਰ ਮੁੜ ਉਸੇ ਗੁਰੂ ਘਰ ਆ ਕੇ ਸਾਰਿਆਂ ਨੇ ਅਰਦਾਸ ਕੀਤੀ ਕਿ ਹੇ ਪਾਤਸ਼ਾਹ! ਸਵੇਰੇ ਤੇਰੇ ਲੰਗਰ ਨੂੰ ਨਿਕਾਰਿਆ ਤੇ ਤੂੰ ਸਾਨੂੰ ਨਿਕਾਰ ਦਿੱਤਾ। ਖਿਮਾਂ ਕਰ ਤੇ ਸਾਡੀ ਭੁੱਲ ਬਖਸ਼ ਦੇ। ਮੈਨੂੰ ਹਾਲੇ ਤੱਕ ਉਹ ਥਾਂ ਯਾਦ ਹੈ ਜਿੱਥੇ ਬਹਿ ਕੇ ਅਸੀਂ ਲੰਗਰ ਛਕਿਆ ਸੀ! ਉਸ ਤੋਂ ਬਾਅਦ ਅੱਜ ਤੱਕ ਸਾਰੀ ਉਮਰ ਲੰਗਰ ਨੂੰ ਗੁਰੂ-ਬਖਸ਼ਿਸ਼ ਸਮਝਦਾ ਆ ਰਿਹਾ ਹਾਂ!!

28 ਕੁ ਸਾਲ ਪੁਰਾਣੀ ਗੱਲ ਹੈ ਜਦੋਂ ਅਸੀਂ ਕੈਨੇਡਿਉਂ ਕਾਰਾਂ ਵਿੱਚ ਅਮਰੀਕਾ ਘੁੰਮਣ ਫਿਰਨ ਗਏ। ਉਦੋਂ GPS ਨਹੀ ਸੀ ਹੁੰਦੇ ਤੇ



-ਸੁਰਜੀਤ ਸਿੰਘ ਕੈਨੇਡਾ
1-604-618-1799

ਕਿਤਿਉਂ ਵੈਸ਼ਨੋ ਖਾਣਾ ਨ ਮਿਲੇ ਤੇ ਸੋਚਿਆ ਕੋਈ ਗੁਰਦੁਆਰਾ ਲੱਭੀਏ। ਲੱਭਦੇ ਲਭਾਉਂਦੇ ਜਦੋਂ ਅਸੀਂ ਇੱਕ ਗੁਰਦੁਆਰੇ ਗਏ ਤਾਂ ਉੱਥੋਂ ਸਾਰੀ ਸੰਗਤ ਜਾ ਚੁੱਕੀ ਸੀ। ਪੰਜਾਬ ਤੋ ਆਏ ਕੀਰਤਨੀਏ ਸਨ ਜਿੰਨਾ ਦਰਵਾਜਾ ਖੋਲਿਆ ਤੇ ਸਾਨੂੰ ਅੰਦਰ ਲੈ ਕੇ ਗਏ। ਲੰਗਰ ਵਿੱਚ ਸਮਾਪਤੀ ਉਪਰੰਤ ਸਾਰੇ ਕੁਝ ਦੀ ਸਫ਼ਾਈ ਕਰ ਦਿੱਤੀ ਗਈ ਸੀ। ਉਨ੍ਹਾਂ ਸਾਨੂੰ ਕਿਸੇ ਨੂੰ ਵੀ (ਮੇਰੀ ਘਰ ਵਾਲੀ ਤੇ ਹੋਰ ਬੀਬੀ) ਨੂੰ ਹੱਥ ਨੀ ਲਾਉਣ ਦਿੱਤਾ। ਖੁਦ ਹੀ ਪਰਸ਼ਾਦੇ ਤਿਆਰ ਕੀਤੇ ਤੇ ਦਾਲ ਨੂੰ ਤੁੜਕਾ ਲਾਇਆ। ਇੰਨਾ ਪਿਆਰ ਤੇ ਸਤਿਕਾਰ ਨਾਲ ਲੰਗਰ ਦਾ ਪਰਸ਼ਾਦਾ ਮਿਲਣਾ ਗੁਰੂ ਦੀਆਂ ਬਖ਼ਸ਼ੀਸ਼ਾਂ ਹੀ ਸਨ।

ਇੰਜ ਹੀ ਤਕਰਬੀਨ 43 ਕੁ ਸਾਲ ਪਹਿਲਾਂ ਅਸੀਂ ਵੈਨਕੋਵਰ ਨੂੰ ਜਾ ਰਹੇ ਸੀ ਤੇ ਸਾਡੀ ਕਾਰ ਰਾਹ ਚ ਖਰਾਬ ਹੋਣ ਕਰਕੇ ਰਾਤ ਪੈ ਗਈ। ਅਸੀਂ ਗੋਲਡਨ ਗੁਰੂ-ਘਰ ਪਰਸ਼ਾਦਾ ਛਕਣ ਗਏ। ਉੱਥੇ ਪੰਜਾਬ ਤੋਂ ਆਇਆ ਹੋਇਆ ਇੱਕ ਗ੍ਰੰਥੀ ਸਿੰਘ ਰਹਿ ਰਿਹਾ ਸੀ ਤੇ ਉਹਦੀ ਸਿੰਘਣੀ ਵੀ ਨਾਲ ਸੀ । ਉਨਾਂ ਦੀ ਉਮਰ ਉਸ ਵੇਲੇ 60-65 ਸਾਲ ਤੋਂ ਉੱਪਰ ਹੋਵੇ ਗੀ। ਉਦੋਂ ਨ ਤਾਂ ਬਹੁਤੀ ਸੰਗਤ ਹੁੰਦੀ ਸੀ ਤੇ ਨਾ ਹੀ ਬਹੁਤਾ ਲੰਗਰ ਪੱਕਦਾ ਸੀ।

ਉਹ ਸਾਨੂੰ ਆਪਣੇ ਨਿਜੀ ਕਮਰੇ ਵਿੱਚ ਲੈ ਗਏ। ਕਹਿੰਦੇ ਅਸੀਂ ਵੀ ਪਰਸ਼ਾਦਾ ਛਕਣਾ ਹੈ ਹਾਲੇ। ਉਹ ਬੀਬੀ ਨੇ ਘਿਉ ਵਿੱਚ ਤੁੜਕਾ ਭੁੰਨਿਆ ਤੇ ਵਿੱਚ ਦੁੱਧ ਪਾ ਦਿੱਤਾ। ਉਨਾਂ ਕੋਲ ਸ਼ਾਇਦ ਹੋਰ ਕੋਈ ਦਾਲ ਸਬਜੀ ਵਗੈਰਾ ਹੈ ਨਹੀਂ ਸੀ। ਉਨ੍ਹਾਂ ਦੇ ਦੱਸਣ ਅਨੁਸਾਰ ਉਹ ਆਪਣਾ ਖਾਣਾ ਆਪ ਦੀ ਤਨਖਾਹ ਵਿੱਚੋਂ ਖਰਚ ਕਰਕੇ ਖਾਂਦੇ ਸੀ ਅਤੇ ਉਹ ਰੋਜ਼ ਲੰਗਰ



ਵਿੱਚੋਂ ਪਰਸ਼ਾਦਾ ਛਕਣਾ ਸਿਧਾਂਤਕ ਤੌਰ 'ਤੇ ਠੀਕ ਨਹੀਂ ਸੀ ਸਮਝਦੇ।

ਉਨ੍ਹਾਂ ਤੁੜਕੇ ਹੋਏ ਦੁੱਧ ਨਾਲ ਸਾਨੂੰ ਦੋ ਦੋ ਪਰਸ਼ਾਦੇ ਛਕਣ ਲਈ ਦਿੱਤੇ। ਦੁੱਧ ਨੂੰ ਹਲਦੀ ਤੇ ਤੁੜਕਾ ਲੱਗਿਆ ਹੋਇਆ ਤੇ ਨਾਲ ਸੁੱਕੇ ਪਰਸ਼ਾਦੇ! ਜੋ ਅਨੰਦ ਉਸ ਰਾਤ ਆਇਆ ਇਸੁੰ ਜਾਪਿਆ ਜਿਵੇਂ ਭਾਈ ਲਾਲੋ ਦੇ ਪ੍ਰਵਾਰ ਦੇ ਘਰੋਂ ਪਰਸ਼ਾਦਾ ਛਕਿਆ ਹੋਵੇ। ਉਹ ਅਨੰਦ ਉਹ ਰਹਿਮਤ ਬਖ਼ਸ਼ੀਸ਼ ਸਾਡੀਆਂ ਰੂਹਾਂ ਵਿੱਚ ਹਾਲੇ ਤੱਕ ਵੱਸੀ ਹੋਈ ਹੈ। ਜਿਸ ਦੀ ਚਸ਼ਮਦੀਦ ਗਵਾਹੀ ਮੇਰੀ ਘਰ ਵਾਲੀ ਅਤੇ ਇੱਕ ਹੋਰ ਬੀਬੀ ਦੀ ਵੀ ਹੈ ।

'ਦਾਨਾ ਪਾਣੀ ਗੁਰੂ ਕਾ ਟਹਿਲ ਪਾਣੀ ਸਿੱਖਾਂ ਸੇਵਕਾਂ ਦੀ !'

'ਲੰਗਰ ਦਉਲਤ ਵੰਡੀਐ ਰਸ ਅੰਮ੍ਰਿਤ ਖੀਰ ਘਿਆਲੀ ॥'

'ਸਾਚ ਕਹੋਂ ਸੁਨ ਲੇਹੁ ਸਭੈ ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ ॥

'ਰੁਖੀ ਸੁਖੀ ਖਾਇ ਕੈ ਠੰਢਾ ਪਾਣੀ ਪੀਉ॥ ਫਰੀਦਾ ਦੇਖਿ ਪਰਾਈ ਚੋਪੜੀ ਨਾ ਤਰਸਾਏ ਜੀਉ॥

(ਕਲਮ 5 ਆਬ ਗਰੁੱਪ ਵਿੱਚੋਂ ਧੰਨਵਾਦ ਸਹਿਤ)

# ਗ੍ਰੀਨ ਵਿਸ਼ਵ ਲਈ ਜਰੂਰੀ ਹੈ-ਨੌਜਵਾਨਾਂ ਨੂੰ ਜਾਗਰੂਕ ਕਰਨਾ

*''ਵਿਸ਼ਵ ਭਰ ਵਿੱਚ ਗ੍ਰੀਨ ਬਦਲਾਅ, ਹਰ ਤਬਕੇ ਦੇ ਨਾਲ ਨੌਜਵਾਨਾਂ ਨੂੰ ਅੱਗੇ ਆਉਣ 'ਤੇ ਜ਼ੋਰ ਦਿੱਤਾ ਜਾ ਰਿਹਾ ਹੈ। ਗ੍ਰੀਨ ਹੁਨਰ, ਗਿਆਨ, ਯੋਗਤਾਵਾਂ, ਕਦਰਾਂ-ਕੀਮਤਾਂ ਅਤੇ ਰਵੱਈਏ ਹਨ ਜੋ ਇੱਕ ਟਿਕਾਊ ਅਤੇ ਸਰੋਤ-ਕੁਸ਼ਲ ਸਮਾਜ 'ਚ ਰਹਿਣ, ਵਿਕਾਸ ਅਤੇ ਸਮਰਥਨ ਕਰਨ ਲਈ ਲੋੜੀਂਦੇ ਹੋ ਗਏ ਹਨ'' - ਅਨਿਲ ਧੀਰ, ਕਾਲਮਨਿਸਟ, ਥੈਰਪਿਸਟ, ਹੈਲਥ ਐਜੂਕੇਟਰ ਅਵਾਰਡ ਵਿਜੇਤਾ, ਸੋਸ਼ਲ ਐਕਟੀਵਿਸਟ*





ਹੈਲਥ ਮੀਡੀਆ ਕੇਨੈਡਾ: ਅੰਤਰਰਾਸ਼ਟਰੀ ਯੁਵਕ ਦਿਵਸ 2023 ਦੇ ਮੌਕੇ 'ਤੇ ਗ੍ਰੀਨ ਸਕਿਲ ਅਵੇਅਰਨੈਸ ਬਾਰੇ ਗੱਲ ਕੀਤੀ ਜਾ ਰਹੀ ਹੈ। ਅੱਜ ਵਿਸ਼ਵ ਹਰੇ ਬਦਲਾਅ ਦੀ ਸ਼ੁਰੂਆਤ ਕਰ ਰਿਹਾ ਹੈ। ਇੱਕ ਵਾਤਾਵਰਣ ਟਿਕਾਊ ਅਤੇ ਜਲਵਾਯੂ ਮੁਤਾਬਿਕ ਇਹ ਤਬਦੀਲੀ ਨਾ ਸਿਰਫ ਗਲੋਬਲ ਜਲਵਾਯੂ ਸੰਕਟ ਦਾ ਜਵਾਬ ਦੇਣ ਲਈ, ਸਗੋਂ ਸਸਟੇਨੇਬਲ ਡਿਵੈਲਪਮੈਂਟ ਟੀਚਿਆਂ ਨੂੰ ਹਾਸਲ ਕਰਨ ਲਈ ਵੀ ਮਹੱਤਵਪੂਰਨ ਹੈ। ਇੱਕ ਹਰੇ ਭਰੇ ਵਿਸ਼ਵ ਲਈ ਇੱਕ ਸਫਲ ਤਬਦੀਲੀ ਆਬਾਦੀ ਵਿੱਚ ਗ੍ਰੀਨ ਹੁਨਰ ਦੇ ਵਿਕਾਸ 'ਤੇ ਨਿਰਭਰ ਕਰੇਗੀ। ਅਜਿਹੇ ਅੰਤਰਰਾਸ਼ਟਰੀ ਪੱਧਰ ਵਾਲੀ ਕੋਸ਼ਿਸ਼ ਦੀ ਕਾਮਯਾਬੀ ਨੌਜਵਾਨਾਂ ਦੀ ਭਾਗੀਦਾਰੀ ਤੋਂ ਬਿਨਾ ਹਾਸਲ ਨਹੀਂ ਕੀਤੀ ਜਾ ਸਕਦੀ।

12 ਅਗਸਤ, 2010 ਨੂੰ ਪਹਿਲੀ ਬਾਰ ਸੰਯੁਕਤ ਰਾਸ਼ਟਰ ਮਹਾਸਭਾ ਨੇ ਅੰਤਰਰਾਸ਼ਟਰੀ ਯੁਵਕ ਦਿਵਸ ਐਲਾਨ ਕੀਤਾ ਸੀ। ਇਸ ਦਾ ਮੁੱਖ ਉਦੇਸ਼ ਆਰਥਿਕ ਵਿਕਾਸ ਦੇ ਨਾਲ ਸ਼ਾਂਤੀ, ਕਾਨੂੰਨੀ ਮੁੱਦੇ ਅਤੇ ਮੌਜੂਦਾ ਤੇ ਆਉਣ ਵਾਲੀਆਂ ਚੁਣੌਤੀਆਂ ਦਾ ਮੁਕਾਬਲਾ ਅਤੇ ਮੁਸ਼ਕਲਾਂ ਪ੍ਰਤੀ ਵਿਸ਼ਵ ਜਾਗਰੁਕਤਾ ਪੈਦਾ ਕਰਨਾ ਹੈ। ਅੰਤਰਰਾਸ਼ਟਰੀ ਯੁਵਕ ਦਿਵਸ ਦੁਨੀਆ ਭਰ ਵਿਚ ਵੱਖ-ਵੱਖ ਤਰੀਕੇ ਨਾਲ ਚੁਣੌਤੀਆਂ ਦੇ ਮੁਕਾਬਲੇ ਲਈ ਜਾਗਰੂਕਤਾ ਸਮਾਗਮ, ਕਾਨਫਰੰਸਾਂ, ਪ੍ਰਦਰਸ਼ਨੀ, ਸਵੈਸੇਵੀ ਪ੍ਰਾਜੈਕਟ, ਅੰਤਰਰਾਸ਼ਟਰੀ ਖੇਡਾਂ ਦੁਆਰਾ ਕੀਤਾ ਜਾ ਰਿਹਾ ਹੈ। ਜਵਾਨੀ ਜ਼ਿੰਦਗੀ ਦਾ ਸਮਾਂ ਨਹੀਂ, ਮਨ ਦੀ ਹਾਲਤ ਹੈ। ਹਰ ਖੇਤਰ ਵਿਚ ਕਾਮਯਾਬੀ ਲਈ ਨੌਜਵਾਨਾਂ ਨੂੰ ਆਪਣੇ ਅੰਦਰ ਉਮੀਦ ਅਤੇ ਆਤਮ-ਵਿਸ਼ਵਾਸ ਨੂੰ ਕਾਇਮ ਰੱਖਣਾ ਹੈ।

ਯੂ. ਐਨ. ਦੇ ਏਜੰਡੇ ਵਿਚ 2030 ਤੱਕ ਹੋਰ ਚੁਣੌਤੀਆਂ ਜਿਵੇਂ ਸਿਹਤ ਸੰਭਾਲ, ਗਰੀਬੀ ਘਟਾਉਣ ਲਈ ਸਮਾਜਿਕ ਹਿੱਸੇਦਾਰੀ, ਮੌਸਮ ਵਿਚ ਤਬਦੀਲੀ ਅਤੇ ਜੈਵ ਵਿਭਿੰਨਤਾ ਦੀ ਸੰਭਾਲ ਵਗੈਰਾ ਦਾ ਵੀ ਖਿਆਲ ਰੱਖਣਾ ਹੈ। ਅੱਜ ਅਤੇ ਭਵਿੱਖ 'ਚ ਵਾਤਾਵਰਣ ਤਬਦੀਲੀ ਅਤੇ ਜਲਵਾਯੂ ਸੰਕਟ ਕਾਰਨ ਆਬਾਦੀ ਸਰੀਰਕ-ਮਾਨਸਿਕ ਸਮੱਸਿਆਵਾਂ ਦੇ ਘੇਰੇ 'ਚ ਆ ਰਹੀ ਹੈ। ਤਬਦੀਲੀ ਲਈ ਹੁਨਰ 'ਤੇ ਗ੍ਰੀਨ ਨੌਕਰੀਆਂ ਲਈ ਜਲਵਾਯੂ ਬਦਲਾਅ ਦੀ ਤਿਆਰੀ, ਹਰਿਆਲੀ ਉਸਾਰੀ, ਠੋਸ ਰਹਿੰਦ-ਖੂੰਹਦ ਪ੍ਰਬੰਧਨ ਆਦਿ ਵਰਗੇ ਖੇਤਰਾਂ ਲਈ ਵੀ ਜਾਗਰੂਕ ਕੀਤਾ ਜਾ ਰਿਹਾ ਹੈ।



ਅਨਿਲ ਧੀਰ
ਕਾਲਮਨਿਸਟ
healthmedia1@hotmail.com

ਅੱਜ ਵਿਸ਼ਵ ਭਰ ਵਿਚ ਨੌਜਵਾਨਾਂ ਅੱਗੇ ਚੁਣੌਤੀਆਂ ਦਾ ਜਾਲ ਹੈ:

- ਹਾਈ ਸਕੂਲ ਦੇ ਵਿਦਿਆਰਥੀ ਕਰੀਬਨ 30% ਵੱਖ-ਵੱਖ ਕਿਸਮ ਦੇ ਡਰਗਜ਼ ਅਤੇ 45% ਅਲਕੋਹਲ ਦਾ ਇਸਤੇਮਾਲ ਕਰ ਰਹੇ ਹਨ। ਕਰੀਅਰ ਤੋਂ ਫੋਕਸ ਹਟਦਾ ਜਾ ਰਿਹਾ ਹੈ। ਬੱਚੇ ਅਤੇ ਨੌਜਵਾਨ, ਲਗਾਤਾਰ ਸਟ੍ਰੈਸ ਦੇ ਘੇਰੇ ਵਿਚ ਰਹਿਣ ਕਰਕੇ, ਯਾਨਿ ਮਾੜਾ ਸਟ੍ਰੈਸ ਹਰ ਪਲਾਨਿੰਗ ਫੇਲ ਕਰ ਰਿਹਾ ਹੈ।
- ਬੇਰੋਜ਼ਗਾਰੀ ਅਤੇ ਭੰਬਲ ਭੂਸੇ ਦੇ ਮਾਹੌਲ ਵਿਚ ਅੱਜ ਦਾ ਨੌਜਵਾਨ ਸਹੀ ਰਸਤਾ ਲੱਭਣ ਲਈ ਭਟਕ ਰਿਹਾ ਹੈ। ਮਾਡਰਨ ਸਮਾਜ ਵਿਚ ਹਰ ਖੁਸ਼ੀ ਦੇ ਮਸਲੇ ਨੂੰ ਦੇਖਣ ਦਾ ਨਜ਼ਰੀਆ ਬਦਲ ਗਿਆ ਹੈ। ਕਾਮਯਾਬੀ ਲਈ ਕੰਪੀਟੀਸ਼ਨ ਸਿਰਫ ਪੈਸਾ-ਪੈਸਾ ਹੀ ਰਹਿ ਗਿਆ ਹੈ। ਹੋਰ-ਹੋਰ ਦੀ ਪ੍ਰਾਪਤੀ ਦੀ ਹੋੜ ਯੁਵਾ ਵਰਗ ਨੂੰ ਨਕਾਰਾਤਮਕ ਸੋਚ ਵੱਲ ਲੈ ਕੇ ਜਾ ਰਹੀ ਹੈ।
- ਅੱਜ ਸਮਾਜ ਵਿਚ ਸ਼ਿਫਟਿੰਗ ਆਰਥਿਕਤਾ ਖੁੱਲੇ ਬਾਜ਼ਾਰਾਂ ਅਤੇ ਵਿਸ਼ਵੀਕਰਨ ਦਾ ਮਾਹੌਲ ਵੀ ਬੇਰੋਜ਼ਗਾਰੀ ਦੇ ਨਾਲ ਨੌਜਵਾਨਾਂ ਦੀ ਜ਼ਿੰਦਗੀ ਮੁਸ਼ਕਲਾਂ ਭਰੀ 'ਤੇ ਗੁੰਝਲਦਾਰ ਬਣ ਗਈ ਹੈ।
- 24 ਘੰਟੇ ਸੋਸ਼ਲ ਮੀਡੀਆ ਵੱਟਸਐਪ, ਇੰਸਟਾਗ੍ਰਾਮ, ਫੇਸਬੁੱਕ, ਟਿੱਕਟਾਕ, ਟਵਿੱਟਰ, 'ਤੇ ਰਹਿਣ ਮੁਸ਼ਕਲਾਂ ਯਾਨਿ ਨੌਜਵਾਨਾਂ ਨੂੰ ਸਾਈਬਰ ਧੱਕੇਸ਼ਾਹੀ, ਸਲੋਟ-ਸ਼ਰਮ ਕਰਨ ਅਤੇ ਹੋਰ ਬਹੁਤ ਕੁੱਝ ਕਰ ਲਈ ਬੇਨਕਾਬ ਕਰ ਦਿੱਤਾ ਹੈ। ਗੈਰ-ਸਿਹਤਮੰਦ ਫੋਟੋ ਅਤੇ ਜਿਨਸੀ ਸਮੱਗਰੀ ਹਮੇਸ਼ਾ ਆਨਲਾਈਨ ਨੌਜਵਾਨਾਂ ਨੂੰ ਮਾਨਸਿਕ ਤੌਰ 'ਤੇਜ਼ੀ ਨਾਲ ਬਿਮਾਰ ਕਰ ਰਹੀ ਹੈ।

ਨੋਟ: ਗ੍ਰੀਨ ਵਿਸ਼ਵ 'ਤੇ ਵਿਕਾਸ ਲਈ ਹਰ ਤਬਕੇ ਦੇ ਨਾਲ ਯੁਵਕਾਂ ਅੰਦਰ ਗ੍ਰੀਨ ਸਕਿੱਲ ਬਾਰੇ ਜਾਗਰੂਕਤਾ ਪੈਦਾ ਕਰਨਾ ਜ਼ਰੂਰੀ ਹੋ ਗਿਆ ਹੈ। ਵਿਨਾਸ਼ਕਾਰੀ ਮਾਹੌਲ ਤੋਂ ਬਚਣ ਲਈ ਗਲੋਬਲ ਵਾਰਮਿੰਗ ਨੂੰ ਬਦਲਣ ਅਤੇ ਸੀਮਤ ਕਰਨ ਦੀ ਲੋੜ ਹੈ। ਮਾਂ-ਬਾਪ ਛੋਟੀ ਉਮਰ ਤੋਂ ਹੀ ਬੱਚਿਆਂ ਅੰਦਰ ਰੁਝਾਨ ਪੈਦਾ ਕਰਨ ਦੀ ਲੋੜ ਹੈ। ਭਵਿੱਖ ਲਈ ਹੁਨਰ ਅਤੇ ਹਰੇ ਨੌਕਰੀਆਂ ਲਈ ਹੁਨਰ, ਹਰ ਉਮਰ ਦੇ ਲੋਕਾਂ ਲਈ ਢੁਕਵੇਂ ਹਨ। ਉਹਨਾਂ ਨੇ ਨੌਜਵਾਨਾਂ ਲਈ ਮਹੱਤਵ ਨੂੰ ਵਧਾਇਆ ਹੈ, ਜੋ ਲੰਬੇ ਸਮੇਂ ਲਈ ਹਰੀ ਤਬਦੀਲੀ 'ਚ ਯੋਗਦਾਨ ਪਾ ਸਕਦੇ ਹਨ।

# ਆਸਟਿਓਪੋਰੋਸਿਸ ਹੱਡੀਆਂ ਦਾ ਕਮਜ਼ੋਰ ਹੋਣਾ

ਮਨੁੱਖ ਦੀ ਉਮਰ ਜਿਵੇਂ-ਜਿਵੇਂ ਵਧਦੀ ਹੈ, ਉਸ ਦੇ ਸਰੀਰ ਦੀਆਂ ਪੋਸ਼ਣ ਅਧਾਰਿਤ ਸਮੱਸਿਆਵਾਂ ਸ਼ੁਰੂ ਹੋਣ ਲਗਦੀਆਂ ਹਨ, ਜਿਸ ਦਾ ਮੁੱਖ ਕਾਰਨ ਖਾਧ ਪਦਾਰਥਾਂ ਦਾ ਸਹੀ ਪਾਚਣ ਨਾ ਹੋਣਾ ਅਤੇ ਪੋਸ਼ਕ ਤੱਤਾਂ ਦਾ ਸਰੀਰ ਵਿਚ ਜਜ਼ਬ ਨਾ ਹੋਣਾ ਜਾਂ ਕਮੀ ਹੋਣਾ ਹੁੰਦਾ ਹੈ। ਕੈਲਸ਼ੀਅਮ ਦੀ ਕਮੀ ਨਾਲ ਇਕ ਰੋਗ ਔਰਤਾਂ ਖਾਸ ਤੌਰ 'ਤੇ ਵਧਦੀ ਉਮਰ ਦੀਆਂ ਔਰਤਾਂ ਨੂੰ ਪ੍ਰਭਾਵਿਤ ਕਰਨ ਵਾਲਾ ਰੋਗ ਹੈ, ਉਸ ਨੂੰ ਹੱਡੀਆਂ ਦਾ ਕਮਜ਼ੋਰ ਹੋਣਾ ਕਹਿ ਸਕਦੇ ਹਾਂ ਅਤੇ ਅੰਗਰੇਜ਼ੀ ਭਾਸ਼ਾ ਵਿਚ ਇਸ ਨੂੰ ਆਸਟਿਓਪੋਰੋਸਿਸ ਕਿਹਾ ਜਾਂਦਾ ਹੈ।

**ਆਸਟਿਓਪੋਰੋਸਿਸ ਕੀ ਹੈ?**

ਆਸਟਿਓਪੋਰੋਸਿਸ ਹੱਡੀਆਂ ਦਾ ਰੋਗ ਹੈ, ਜਿਸ ਨਾਲ ਹੱਡੀਆਂ ਕਮਜ਼ੋਰ ਹੋ ਜਾਂਦੀਆਂ ਹਨ, ਜਿਸ ਨਾਲ ਉਨ੍ਹਾਂ ਦੇ ਛੋਟੀ-ਛੋਟੀ ਟੁੱਟਣ ਦੀ ਸੰਭਾਵਨਾ ਵਧ ਜਾਂਦੀ ਹੈ। ਜੇ ਆਸਟਿਓਪੋਰੋਸਿਸ ਨੂੰ ਰੋਕਿਆ ਨਾ ਜਾਵੇ ਜਾਂ ਬਿਨਾਂ ਇਲਾਜ ਕੀਤੇ ਛੱਡ ਦਿੱਤਾ ਜਾਵੇ ਤਾਂ ਇਹ ਰੋਗ ਬਿਨਾਂ ਕੋਈ ਦਰਦ ਦਿੱਤੇ ਵਧਦਾ ਰਹਿੰਦਾ ਹੈ ਅਤੇ ਪਤਾ ਉਦੋਂ ਲਗਦਾ ਹੈ ਜਦੋਂ ਗੁੱਟ, ਰੀੜ੍ਹ ਦੀ ਹੱਡੀ ਦੇ ਟੁੱਟਣ ਦਾ ਸਿਲਸਿਲਾ ਸ਼ੁਰੂ ਹੋ ਜਾਂਦਾ ਹੈ।



**ਆਸਟਿਓਪੋਰੋਸਿਸ ਦੇ ਕਾਰਨ :** ਜਦੋਂ ਹੱਡੀਆਂ ਬਹੁਤ ਜ਼ਿਆਦਾ ਮਾਤਰਾ ਵਿਚ ਪ੍ਰੋਟੀਨ ਅਤੇ ਖਣਿਜ ਤੱਤਾਂ ਨੂੰ ਖੋਰਨ ਲਗਦੀਆਂ ਹਨ, ਉਦੋਂ (ਮੁੱਖ ਰੂਪ ਨਾਲ ਕੈਲਸ਼ੀਅਮ ਅਤੇ ਪ੍ਰੋਟੀਨ ਦਾ ਖੁਰਨਾ) ਹੱਡੀਆਂ ਕਮਜ਼ੋਰ ਹੋ ਜਾਂਦੀਆਂ ਹਨ। ਜਦੋਂ ਹੱਡੀਆਂ ਦਾ ਭਾਰ ਅਤੇ ਘਣਤਵ ਦੋਵੇਂ ਘੱਟ ਹੋਣਾ ਸ਼ੁਰੂ ਹੋ ਜਾਂਦਾ ਹੈ ਤਾਂ ਹੱਡੀਆਂ ਦੇ ਟੁੱਟਣ ਦੀਆਂ ਸੰਭਾਵਨਾਵਾਂ ਵਧ ਜਾਂਦੀਆਂ ਹਨ, ਕਿਉਂਕਿ ਹੱਡੀਆਂ ਦੀ ਮਜ਼ਬੂਤੀ ਘੱਟ ਹੋ ਕੇ ਉਹ ਕਮਜ਼ੋਰ ਹੋ ਜਾਂਦੀਆਂ ਹਨ। ਅਜਿਹੀਆਂ ਹੱਡੀਆਂ ਛੇਤੀ ਟੁੱਟਦੀਆਂ ਹਨ। ਸਮੇਂ ਨਾਲ ਇਸ ਰੋਗ ਦੀ ਪਛਾਣ ਅਤੇ ਇਲਾਜ ਹੀ ਇਸ ਸਧਾਰਨ ਜਿਹੇ ਲੱਗਣ ਵਾਲੇ ਰੋਗ ਤੋਂ ਬਚਾਉਂਦਾ ਹੈ।

ਜੋਖ਼ਮ ਪ੍ਰਚਾਲਕ : ਇਸ ਰੋਗ ਦੇ ਹੋਣ ਲਈ ਜੋਖ਼ਮ ਪ੍ਰਚਾਲਕ ਹੇਠ ਲਿਖੇ ਹਨ-

ਵਧਦੀ ਉਮਰ।
ਭੋਜਨ ਵਿਚ ਕੈਲਸ਼ੀਅਮ ਦੀ ਘੱਟ ਮਾਤਰਾ।
ਪਰਿਵਾਰਕ ਇਤਿਹਾਸ।
ਖਾਣੇ ਵਿਚ ਅਨਿਯਮਤਾ।
ਪਹਿਲਾਂ ਕਿਸੇ ਹੱਡੀ ਦਾ ਟੁੱਟਾ ਹੋਣਾ।
ਪਤਲਾ ਸਰੀਰ ਅਤੇ ਪਹਿਲਾਂ ਤੋਂ ਹੀ ਕਮਜ਼ੋਰ ਸਰੀਰਕ ਢਾਂਚਾ।
ਥਾਇਰਾਇਡ ਜਾਂ ਪੈਰਾ ਥਾਇਰਾਇਡ ਵਿਕ੍ਰਿਤ।
ਕੁਝ ਵਿਸ਼ੇਸ਼ ਤਰ੍ਹਾਂ ਦੀਆਂ ਦਵਾਈਆਂ ਦਾ ਸੇਵਨ ਜਿਵੇਂ ਸਟੀਰਾਇਡ ਜਾਂ ਐਂਟੀਕੰਵਲਸੇਂਟ।
ਕੈਫੀਨ ਦੀ ਬਹੁਤ ਜ਼ਿਆਦਾ ਵਰਤੋਂ।
ਅਜਿਹੀਆਂ ਔਰਤਾਂ, ਜਿਨ੍ਹਾਂ ਵਿਚ ਮੇਨੋਪਾਜ਼ ਛੇਤੀ ਹੋਵੇ ਜਾਂ ਫਿਰ ਓਵਰੀ ਕੱਢ ਦਿੱਤੀ ਗਈ ਹੋਵੇ।
ਸ਼ਰਾਬ ਦਾ ਸੇਵਨ ਅਤੇ ਤੰਬਾਕੂ ਦਾ ਸੇਵਨ।
ਅਨਿਯਮਤ ਰੋਜ਼ਮਰਾ, ਤੰਦਰੁਸਤ ਜੀਵਨ ਸ਼ੈਲੀ ਦੀ ਕਮੀ।

**ਆਸਟਿਓਪੋਰੋਸਿਸ ਤੋਂ ਬਚਾਅ :** ਹੱਡੀ ਘਣਤਵ ਮਾਪ (ਬੋਨ ਡੈਂਸਿਟੋਮੇਟ੍ਰੀ) ਇਕ ਟੈਸਟ ਹੈ, ਜਿਸ ਵਿਚ ਐਕਸਰੇ ਦੀ ਇਕ ਬਹੁਤ ਹੀ ਘੱਟ ਮਾਤਰਾ ਦੇ ਆਧਾਰ 'ਤੇ ਹੱਡੀ ਘਣਤਵ ਮਾਪ (ਜੋ ਸੁਰੱਖਿਅਤ ਵੀ ਹੈ) ਕਰਦੇ ਹਨ। ਇਸ ਟੈਸਟ ਵਿਚ ਸਰੀਰ ਦੇ ਕਿਸੇ ਖਾਸ ਹਿੱਸੇ (ਜਿਵੇਂ ਗੁੱਟ, ਰੀੜ੍ਹ ਦੀ ਹੱਡੀ ਜਾਂ ਕੂਲ੍ਹੇ ਦੀ ਹੱਡੀ) ਦੇ ਕੈਲਸ਼ੀਅਮ ਅਤੇ ਖਣਿਜ ਤੱਤਾਂ ਦੀ ਜਾਂਚ ਕੀਤੀ ਜਾਂਦੀ ਹੈ। ਇਸ ਨਾਲ ਡਾਕਟਰ ਮਰੀਜ਼ ਦੇ ਸਰੀਰ ਵਿਚ ਆਸਟਿਓਪੋਰੋਸਿਸ ਹੋਣ ਦੀਆਂ ਸੰਭਾਵਨਾਵਾਂ ਦਾ ਪਤਾ ਲਗਾਉਂਦੇ ਹਨ, ਜੋਖ਼ਮ ਕਾਰਕਾਂ ਦੀ ਜਾਂਚ ਕਰਦੇ ਹਨ ਅਤੇ ਇਹ ਜਾਣਦੇ ਹਨ ਕਿ ਮਰੀਜ਼ ਨੂੰ ਇਲਾਜ ਦੀ ਲੋੜ ਹੈ ਵੀ ਜਾਂ ਨਹੀਂ? ਇਸ ਤਕਨੀਕ ਨੂੰ ਡੇਕਸਾ (ਡੁਅਰ-ਅਨਰਜੀ ਐਕਸਰੇ ਇਬਜ਼ੋਪਿਟੋਮੇਟ੍ਰੀ) ਕਹਿੰਦੇ ਹਨ।

ਆਸਟਿਓਪੋਰੋਸਿਸ ਦਾ ਇਲਾਜ : ਜਿਵੇਂ ਸਾਰੀਆਂ ਬਿਮਾਰੀਆਂ ਬਾਰੇ ਕਿਹਾ ਜਾਂਦਾ ਹੈ ਕਿ ਇਲਾਜ ਨਾਲੋਂ ਬਚਾਅ ਬਿਹਤਰ ਹੈ। ਇਸ ਬਿਮਾਰੀ ਨੂੰ ਆਉਣ ਤੋਂ ਰੋਕਣ ਦਾ ਸੰਕਲਪ ਕਰਕੇ ਪਹਿਲਾਂ ਹੀ ਨਿਵੇਦਿਤ ਜੋਖ਼ਮ ਪ੍ਰਚਾਲਕਾਂ ਨਾਲ ਮੁੱਖ ਤੌਰ 'ਤੇ ਉਨ੍ਹਾਂ ਦਾ ਜੋ ਤੁਹਾਡੇ ਵੱਸ ਵਿਚ ਹੈ, ਦਾ ਨਿਵਾਰਨ ਕਰਨਾ ਚਾਹੀਦਾ ਹੈ। ਜੇ ਤੁਸੀਂ ਆਸਟਿਓਪੋਰੋਸਿਸ ਦਾ ਸ਼ਿਕਾਰ ਹੋ ਰਹੇ ਹੋ ਜਾਂ ਹੋ ਚੁੱਕੇ ਹੋ, ਤਾਂ ਵੀ ਘਬਰਾਉਣ ਦੀ ਲੋੜ ਨਹੀਂ ਹੈ। ਉਚਿਤ ਖਾਣ-ਪੀਣ, ਹਲਕੀ ਕਸਰਤ, ਸੁਰੱਖਿਅਤ ਜੀਵਨ ਸ਼ੈਲੀ ਅਤੇ ਡਾਕਟਰਾਂ ਦੀ ਦੇਖ-ਰੇਖ ਅਤੇ ਪ੍ਰੀਖਣ ਆਧਾਰਿਤ ਇਲਾਜ ਨਾਲ ਇਸ ਰੋਗ ਦੇ ਨਾਲ-ਨਾਲ ਵੀ ਸੁੰਦਰ ਜੀਵਨ ਜੀਵਿਆ ਜਾ ਸਕਦਾ ਹੈ। ਜੇ ਤੁਸੀਂ ਵਾਰ-ਵਾਰ ਹੱਡੀ ਟੁੱਟਣ ਦੀ ਸਮੱਸਿਆ ਨਾਲ ਜੂਝ ਰਹੇ ਹੋ ਤਾਂ ਇਸ ਬਿਮਾਰੀ ਨੂੰ ਉਸ ਦਾ ਕਾਰਨ ਮੰਨਦੇ ਹੋਏ ਛੇਤੀ ਹੀ ਕਿਸੇ ਹੱਡੀ ਮਾਹਿਰ ਦੀ ਸਲਾਹ ਲੈ ਲਓ ਅਤੇ ਬਿਨਾਂ ਪ੍ਰੇਸ਼ਾਨ ਹੋਏ ਲਗਾਤਾਰ ਇਲਾਜ ਕਰਵਾਓ, ਜੋ ਸੁਰੱਖਿਅਤ ਹੈ।

CAPITAL SERVICES
ਸਾਰੀਆਂ ਸੇਵਾਵਾਂ ਇਕੋ ਥਾਂ
Capital services
*ਇੰਡੀਅਨ ਪਾਸਪੋਰਟ
*ਇੰਡੀਅਨ ਵੀਜ਼ਾ, OCI
*ਮੁਖਤਿਆਰਨਾਮਾ
*ਇਮੀਗਰੇਸ਼ਨ ਸਰਵਿਸਜ
*ਸਿਟੀਜਨ, ਗਰੀਨ ਕਾਰਡ
*ਫੈਮਲੀ ਪਟੀਸ਼ਨ
- ਹੋਰ ਸੇਵਾਵਾਂ -
*ਕਾਰ ਟਰਾਂਸਫਰ/ਸਟਿੱਕਰ, *ਇੰਸ਼ੋਰੈਂਸ: ਕਾਰ, ਘਰ ਤੇ ਬਿਜਨਸ
*ਲਾਈਵ ਸਕੈਨ/ਫਿੰਗਰ ਪ੍ਰਿੰਟ, *ਨੋਟਰੀ ਪਬਲਿਕ *ਮੇਲ ਬੋਕਸ
*ਫੈਕਸ, ਕਾਪੀ, ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ।
ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਤਾਂ ਇੰਟਰਨੈਸ਼ਨਲ ਡਰਾਇਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ।
Call, Banga (916) 427-4321, Fax (916) 258-0441
email: sacramento99@yahoo.com, website: capitalservices.us

## ਮੇਰੀ ਛਤਰੀ

ਲਾਲ ਰੰਗ ਦੀ ਛਤਰੀ ਆਪਣੀ
ਜਦ ਮੈਂ ਸਿਰ ਤੇ ਲੈ ਕੇ ਤੁਰਦਾ,
ਇਹ ਕੜਕਦੀ ਧੁੱਪ 'ਚ ਵੀ
ਮੈਨੂੰ ਆਣ ਨਾ ਦੇਵੇ ਮੁੜ੍ਹਕਾ।
ਇਹ ਮੀਂਹ ਪੈਂਦੇ ਵਿੱਚ ਵੀ
ਮੈਨੂੰ ਰਤਾ ਡੋਲਣ ਨਾ ਦੇਵੇ।
ਮੀਂਹ ਦੀਆਂ ਮੋਟੀਆਂ ਕਣੀਆਂ ਵੀ
ਇਹ ਮੇਰੇ ਤੇ ਪੈਣ ਨਾ ਦੇਵੇ।
ਜਦ ਕਦੇ ਤੇਜ਼ ਹਵਾ ਚੱਲੇ
ਫਿਰ ਮੈਂ ਇਸ ਨੂੰ ਬਾਹਰ ਨਾ ਕੱਢਾਂ।
ਇਹ ਇਸ ਨੂੰ ਉਡਾ ਨਾ ਲੈ ਜਾਵੇ
ਇਸ ਨੂੰ ਬੰਦ ਕਰਕੇ ਅੰਦਰ ਰੱਖਾਂ।
ਮੇਰੇ ਪਾਪਾ ਨੇ ਇਹ ਮੇਰੇ ਲਈ
ਮੈਨੂੰ ਸ਼ਹਿਰ ਤੋਂ ਲਿਆ ਕੇ ਦਿੱਤੀ।
'ਇਸ ਨੂੰ ਜ਼ਰਾ ਸੰਭਾਲ ਕੇ ਰੱਖੀਂ'
ਇਹ ਗੱਲ ਉਨ੍ਹਾਂ ਮੈਨੂੰ ਆਖੀ।
ਇਸ ਨੂੰ ਸਦਾ ਸੰਭਾਲ ਕੇ ਰੱਖਾਂ
ਪਾਪਾ ਦੀ ਇਹ ਗੱਲ ਮੰਨ ਕੇ।
ਉਨ੍ਹਾਂ ਨੇ ਕਈ ਗਿਫਟ ਲਿਆ ਦੇਣੇ
'ਮਾਨਾ' ਮੇਰੇ ਤੋਂ ਖ਼ੁਸ਼ ਹੋ ਕੇ।



**ਮਹਿੰਦਰ ਸਿੰਘ ਮਾਨ**
9915803554

## ਜਿਸਮਾਂ ਦੇ ਵਪਾਰੀ

ਹੁਣ ਨਾ ਪਹਿਲਾਂ ਵਰਗੀ,
ਪਾਕ ਮੁਹੱਬਤ ਰਹਿ ਗਈ ਏ।
ਜਿੱਧਰ ਦੇਖੋ ਜਿਸਮਾਂ ਦੇ,
ਵਿਉਪਾਰੀ ਫਿਰਦੇ ਨੇ।
ਉਹ ਕੀ ਜਾਣੇ ਜਿਸਨੇ,
ਰੂਹ ਤੋ ਕੀਤਾ ਇਸ਼ਕ ਨਹੀ।
ਹੱਥੀਂ ਹੁਣ ਤਾਂ ਆਪ,
ਜ਼ਮੀਰਾਂ ਮਾਰੀ ਫਿਰਦੇ ਨੇ।

ਗੁਜਰ ਗਿਆ ਉਹ ਵੇਲਾ,
ਪਿਆਰ ਸੀ ਹੁੰਦਾ ਰੂਹਾਂ ਦਾ।
ਕਦੀ ਕਦੀ ਸੀ ਮਿਲਦੇ,
ਫਾਸਲਾ ਸੀ ਵਿੱਚ ਜੂਹਾਂ ਦਾ।
ਹੁਣ ਇੰਝ ਘੁੰਮਦੇ ਜਿਉਂ,
ਹਿਰਨੀ ਮਗਰ ਸ਼ਿਕਾਰੀ ਫਿਰਦੇ ਨੇ।
ਜਿੱਧਰ ਦੇਖੋ ਜਿਸਮਾਂ ਦੇ,
ਵਿਉਪਾਰੀ ਫਿਰਦੇ ਨੇ।

ਉਹ ਪੱਕੇ ਸੀ ਆਸ਼ਕ,
ਜਿਹੜੇ ਕੱਚਿਆਂ ਤੇ ਤਰ ਗਏ।
ਰਹਿੰਦੀ ਦੁਨੀਆਂ ਤੱਕ ਉਹ,
ਆਪਣਾ ਨਾਮ ਅਮਰ ਕਰ ਗਏ।
ਅੱਜਕੱਲ੍ਹ ਗੱਲ ਗੱਲ ਉੱਤੇ,
ਝੱਲ ਖਿਲਾਰੀ ਫਿਰਦੇ ਨੇ।
ਜਿੱਧਰ ਦੇਖੋ ਜਿਸਮਾਂ ਦੇ,
ਵਿਉਪਾਰੀ ਫਿਰਦੇ ਨੇ।

ਹੁਣ ਸੋਸ਼ਲ ਮੀਡੀਆ ਉੱਤੇ,
ਦਿੱਸਦਾ ਏ ਨਾਮ ਮੁੱਹਬਤ ਦਾ।
ਕੋਈ ਨਾ ਜਾਣੇ ਪੀਣਾ ਏ,
ਕਿੰਝ ਜਾਮ ਮੁੱਹਬਤ ਦਾ।
ਜਿਹੜੇ ਮੱਤ ਆਪਣੀ ਨੂੰ,
ਚਿੱਟਾ ਪੀਕੇ ਮਾਰੀ ਫਿਰਦੇ ਨੇ।
ਜਿੱਧਰ ਦੇਖੋ ਜਿਸਮਾਂ ਦੇ,
ਵਿਉਪਾਰੀ ਫਿਰਦੇ ਨੇ।



**ਸੁਖਚੈਨ ਸਿੰਘ ਚੰਦ ਨਵਾਂ**
9914973876

## ਜਖਮ ਵਿਖਾ ਕੇ ਕੀ ਕਰੇਂਗਾ...

ਦਰਦ ਛੁਪਾ ਕੇ ਕੀ ਕਰੇਂਗਾ।
ਰੋਗ ਕੋਈ ਲਾ ਕੇ ਕੀ ਕਰੇਂਗਾ।

ਛੱਡ ਗੈਰਾਂ ਦਾ ਖਹਿੜਾ ਸੱਜਣਾ,
ਹੱਥ ਮਿਲਾ ਕੇ ਕੀ ਕਰੇਂਗਾ।


ਮਾੜਾ ਬੰਦਾ ਦੂਰ ਹੀ ਚੰਗਾ,
ਕੋਲ ਬੁਲਾਕੇ ਕੀ ਕਰੇਂਗਾ।

ਜਿਹੜੇ ਦਰ ਤੋਂ ਖੈਰ ਮਿਲੇ ਨਾ,
ਹੱਥ ਫੈਲਾ ਕੇ ਕੀ ਕਰੇਂਗਾ।

ਮੜ੍ਹੀ ਮਸਾਣੀ ਕੁਝ ਨਾ ਲੱਭੇ,
ਦੀਪ ਜਲਾ ਕੇ ਕੀ ਕਰੇਂਗਾ।

ਤੁਰਗੇ ਮੱਲ੍ਹਮਾਂ ਲਾਵਣ ਵਾਲੇ।
ਜਖਮ ਵਿਖਾ ਕੇ ਕੀ ਕਰੇਂਗਾ।

ਗੰਗਾ ਮੈਲੀ ਹੋਈ 'ਬੁਜਰਕ',
ਦੱਸ ਨਹਾ ਕੇ ਕੀ ਕਰੇਂਗਾ।



**ਹਰਮੇਲ ਸਿੰਘ ਧੀਮਾਨ**

## ਕਵਿਤਾ

ਕਲਮ ਕੀ ਚੀਜ਼ ਏ ਸਾਈਆਂ,
ਅੱਜ ਤੱਕ ਸਮਝ ਨਾਂ ਆਈ..
ਦਿਖਣ ਨੂੰ ਨਾਜ਼ੁਕ ਕਿੰਨੀ ਏ,
ਪਰ ਬੜੀ ਸ਼ਾਤਰ ਤੂੰ ਬਣਾਈ ..

ਖ਼ੂਨ-ਏ ਜਿਗਰ ਦੇ ਅਪਣਾ,
ਸਾਡੇ ਇਹ ਦਰਦ ਲਿਖਦੀ ਏ...
ਕਿਤੇ ਏ ਬਣ ਪੀੜ ਮੁਹੱਬਤਾਂ ਦੀ,
ਹੰਝੂਆਂ ਦੇ ਨਾਲ ਵਹਿ ਤੁਰਦੀ ਏ...

ਕਦੇ ਬਣ ਵਸਲ ਦੀ ਰਾਗਨੀ,
ਰਾਗ ਮਲ੍ਹਾਰ ਗਾ ਤੁਰਦੀ ਏ...
ਕਦੇ ਜਦ ਵੈਰਾਗੀ ਹੋ ਜਾਵੇ,
ਤਾਂ ਵੈਣ ਪਾਵੇ ਪਿੱਟ ਛਾਤੀ ਤੁਰਦੀ ਏ..

ਕਦੇ ਸਿਫਤਾਂ ਦੇ ਬੰਨਦੀ ਪੁੱਲ,
ਕਦੇ ਬੁਰਾਈਆਂ ਦੀਆਂ ਪਰਤਾਂ ਖੋਲਦੀ ਏ..
ਜਦੋ ਇਹ ਬੋਲਣ ਤੇ ਆਵੇਂ ਤਾਂ,
ਕਿੰਨਾ ਸੱਚ ਇਹ ਬੋਲਦੀ ਏ...


ਲਿਆਉਦੀ ਇਨਕਲਾਬ ਇਹ ਦੁਨੀਆ ਤੇ,
ਜਦੋ ਜੁਝਾਰੂ ਹੱਥਾਂ ਵਿੱਚ ਆਉਂਦੀ ਏ ..
ਫੇਰ ਇਹ ਨਰਮ ਨਾਜ਼ੁਕ ਨਾਂ ਰਹਿੰਦੀ,
ਖ਼ੁੱਦ ਨੂੰ ਤਲਵਾਰ ਕਹਾਉਂਦੀ ਏ...

ਕਰ ਏ ਸਤਿਆ ਨਾਸ ਦਿੰਦੀ ਏ,
ਜਦੋ ਹੋ ਗੁਲਾਮ ਇਹ ਲਿਖਦੀ ਏ,
ਫ਼ਿਰ ਰੋਲ ਦਿੰਦੀ ਦੁਨੀਆ ਨੂੰ,
ਜਦ ਚੰਦ ਠੀਕਰਾ ਪਿੱਛੇ ਇਹ ਵਿਕਦੀ ਏ..

ਕਲਮਾਂ ਵਾਲਿਓ ਯੋਧਿਓ ਸੁਣੋ,
ਅੱਜ ਹੱਥ ਜੋੜ ਕਰਾਂ ਅਰਜੋਈ,
ਲਿਖੋ ਇਸ਼ਕ ਕੋਈ ਇਲਾਹੀ ÷ਪ੍ਰੀਤ ÷,
ਰੂਹਾਂ ਨੂੰ ਸਕੂਨ ਸੱਚੇ ਦਰ ਦੀ ਢੋਈ...

ਲਿਖੋ ਕੋਈ ਗੀਤ ਸੱਭਿਆਚਾਰਾਂ ਲਈ,
ਕਰੋ ਕੁਝ ਟੁੱਟਦੇ ਜਾਂਦੇ ਪਰਿਵਾਰਾਂ ਲਈ...
ਜਿਸਮਾਂ ਦੀ ਮਿਣਤੀ ਗਿਣਤੀ ਛੱਡ ਕੇ,
ਲਿਖੋ ਕੁਝ ਬਹਾਦੁਰ ਸ਼ੇਰ ਨਾਰਾ ਲਈ....

ਛੱਡੋ ਲਿਖਣਾ ਬੰਦੂਕਾਂ ਅਸਲੇ ਲੈ ਕੇ,
ਧੀਆਂ, ਭੈਣਾਂ, ਔਰਤਾਂ 'ਤੇ ਲਿਖਣਾ...
ਲਿਖੋ ਸੂਰਮੇ ਯੋਧਿਆਂ ਦੀਆਂ ਵਾਰਾਂ,
ਨਹੀਂ ਤਾਂ ਆਉਂਦੇ ਸਮੇਂ 'ਚ
ਕੋਈ ਮਰਦ ਨਹੀਂ ਦਿਖਣਾ...



**ਡਾ. ਲਵਪ੍ਰੀਤ ਕੌਰ 'ਜਵੰਦਾ'**
9814203357

## ਮਾਂ

ਘਰ ਵਿੱਚ ਮਾਂ ਉਡੀਕੇ ਤੈਨੂੰ
ਤੂੰ ਉੱਚੀਆਂ ਚੜ੍ਹੇ ਚੜ੍ਹਾਈਆਂ

ਦੇਵੀ ਤੇਰੇ ਘਰ ਦੇ ਅੰਦਰ
ਤੂੰ ਬਾਹਰੋਂ ਆਸਾਂ ਲਾਈਆਂ

ਤਪਦੇ ਕਾਲ ?ਜੇ ਠਾਰ ਨਾ ਸਕਿਆ
ਬੇ ਅਰਥ ਛਬੀਲਾਂ ਲਾਈਆਂ

ਦੋ ਟੁੱਕ ਮੰਗਦੇ ਬੁੱਢੇ ਮਾਪੇ
ਤੂੰ ਅੱਖਾਂ ਕੱਢ ਵਿਖਾਈਆਂ

ਮਨ ਵਿੱਚ ਤੇਰੇ ਘੁੱਪ ਹਨੇਰਾ
ਕਿਸੇ ਕੰਮ ਨਾਂ ਜੋਤਾਂ ਜਗਾਈਆਂ

ਮਲ ? ਮਲ ? ਕੇ ਤੂੰ ਨਿੱਤ ਨਹਾਵੇਂ
ਮਨ ਦੀਆਂ ਮੈਲਾ ? ਕਦੇ ਨਾ ਲਾਹੀਆਂ

ਵੇਖ਼ ਕੇ ਕਲਯੁੱਗ ਮਨ ਭਰ ਆਉਂਦੈ
ਖੌਰੇ ਕਿਹੜੀਆਂ ਰੁੱਤਾਂ ਆਈਆਂ

ਝੂਠ ਨਹੀਂ ਇਹ ਸੱਚ ਹੈ ਕੋਰਾ
ਲਿਖ ਜੋ ਸਤਰਾਂ ਦੀਪ ਨੇ ਪਾਈਆਂ



**ਅਮਨਦੀਪ ਕੌਰ**
9877654596

## ਕਿਰਦਾਰ : ਨਿਰਮਾਣ

ਜੇ ਤੂੰ ਅੰਬਰਾਂ 'ਚ ਮਿੱਤਰਾ ਉਡਾਰੀਆਂ ਨੂੰ ਲੋਚੇਂ
ਤਾਂ ਪਤੰਗ ਜਿਹਾ ਘੜ ਕਿਰਦਾਰ

ਡੋਰ ਨੂੰ ਫੜਾ ਕੇ ਚੰਗੇ ਉਸਤਾਦ ਹੱਥ
ਫੜ ਹਵਾ ਦੇ ਉਲਟ ਰਫ਼ਤਾਰ

ਹਵਾ ਵਾਲੇ ਪਾਸੇ ਉੱਡ ਬਣੂੰ ਮਿੱਟੀ ਘੱਟਾ
ਰੁਲ ਖੁਲ਼ 'ਜੇਗਾਂ ਵਿੱਚ ਵੇ ਗੁਬਾਰ

ਦੂਜੇ ਪਾਸੇ ਗੱਲ ਜੋ ਪਤੰਗ ਵਾਲੀ ਵੱਲ
ਜ਼ਰਾ ਧਿਆਨ ਵੇ ਡੂੰਘੇਰਾ ਜਿਹਾ ਮਾਰ

ਜਿੰਨੀ ਜ਼ਿਆਦਾਂ ਹਵਾ ਅੱਗੋ ਜ਼ੋਰ ਵੇ ਵਿਖਾਵੇ
ਉਨੀ ਉੱਚੀ ਉਹਦੀ ਹੋਵੇ ਵੇ ਉਡਾਰ

ਐਵੇਂ ਬੱਸ ਡੋਰ ਅਧਿਐਨ ਨੂੰ ਬਣਾ ਲੈ
ਪਾਣ ?ਹ ਗਿਆਨ ਤੇ ਧਿਆਨ ਵਾਲੀ ਚਾੜ੍ਹ

ਕਿਉਂਕਿ ਕੱਚ ਰਹਿ ਗਈ ਜੇ ਅਧਿਐਨ ਵਾਲੀ
ਕੱਚੀ ਡੋਰ ਕੰਮ ਦਊਗੀ ਵਿਗਾੜ

ਵਧ ਗਈ ਜੇ ਸਾੜੇ ਵਾਲੀ ਦਾਬ ਹਵਾ ਵੱਲੋਂ
ਇਹਨੇ ਟੁੱਟਣਾ ਸਕਿੰਟਾਂ ਵਿਚਕਾਰ

ਬੇਲਿਆਂ ਦੇ ਵਿੱਚ ਫੇਰ ਖੋ ਜਵੇ ਵਜੂਦ
ਕੋਈ ਚਾਹੁੰਦਿਆਂ ਵੀ ਲੈ ਨਾ ਸਕੇ ਸਾਰ

ਜਾਂਦੇ ਜਾਂਦੇ ਰੋਮੀਆਂ ਘੜਾਮੇਂ ਵਾਲਿਆ ਵੇ
ਦੋ ਕੁ ਹੋਰ ਤੂੰ ਉਦਾਹਰਣਾਂ ਵਿਚਾਰ

ਸ਼ੇਰਾਂ ਨੂੰ ਨਾ ਭਾਉਂਦਾ ਕਦੇ ਝੁੰਡਾਂ ਵਿੱਚ ਰਹਿਣਾ
ਨਾਲੇ ਹੰਸਾ ਦੀ ਨਾ ਹੁੰਦੀ ਕਦੇ ਡਾਰ

**ਰੋਮੀ ਘੜਾਮੇਂ ਵਾਲਾ**
98552-81105

## ਵਾਰ

ਬੱਬਰ ਸ਼ੇਰ ਅਸੀਂ ਦਸ਼ਮੇਸ਼ ਦੇ,
ਸਾਨੂੰ ਜਾਣੇ ਕੁੱਲ ਜਹਾਨ
ਝੰਡੇ ਦਿੱਲੀ ਝੁਲਾਏ ਕੇਸਰੀ,
ਤੈਨੂੰ ਜਿਸ ਤਖ਼ਤਾਂ ਤੇ ਮਾਣ

ਬੰਦੇ ਓਸ ਆਕਾਲ ਸਜਾਏ,
ਸਾਡੀ ਅੱਥਰੀ ਹੈ ਪਹਿਚਾਨ
ਚਾਹੀਏ ਖ਼ਾਕ ਮਿਲਾਦੀਈਏ,
ਗੜ੍ਹ ਮੈਅ ਦੇ ਉੱਚੇ ਮਕਾਨ

ਤੇਰੇ ਵਾਰ ਅਜੇ ਹਾਂ ਝੱਲਦੇ,
ਤੂੰ ਜੋ ਵਾਰਾਂ ਵਿੱਚ ਗੁਲ਼ਤਾਨ
ਸੰਘੀ ਨੱਪਾਂਗੇ ਜਦ ਜਾਲਮਾਂ,
ਕੰਮ ਆਉਣੇ ਨਾ ਵਰਦਾਨ

ਤੇਰੇ ਭੇੜੀਏ ਸਾਡੀ ਜੂਹ ਵਿੱਚ,
ਛੁਪਕੇ ਬੈਠੇ ਮੱਲ ਸਥਾਨ
ਬਾਜ਼ ਅਸੀਂ ਵੀ ਗੁਰੂ ਗੋਬਿੰਦ ਦੇ,
ਸਾਨੂੰ ਜਿਗਰੇ 'ਤੇ ਮਾਨ

ਦਰਿਆ ਨਸ਼ਿਆਂ ਦੇ ਜੋ ਹੋੜ ਦੈਂ,
ਤੂੰ ਐ ਕਾਗਜ਼ ਦੇ ਭਲਵਾਨ
ਭਾਜੀ ਮੋੜ ਦਿਆਂਗੇ ਚੌਗੁਣੀ,
ਤੈਨੂੰ ਲੱਭਣੇ ਨਾ ਸ਼ਮਸ਼ਾਨ

ਧਰਤੀ ਏ ਮੇਰੇ ਪੰਜਾਬ ਦੀ,
ਇਹਦੀ ਗੁੜਤੀ ਹੈ ਬਲਿਦਾਨ
ਮਾਤਾ ਸਾਹਿਬ ਕੌਰ ਦੀ ਮਾਂ ਈਹੇ,
ਮਾਂ ਗੁਜਰੀ ਏ ਮਿਹਰਬਾਨ

ਤੀਰਥ ਸਰਹਿੰਦ ਤੇ ਚਮਕੌਰ ਹੈ,
ਮੋਤੀ ਮਹਿਰੇ ਦਾ ਕਰ ਧਿਆਨ
ਪੁੱਤਰ ਇਸਦੇ ਟੋਡਰ ਮੱਲ ਜਿਹੇ,
ਸੀਨੇ ਲਈਂ ਫਿਰਦੇ ਲਹੂ-ਲੁਹਾਨ

ਤੈਨੂੰ ਭੱਜਿਆਂ ਰਾਹ ਨਾ ਲੱਭਣੇ,
ਨਾ ਐਵੇਂ ਪਿਸਟਲ ਜਿਹੇ ਤਾਣ
ਕੇਸਾਂ ਖਾਤਿਰ ਸੀਸ ਲੁਹਾ ਦਈਏ,
ਜੋਰੂ ਬਣਦੀ ਮੌਤ ਰਕਾਨ
ਬੰਦ ਚਰੇਡਾਂ ਕਰਦੇ ਕੁੱਤਿਆ,
ਹੈ ਸੰਦੇਸ਼ ਇਹੋ ਫ਼ਰਮਾਨ
ਅਣਖਾਂ ਪਾਲ਼ੋ 'ਬਾਲੀ ਰੇਤਗੜ੍ਹ',
ਹੋ ਨਿਰਧਨ ਚਾਹੇ ਧਨਵਾਨ



**ਬਲਜਿੰਦਰ ਸਿੰਘ 'ਬਾਲੀ ਰੇਤਗੜ੍ਹ'**
94651-29168, 7087629168

## ਕਰੀਏ ਸਲਾਮ

ਆਓ ਕਰੀਏ ਸਲਾਮ
ਦੇਸ਼ ਦੇ ਜਵਾਨਾਂ ਨੂੰ,
ਸਾਡੇ ਲਈ ਵਾਰਦੇ ਜੋ
ਆਪਣੀਆਂ ਜਾਨਾਂ ਨੂੰ।
ਠੰਡ ਤੇ ਧੁੱਪ ਵਿੱਚ ਫਸਲਾਂ
ਉਗਾਉਂਦੇ ਜਿਹੜੇ,
ਕਰਦੇ ਕਿਰਤ ਉਹਨਾਂ
ਕਾਮੇ ਕਿਰਸਾਨਾ ਨੂੰ।
ਹਰ ਥਾਂ ਤੇ ਜਾ ਕੇ ਧੀਆਂ
ਨੇ ਮੱਲਾਂ ਮਾਰੀਆਂ,
ਦੇਸ਼ ਦੀ ਤਰੱਕੀ ਵਿੱਚ ਹਿੱਸਾ
ਪਾਉਂਦੀਆਂ ਰਕਾਨਾ ਨੂੰ।
ਗਿਆਨੀ ਵਿਗਿਆਨੀ
ਚੰਗੀ ਸੋਚ ਵਾਲੇ ਜੋ,
ਬੁੱਧੀਜੀਵ ਪੜ੍ਹੇ ਲਿਖੇ,
ਉਹਨਾਂ ਵਿਦਵਾਨਾਂ ਨੂੰ।
ਹੱਕ ਅਤੇ ਸੱਚ ਦਾ ਕਰਦੇ
ਵਪਾਰ ਜਿਹੜੇ ਇੱਥੇ
ਭੁੱਖਿਆਂ ਤਾਂਈ ਭੋਜਨ
ਵੰਡਦੀਆਂ ਦੁਕਾਨਾਂ ਨੂੰ।
ਏਕਤਾ ਅਤੇ ਅਖੰਡਤਾ
ਬਣਾ ਕੇ ਨੇ ਜੋ ਰੱਖਦੇ,
ਕੋਟ ਕੋਟ ਪ੍ਰਣਾਮ ਸਾਡਾ
ਉਹਨਾਂ ਇਨਸਾਨਾਂ ਨੂੰ।
ਹਰਪ੍ਰੀਤ ਪੱਤੋ, ਧਰਮ
ਨਿਰਪੱਖ ਹੈ ਦੇਸ਼ ਸਾਡਾ
ਲੋਕ ਤੰਤਰ ਵਿੱਚ ਕੋਈ
ਥਾਂ ਨਹੀਂ ਬੇਈਮਾਨਾਂ ਨੂੰ।

**ਹਰਪ੍ਰੀਤ ਪੱਤੋ**
94658-21417

## ਸੁੱਖ

ਮਾਪੇ ਸੁੱਖ ਲੱਭਦੇ ਆਪਣੀ ਸੰਤਾਨ 'ਚੋਂ।
ਹੋਵੇ ਜਿਉਂ ਲੰਮੇਰਾ ਧੀ ਪੁੱਤ ਜਵਾਨ 'ਚੋਂ।
ਪੜ੍ਹੇ ਲਿਖੇ ਹੋਏ ਉਚੇਰਾ ਮਿਲੇ ਮਾਣ 'ਚੋਂ।
ਕਾਮਯਾਬ ਵਧੇਰਾ ਫਿਰ ਦੇਖ ਸ਼ਾਨ 'ਚੋਂ।

ਬੱਚੇ ਦਾ ਸੁੱਖ ਮਾਂ ਦਾ ਸੰਗ ਅਤੇ ਦੁੱਧ।
ਹੋਏ ਗੱਭਰੂਟ ਤਾਂ ਫਿਰ ਖਾਣ ਦੀ ਸੁੱਧ।
ਕਰੇ ਸੰਘਰਸ਼ ਗੁਆਚੀ ਰਹੇ ਸੁੱਧ ਬੁੱਧ।
ਫਿਰ ਸਾਰੀ ਉਮਰ ਲੱਭਦਾ ਫਿਰੇ ਸੁੱਖ।

ਗੁਰੂ ਦਾ ਸੁੱਖ ਸ਼ਾਗਿਰਦ ਕਰੇ ਤਰੱਕੀ।
ਦੋਸਤਾਂ ਦੇ ਸੁੱਖ ਧਨ ਦੀ ਉਡਾਵੇ ਫੱਕੀ।
ਯਾਰਾਂ ਦਾ ਸੁੱਖ ਬਾਂਹ ਵੇਲਣੇ 'ਚ ਫਸੀ।
ਬੱਚੇ ਦੇਣ ਸੁੱਖ ਜਿੰਦ ਬੁਢਾਪੇ ਨੇ ਕੱਸੀ।

ਸਰੀਰਾਂ ਦਾ ਸੁੱਖ ਹਰ ਕੋਈ ਲੋਚਦਾ।
ਕਰਦਾ ਕੰਮ ਚੰਗੇ ਮਾੜੇ ਨਾ ਸੋਚਦਾ।
ਅੰਨ੍ਹੇਵਾਹ ਭੱਜਦਾ ਨਾ ਪੈਰ ਬੋਚਦਾ।
ਗੋਰਖਧੰਦੇ 'ਚ ਫਸਿਆ ਰਹੇ ਖੋਜਦਾ।

ਨਾ ਸੁੱਖ ਹੋਣ ਪੂਰੇ ਨਾ ਮਿਲੇ ਸ਼ਾਂਤੀ।
ਮਨ ਰਹੇ ਅਸ਼ਾਂਤ ਸਦਾ ਚਲੇ ਕ੍ਰਾਂਤੀ।
ਸੁੱਖਾਂ ਦਾ ਖ਼ਜ਼ਾਨਾ ਲੱਭੋ ਮਾਰੋ ਝਾਤੀ।
ਮਨ ਨੂੰ ਸੰਭਾਲੋ ਫਿਰ ਹੈ ਸੁੱਖ ਸ਼ਾਂਤੀ।

**ਸੇਵਾ ਸਿੰਘ 'ਨੂਰਪੁਰੀ'**

## ਅਜ਼ਾਦੀ

ਹਰ ਬੰਦਾ ਖੁਸ਼ੀਆਂ ਮੰਗਦਾ ਏ
ਖੁਸ਼ੀਆਂ ਦੀ ਅਜ਼ਾਦੀ ਚਾਹੀਦੀ

ਸਰਹੱਦ ਦੀ ਆਜ਼ਾਦੀ ਕਿ ਲੈਣੀ
ਦੁਨੀਆਂ ਦੀ ਅਜ਼ਾਦੀ ਚਾਹੀਦੀ

ਖੁਦ ਜਿਉ ਤੇ ਜੱਗ ਜੀਣ ਦਿਓ
ਜ਼ੁਲਮਾਂ ਤੋਂ ਅਜ਼ਾਦੀ ਚਾਹੀਦੀ

ਡਰ ਡਰ ਕੇ ਬੰਦਾ ਨਾ ਜੀਵੇ
ਜੰਗਾਂ ਤੋਂ ਅਜ਼ਾਦੀ ਚਾਹੀਦੀ

ਕੰਧਾਂ ਤਾਰਾ ਫੌਜਾਂ ਲਸ਼ਕਰ ਨਹੀਂ
ਆਸਾਂ ਦੀ ਅਜ਼ਾਦੀ ਚਾਹੀਦੀ

ਜੋਂ ਜੋਬਨ ਦੇ ਵਿੱਚ ਜਹਿਰ ਭਰੇ
ਨਸ਼ਿਆਂ ਤੋਂ ਆਜ਼ਾਦੀ ਚਾਹੀਦੀ

ਕੋਈ ਨੀਵਾ ਤੇ ਕੋਈ ਉੱਚਾ ਨਾਂ
ਜਾਤਾਂ ਤੋਂ ਅਜ਼ਾਦੀ ਚਾਹੀਦੀ

ਜੋ ਸਾਰ ਕਿਸੇ ਦੀ ਨਾ ਜਾਣੇ
ਸਰਕਾਰਾਂ ਤੋ ਅਜ਼ਾਦੀ ਚਾਹੀਦੀ

ਜੋ ਜਜ਼ਬਾਤਾਂ ਨੂੰ ਨਾ ਸਮਝਣ
ਧਰਮਾਂ ਤੋਂ ਅਜ਼ਾਦੀ ਚਾਹੀਦੀ

ਜਲਮੀ ਸਮਾਜ਼ ਦੇ ਠੇਕੇਦਾਰਾਂ ਤੋਂ
ਔਰਤਾਂ ਨੂੰ ਅਜ਼ਾਦੀ ਚਾਹੀਦੀ

ਇੱਕ ਦੂਜੇ ਤੋਂ ਵੱਖ ਹੋਣ ਦੀ ਨਹੀ
ਮੁਹੱਬਤਾਂ ਦੀ ਅਜ਼ਾਦੀ ਚਾਹੀਦੀ



**ਬਿੰਦਰ ਸ਼ਾਹਿਤ (ਇਟਲੀ)**

## ਸੋਚਿਆ ਨਹੀਂ ਸੀ...

ਸੋਚਿਆ ਨਹੀਂ ਸੀ ਦਿਨ,
ਐਹੋ ਜਿਹੇ ਵੀ ਆਉਣਗੇ।
ਆਪਣੇ ਵੀ ਸਾਡੇ ਉੱਤੇ,
ਤੋਹਮਤਾਂ ਹੀ ਲਾਉਣਗੇ।
ਸੋਚਿਆ ਨਹੀਂ ਸੀ....
ਇੱਕ ਤਾਂ ਸੀ ਦੁੱਖ ਭਾਰਾ,
ਹੋਰ ਨਵੇਂ ਕਈ ਲਾ ਗਏ।
ਆਪਣੀ ਹੀ ਰੂਹ ਦਾ ਸਾਨੂੰ,
ਕਾਤਲ ਬਣਾ ਗਏ।
ਮਘੇ ਹੋਏ ਕੋਲਿਆਂ ਤੇ,
ਤੇਲ, ਘਿਓ ਵੀ ਪਾਉਣਗੇ।
ਪਤਾ ਨਹੀਂ ਸੀ....
ਉੱਠਣੇ ਨੂੰ ਆਖਦੇ ਨੇ,
ਨਾਲੇ ਧੱਕਾ ਮਾਰ ਦਿੰਦੇ।
ਦਿਲ ਦੀਆਂ ਪੁੱਛ ਕੇ ਤੇ,
ਹਰ ਥਾਂ ਖਿਲਾਰ ਦਿੰਦੇ।
ਸਾਡੇ ਲਹੂ ਦੀਆਂ ਨਦੀਆਂ 'ਚ,
ਟੁੱਭੀਆਂ ਹੀ ਲਾਉਣਗੇ।
ਪਤਾ ਨਹੀਂ ਸੀ....
ਤੁਰ ਗਏ ਨੇ ਬਹੁਤੇ,
ਅਸੀਂ ਵੀ ਤੁਰ ਜਾਣਾ ਏ।
ਮਿੱਟੀ ਦਿਆਂ ਬਾਵਿਆਂ,
ਮਿੱਟੀ ਬਣ ਖੁਰ ਜਾਣਾ ਏ।
ਬਾਦ ਵਿੱਚ ਏਹੀ ਸਭ,
ਫੁੱਲ ਵੀ ਚੜ੍ਹਾਉਣਗੇ।
ਪਤਾ ਨਹੀਂ ਸੀ....



**ਮਨਜੀਤ ਕੌਰ ਧੀਮਾਨ**
9464633059

## ਫੁੱਲਝੜੀ ਦੇ ਨਾਮ

ਮੈਂ ਭਲੀ ਭਾਂਤ ਜਾਣੂ ਹਾਂ,
ਤੇਰੇ ਨਟਖਟੀ ਸੁਭਾਅ ਤੋਂ,
ਤੇਰੇ;
ਇਸ ਵਿਲੱਖਣ ਗੁਣ ਦਾ,
ਲੋਹਾ ਵੀ ਮੰਨਦਾ ਹਾਂ।

ਹਾਂ;
ਤੂੰ ਕਰ ਲੈਂਦੀ ਏਂ,
ਤੁਰੰਤ ਹੀ ਆਕਰਸ਼ਤ,
ਹਰ ਖਾਸ-ਓ-ਆਮ ਨੂੰ,
ਜਦੋਂ ਹੁੰਦੀ ਏਂ ਪੂਰੇ ਸ਼ਬਾਬ 'ਤੇ,
ਦਹਿਕਦੇ ਅੰਗਿਆਰਿਆਂ ਨੂੰ,
ਕਲਾਵੇ 'ਚ ਲੈ ਕੇ।

ਤੇਰਾ ਮਜਾਜੀ ਹੋਣਾ,
ਬਿਲਕੁਲ ਸੁਭਾਵਿਕ ਹੈ,
ਤੇਰੇ ਚਾਨਣ ਤੋਂ,
ਚੁੰਧਿਆਈਆਂ ਅੱਖਾਂ,
ਕੁਝ ਹੋਰ,
ਵੇਖ ਵੀ ਨਹੀ ਸਕਦੀਆਂ
ਤੇ ਚਲੇ ਜਾਂਦੀਆਂ ਨੇ ਗ੍ਰਿਫਿਤ ਵਿੱਚ,
ਘੁੱਪ ਹਨੇਰਿਆਂ ਦੀ ਕਾਫੀ ਸਮਾਂ,
ਤੇਰੇ ਇਸ ਜਲੌਅ ਨੂੰ ਆਪਣੇ ਵਿੱਚ ਸਮਾ ਕੇ।

ਪਰ ਮੈਂ;
ਤੇਰੇ ਇਸ ਥੋੜ੍ਹ ਚਿਰੇ ਅਕਰਸ਼ਣ ਤੋਂ,
ਚਿੰਤਤ ਜਰੂਰ ਹਾਂ,
ਪਰ ਪ੍ਰਭਾਵਿਤ ਕਦੇ ਨਹੀਂ,
ਕਿਉਂਕਿ,
ਮੇਰੇ ਇਰਧ ਗਿਰਧ,
ਵੱਖ-ਵੱਖ ਰੰਗ ਬਿਖੇਰਦੀਆਂ
ਕਈ ਚਰਖੜੀਆਂ
ਘੁੰਮ ਕੇ ਥੱਕ ਚੁੱਕੀਆਂ ਨੇ।
ਪਰ ਮੇਰਾ ਨਿਸ਼ਾਨਾ,
ਕੁਝ ਹੋਰ ਸੀ,
ਮੇਰੀ ਲੋਚ,
ਕੁਝ ਹੋਰ ਸੀ।

ਮੈਂ;
ਬੜਾ ਉਡੀਕਿਐ,
ਕਾਸ਼! ਤੂੰ ਸਮਝ ਸਕੇਂ,
ਫੁਰਰਰਰ ਚੰਗਿਆੜੇ ਛੱਡਣ,
ਤੇ ਧੁਖ ਕੇ,
ਮਹਿਕਾਂ ਖਿਲਾਰਨ 'ਚ,
ਖਾਸਾ ਫਰਕ ਹੁੰਦੈ।

ਪਰ ਅਫਸੋਸ !
ਤੂੰ ਤਾਂ ਫੁੱਲਝੜੀ ਹੀ ਸੈਂ
ਤੇ ਫੁੱਲਝੜੀ ਹੀ ਨਿੱਕਲ਼ੀ।



**ਬਲਦੇਵ ਕ੍ਰਿਸ਼ਨ ਸ਼ਰਮਾ**

Dosanjh Family AUTO GROUP

Cadillac CHEVROLET INFINITI KIA NISSAN BUICK GMC

CHRYSLER Jeep DODGE RAM TOYOTA Ford ACURA

DUBLIN CHEVOLET

DUBLIN CADILLAC

DUBLIN BUICK GMC

DUBLIN KIA

DUBLIN NISSAN

DUBLIN INFINITI

FREMONT CHEVROLET

FREMONT CADILLAC

FREMONT BUICK GMC

STEVENS CREEK CHEVROLET

STEVENS CREEK CADILLAC

SEASIDE CHRYSLER DODGE JEEP RAM

SEASIDE CADILLAC

SEASIDE VOLKSWAGEN

CONCORD CHEVROLET

ACURA OF CONCORD

CONCORD NISSAN

LIVERMORE TOYOTA

FREMONT FORD